
Ray Dhaliwal
Real Estate Broker

**Moving to Indiana?**
**Contact Ray Dhaliwal @ 317-993-4987**
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at best Interest Rates.
CENTURY 21 SCHEETZ
RAYD@C21Scheetz.com



Twenty-Fifth Year of Publication
ਨਿਊਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 14; April 6, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਭਾਜਪਾ ਨੇ 'ਅਪਰੇਸ਼ਨ ਲੋਟਸ' ਨਾਲ ਮੁਹਿੰਮ ਭਖਾਈ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦਰਮਿਆਨ ਭਾਜਪਾ ਦਾ 'ਅਪਰੇਸ਼ਨ ਲੋਟਸ' ਇਕ ਵਾਰ ਫਿਰ ਚਰਚਾ ਵਿਚ ਹੈ। ਵਿਰੋਧੀ ਧਿਰਾਂ ਵੱਲੋਂ ਦੋਸ਼ ਲਾਏ ਜਾ ਰਹੇ ਹਨ ਕਿ ਭਗਵਾ ਧਿਰ ਉਨ੍ਹਾਂ ਦੇ ਸੀਨੀਅਰ ਆਗੂਆਂ ਨੂੰ ਫੋਨ ਕਰ ਕੇ ਮੂੰਹ ਮੰਗੇ ਪੈਸੇ ਦੇਣ ਦੇ ਪੇਸ਼ਕਸ਼ ਕਰ ਰਹੀ ਹੈ। ਇਸ ਤੋਂ ਇਲਾਵਾ ਕੇਂਦਰੀ ਏਜੰਸੀਆਂ ਦੇ ਛਾਪਿਆਂ ਦਾ ਡਰਾਵਾ ਵੀ ਦਿੱਤਾ ਜਾ ਰਿਹਾ ਹੈ।

ਜਲੰਧਰ ਤੋਂ ਆਪ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਭਾਜਪਾ ਦਾ ਪੱਲਾ ਫੜਨ ਪਿੱਛੋਂ ਪਾਰਟੀ ਨੇ ਇਹ ਮੁੱਦਾ ਕੌਮੀ ਪੱਧਰ ਉਤੇ ਉਠਾਇਆ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਆਉਂਦੇ ਦਿਨਾਂ ਵਿਚ ਕਾਂਗਰਸ, ਆਪ ਅਤੇ ਅਕਾਲੀ ਦਲ ਦੇ ਕਈ ਵੱਡੇ ਆਗੂ ਭਾਜਪਾ ਵਿਚ ਸ਼ਾਮਲ ਕਰਨ ਦੀ ਤਿਆਰੀ ਹੈ। ਅਜਿਹੇ ਮਾਹੌਲ ਨੇ ਸਿਆਸੀ ਧਿਰਾਂ 'ਚ ਤੌਖਲੇ ਪੈਦਾ ਕਰ ਦਿੱਤੇ ਹਨ। ਆਮ ਆਦਮੀ ਪਾਰਟੀ ਦੀ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ 'ਅਪਰੇਸ਼ਨ ਲੋਟਸ' ਦਾ ਦੋਸ਼ ਲਾਉਂਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਵਿਦੇਸ਼ੀ ਨੰਬਰ ਤੋਂ ਵਟਸਐਪ 'ਤੇ ਕਾਲ ਕਰ ਕੇ ਭਾਜਪਾ 'ਚ ਸ਼ਾਮਲ ਹੋਣ ਲਈ ਪੰਜ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਹੈ।

ਭਾਜਪਾ ਉਤੇ ਇਹ ਦੋਸ਼ ਉਸ ਸਮੇਂ ਲੱਗੇ ਹਨ ਜਦੋਂ ਭਾਰਤ ਵਿਚ ਵਿਰੋਧੀ ਧਿਰਾਂ ਨੂੰ ਦਬਾਉਣ ਦਾ ਮਾਮਲਾ ਕੌਮਾਂਤਰੀ ਪੱਧਰ ਉਤੇ ਭਖਿਆ ਹੋਇਆ ਹੈ। ਚੋਣਾਂ ਸਮੇਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਵਿਚ ਡੱਕਣ ਅਤੇ ਕਾਂਗਰਸ ਦੇ ਖਾਤੇ ਸੀਲ ਕਰਨ ਉਤੇ ਅਮਰੀਕਾ ਸਣੇ ਕਈ ਮੁਲਕਾਂ ਨੇ ਫਿਕਰਮੰਦੀ ਜਤਾਈ ਹੈ ਅਤੇ ਇਸ ਉਤੇ ਨੇੜਿਓਂ ਨਜ਼ਰ ਰੱਖਣ ਦੀ ਗੱਲ ਆਖੀ ਹੈ।




ਪਿਛਲੇ ਕੁਝ ਦਿਨਾਂ ਵਿਚ ਦੋ ਕਾਂਗਰਸੀ ਸੰਸਦ ਮੈਂਬਰ ਰਵਨੀਤ ਬਿੱਟੂ ਅਤੇ ਪ੍ਰਨੀਤ ਕੌਰ ਭਾਜਪਾ 'ਚ ਸ਼ਾਮਲ ਹੋਏ ਸਨ। ਇਸ ਵਾਰ ਪੰਜਾਬ ਵਿਚ ਭਾਜਪਾ ਨੇ ਇਕੱਲਿਆਂ ਹੀ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਜਪਾ ਆਪਣੀ ਲੀਡਰਸ਼ਿਪ ਨੂੰ ਅੱਗੇ ਕਰਨ ਦੀ ਥਾਂ ਦਲ ਬਦਲੂਆਂ ਉਤੇ ਦਾਅ ਖੇਡੇਗੀ। ਭਾਜਪਾ ਨੇ ਪੰਜਾਬ ਵਿਚ ਲੋਕ ਸਭਾ ਚੋਣਾਂ ਲਈ 13 'ਚੋਂ 6 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਹੈ। ਸੂਚੀ ਵਿਚ ਦਲ ਬਦਲੂਆਂ ਨੂੰ ਤਰਜੀਹ ਦਿੱਤੀ ਗਈ ਹੈ। ਇਨ੍ਹਾਂ 6 ਉਮੀਦਵਾਰਾਂ ਵਿਚੋਂ 4 ਜਣਿਆਂ ਨੂੰ ਕੁਝ ਦਿਨ ਪਹਿਲਾਂ ਹੀ ਪਾਰਟੀ ਵਿਚ ਸ਼ਾਮਲ ਕਰਵਾਇਆ ਹੈ। ਭਾਜਪਾ ਨੇ ਪੰਜਾਬ ਵਿਚ ਲੋਕ ਸਭਾ ਹਲਕਾ ਪਟਿਆਲਾ ਤੋਂ ਪ੍ਰਨੀਤ ਕੌਰ, ਗੁਰਦਾਸਪੁਰ ਤੋਂ ਦਿਨੇਸ਼ ਸਿੰਘ ਬੱਬੂ, ਅੰਮ੍ਰਿਤਸਰ ਤੋਂ ਤਰਨਜੀਤ ਸਿੰਘ ਸੰਧੂ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਫਰੀਦਕੋਟ ਤੋਂ ਹੰਸ ਰਾਜ ਹੰਸ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਇਨ੍ਹਾਂ ਵਿਚੋਂ ਪ੍ਰਨੀਤ ਕੌਰ, ਤਰਨਜੀਤ ਸਿੰਘ ਸੰਧੂ, ਸੁਸ਼ੀਲ ਕੁਮਾਰ ਰਿੰਕੂ ਅਤੇ ਰਵਨੀਤ ਸਿੰਘ ਬਿੱਟੂ ਨੂੰ ਭਾਜਪਾ ਨੇ ਕੁਝ ਦਿਨ ਪਹਿਲਾਂ ਹੀ ਪਾਰਟੀ ਵਿਚ ਸ਼ਾਮਲ ਕਰਵਾਇਆ ਹੈ। ਭਾਜਪਾ ਨੇ ਇਨ੍ਹਾਂ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਵਾਉਂਦਿਆਂ ਹੀ ਚੋਣ ਮੈਦਾਨ ਵਿਚ ਬਤੌਰ ਉਮੀਦਵਾਰ ਉਤਾਰ ਦਿੱਤਾ ਹੈ।

ਆਉਂਦੇ ਦਿਨਾਂ ਵਿਚ 'ਮਿਸ਼ਨ ਪੰਜਾਬ' ਤਹਿਤ ਭਾਜਪਾ ਆਪਣੇ ਵਿਰੋਧੀਆਂ ਨੂੰ ਹੋਰ ਹਲੂਣਾ ਦੇ ਸਕਦੀ ਹੈ। ਇਸੇ ਦੌਰਾਨ ਈ.ਡੀ. ਵੱਲੋਂ ਪੰਜਾਬ 'ਚ ਮਾਰਿਆਂ ਛਾਪਿਆਂ ਤੋਂ ਵੀ ਸੰਕੇਤ ਮਿਲਦੇ ਹਨ ਕਿ ਭਾਜਪਾ ਦੇ ਇਰਾਦੇ ਠੀਕ ਨਹੀਂ। ਚਰਚੇ ਹਨ ਕਿ ਕਾਂਗਰਸ 'ਚੋਂ ਕੁਝ ਅਹਿਮ ਆਗੂ ਵੀ ਭਾਜਪਾ 'ਚ ਜਾ ਸਕਦੇ ਹਨ ਤੇ ਇਨ੍ਹਾਂ ਅਫਵਾਹਾਂ ਦੇ ਚੱਲਦਿਆਂ ਸੰਸਦ ਮੈਂਬਰ ਜਸਵੀਰ ਸਿੰਘ ਡਿੰਪਾ ਨੂੰ ਸਪੱਸ਼ਟ ਕਰਨਾ ਪਿਆ ਕਿ ਜੇ ਪਾਰਟੀ ਨੇ ਉਨ੍ਹਾਂ


***(ਬਾਕੀ ਸਫਾ 6 'ਤੇ)***


## 'ਪੰਜਾਬ ਟਾਈਮਜ਼' ਨੂੰ ਮਾਰੀਆ ਪੱਪਸ ਦੀ ਹੱਲਾਸ਼ੇਰੀ





***ਮਾਰੀਆ ਪੱਪਸ ਅਤੇ (ਸੱਜੇ) 'ਪੰਜਾਬ ਟਾਈਮਜ਼' ਨੂੰ ਭੇਜਿਆ ਖਤ।***

**ਸ਼ਿਕਾਗੋ:** ਕੁੱਕ ਕਾਊਂਟੀ ਟ੍ਰੇਯਰਰ ਮਾਰੀਆ ਪੱਪਸ ਨੇ 'ਪੰਜਾਬ ਟਾਈਮਜ਼' ਦੇ ਪ੍ਰਕਾਸ਼ਨ ਦੇ ਸਿਲਵਰ ਜੁਬਲੀ ਵਰ੍ਹੇ ਮੌਕੇ ਹੱਲਾਸ਼ੇਰੀ ਦਿੱਤੀ ਹੈ ਅਤੇ 'ਪੰਜਾਬ ਟਾਈਮਜ਼' ਵੱਲੋਂ ਅਮਰੀਕੀ ਸਮਾਜ ਅਤੇ ਭਾਈਚਾਰੇ ਵਿਚ ਚੇਤਨਾ ਲਈ ਪਾਏ ਜਾ ਰਹੇ ਯੋਗਦਾਨ ਲਈ ਪ੍ਰਸ਼ੰਸਾ ਕੀਤੀ ਹੈ।

'ਪੰਜਾਬ ਟਾਈਮਜ਼' ਦੇ ਸਿਲਵਰ ਜੁਬਲੀ ਵਰ੍ਹੇ ਮੌਕੇ ਭੇਜੇ ਉਚੇਚੇ ਖਤ ਵਿਚ ਮਾਰੀਆ ਪੱਪਸ ਨੇ 25 ਵਰ੍ਹਿਆਂ ਦੀ ਲੰਮੀ ਪਾਰੀ ਦੀ ਵਧਾਈ ਦਿੰਦਿਆਂ ਕਿਹਾ ਹੈ ਕਿ ਜਿਸ ਤਰ੍ਹਾਂ ਦੀ ਜਾਣਕਾਰੀ ਪਰਚੇ ਵਿਚ ਭਾਈਚਾਰੇ ਤੱਕ ਅਪੜਾਈ ਜਾ ਰਹੀ ਹੈ, ਉਹ ਲਾਜਵਾਬ ਹੈ। ਲੋਕਾਂ ਨੂੰ ਆਪਣੇ ਆਲੇ-ਦੁਆਲੇ, ਇਤਿਹਾਸ ਅਤੇ ਵਿਚਾਰਾਂ ਨਾਲ ਜੋੜਨਾ ਬਹੁਤ ਵੱਡਾ ਕੰਮ ਹੁੰਦਾ ਹੈ ਜੋ 'ਪੰਜਾਬ ਟਾਈਮਜ਼' ਬਾਖੂਬੀ ਕਰ ਰਿਹਾ ਹੈ। ਉਨ੍ਹਾਂ 'ਪੰਜਾਬ ਟਾਈਮਜ਼' ਨੂੰ ਪਾਠਕਾਂ ਅਤੇ ਲੇਖਕਾਂ ਤੋਂ ਲਗਾਤਾਰ ਮਿਲ ਰਹੇ ਬੇਅੰਤ ਹੁੰਗਾਰੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸਲ ਵਿਚ ਇਹੀ ਅਜਿਹੇ ਅਦਾਰਿਆਂ ਦੀ ਕਮਾਈ ਹੁੰਦੀ ਹੈ ਜੋ ਸਦਾ ਯਾਦ ਰੱਖੀ ਜਾਵੇਗੀ। ਉਨ੍ਹਾਂ 'ਪੰਜਾਬ ਟਾਈਮਜ਼' ਦੇ ਕਾਰਜ ਨੂੰ ਮਿਸ਼ਨ ਦੀ ਤਸ਼ਬੀਹ ਦਿੱਤੀ। ਉਨ੍ਹਾਂ ਸਿਲਵਰ ਜੁਬਲੀ ਮੌਕੇ ਪਾਠਕਾਂ ਅਤੇ ਸਨੇਹੀਆਂ ਨੂੰ ਵਧਾਈਆਂ ਭੇਜੀਆਂ ਹਨ।



Corporate NMLS# 68434
AZ License# BK-0945946
**Sistar Mortgage**
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
**Residential and Commercial Loans**
Available In Most States!
Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

**CALIFORNIA**
IMMIGRATION SERVICES INC.
Registered & Bonded


ROSY (Kanwal) KAUR
Immigration Consultant
408-422-8585
510-573-3666

| | |
|---|---|
| * FAMILY IMMIGRATION | * ਫੈਮਿਲੀ ਇੰਮੀਗਰੇਸ਼ਨ |
| * GREEN CARD PETITION | * ਗਰੀਨ ਕਾਰਡ ਪਟੀਸ਼ਨ |
| * CITIZENSHIP | * ਸਿਟੀਜ਼ਨਸ਼ਿਪ |
| * BUSINESS/VISITOR VISA | * ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ |
| * RELIGIOUS VISA | * ਰਿਲੀਜੀਅਸ ਵੀਜ਼ਾ |
| * VARIOUS IMMIGRATION SERVICES | * ਕਈ ਹੋਰ ਇੰਮੀਗਰੇਸ਼ਨ ਸੇਵਾਵਾਂ |

Address: Fremont Office: 4127 Bay Street, Unit 5, Fremont CA, 94538
Tracy Office: 1660 W Linne Rd. Unit J24, Tracy CA, 95377
Website: www.caials.com e-mail: rosy@caials.com
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

# ਖਾਲਸਾ ਸਾਜਨਾ ਦਿਵਸ ਵਿਸਾਖੀ ਦੀ


# ਲੱਖ ਲੱਖ ਵਧਾਈ ਹੋਵੇ



ਸ. ਮਹਿੰਦਰ ਸਿੰਘ ਗਿਲਜੀਆਂ ਸੋਨੀਆ ਗਾਂਧੀ ਨਾਲ



ਰਾਹੁਲ ਗਾਂਧੀ ਨਾਲ ਸ. ਮਹਿੰਦਰ ਸਿੰਘ ਗਿਲਜੀਆਂ



## ਮਹਿੰਦਰ ਸਿੰਘ ਗਿਲਜੀਆਂ

ਪ੍ਰਧਾਨ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ

ਫੋਨ: 646-732-5119

# ‘ਪੰਜਾਬ ਟਾਈਮਜ਼ ਨਾਈਟ’ 18 ਮਈ ਨੂੰ

ਸ਼ਿਕਾਗੋ: ਪੰਜਾਬ ਟਾਈਮਜ਼ ਐਡਵਾਈਜ਼ਰੀ ਬੋਰਡ ਦੀ ਮੀਟਿੰਗ ਲੰਘੇ ਦਿਨੀਂ ਪੰਜਾਬ ਟਾਈਮਜ਼ ਦੇ ਦਫਤਰ ਵਿਖੇ ਹੋਈ। ਇਸ ਦੌਰਾਨ ਬੋਰਡ ਦੇ ਮੈਂਬਰ ਸਾਹਿਬਾਨ ਡਾ. ਹਰਗੁਰਮੁਖਪਾਲ ਸਿੰਘ, ਗੁਲਜ਼ਾਰ ਸਿੰਘ ਮੁਲਤਾਨੀ, ਪਰਮਿੰਦਰ ਸਿੰਘ ਵਾਲੀਆ, ਭੁਪਿੰਦਰ ਸਿੰਘ ਧਾਲੀਵਾਲ, ਜਸਕਰਨ ਸਿੰਘ ਧਾਲੀਵਾਲ, ਅੰਮ੍ਰਿਤਪਾਲ ਸਿੰਘ ਸੰਘਾ, ਅਮਰੀਕ ਸਿੰਘ (ਅਮਰ ਕਾਰਪੇਟ), ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਜੈਦੇਵ ਸਿੰਘ ਭੱਠਲ, ਜਸਬੀਰ ਕੌਰ ਢਿੱਲੋਂ ਅਤੇ ਬਲਵਿੰਦਰ (ਨਿੱਕੀ) ਕੌਰ ਸੇਖੋਂ ਵਲੋਂ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ‘ਤੇ ਖੁਸ਼ੀ ਜ਼ਾਹਰ ਕਰਦਿਆਂ ‘ਪੰਜਾਬ ਟਾਈਮਜ਼ ਨਾਈਟ’ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਭਨਾਂ ਵਲੋਂ 18 ਮਈ ਨੂੰ ‘ਪੰਜਾਬ ਟਾਈਮਜ਼ ਨਾਈਟ’ ਕਰਵਾਉਣ ਦਾ ਫੈਸਲਾ ਲਿਆ ਗਿਆ।

ਉੱਘੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਪ੍ਰੋਗਰਾਮ ਦੇ ਮੁੱਖ ਬੁਲਾਰੇ ਵਜੋਂ, ਉੱਘੇ ਸਾਹਿਤਕਾਰ ਸੁਰਿੰਦਰ ਸੁੰਨੜ ਅਤੇ ਕੈਨੇਡਾ ਤੋਂ ਖਾਸ ਤੌਰ ‘ਤੇ ਪੁੱਜ ਰਹੇ ਸੁੱਖੀ ਬਾਠ ਵਿਸ਼ੇਸ਼ ਮਹਿਮਾਨ ਵਜੋਂ ਅਤੇ ਉਘੇ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਨ੍ਹਾਂ ਤੋਂ ਇਲਾਵਾ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਲਖਵਿੰਦਰ ਸਿੰਘ ਜੌਹਲ, ਸੁਖਵਿੰਦਰ ਕੰਬੋਜ, ਸੁਰਿੰਦਰ ਸੋਹਲ, ਗੁਰਬਖਸ਼ ਭੰਡਾਲ, ਕੁਲਵਿੰਦਰ ਸ਼ਾਇਰ, ਰਵਿੰਦਰ ਸਹਿਰਾਅ, ਕੁਲਵਿੰਦਰ ਖਹਿਰਾ, ਭੁਪਿੰਦਰ ਦੂਲੇ, ਹਰਜਿੰਦਰ ਕੰਗ, ਦਵਿੰਦਰ ਗੁਰਾਇਆ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਉੱਘੇ ਨਾਟਕਕਾਰ ਆਤਮਜੀਤ ਸਿੰਘ ਅਤੇ ਹੋਰ ਕਈ ਵਿਦਵਾਨ ਲੇਖਕ ਪ੍ਰੋਗਰਾਮ ਦੀ ਸ਼ਾਨ ਵਧਾਉਣਗੇ।

ਪੰਜਾਬ ਟਾਈਮਜ਼ ਦੀ ਸਾਰੀ ਟੀਮ ਵਲੋਂ ਮਿਡਵੈਸਟ ਦੀਆਂ ਸਾਰੀਆਂ ਧਾਰਮਿਕ ਅਤੇ ਸੱਭਿਆਚਾਰਕ ਸੰਸਥਾਵਾਂ ਅਤੇ ਪੰਜਾਬੀ ਭਾਈਚਾਰੇ ਨੂੰ ਇਸ ਸ਼ਾਮ ਵਿਚ ਵਧ-ਚੜ੍ਹ ਕੇ ਸ਼ਿਰਕਤ ਕਰਨ ਅਤੇ ਇਸ ਨੂੰ ਯਾਦਗਾਰੀ ਬਣਾਉਣ ਦਾ ਸੱਦਾ ਦਿੱਤਾ ਜਾਂਦਾ ਹੈ।

## ਉੱਘੇ ਕਾਲਮ ਨਵੀਸ ਅਤੇ ਸਾਹਿਤਕਾਰ ਸੁੱਚਾ ਸਿੰਘ ਕਲੇਰ ‘ਸਰਵੋਤਮ ਸਾਹਿਤਕਾਰ ਐਵਾਰਡ’ ਨਾਲ ਸਨਮਾਨਿਤ

**ਸਰੀ:** ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬੀਤੇ ਦਿਨੀਂ ਸਾਲਾਨਾ ਸਮਾਗਮ ਸਰੀ ਵਿਖੇ ਕਰਵਾਇਆ ਗਿਆ। ਇਸ ਦੌਰਾਨ ਪੰਜਾਬੀ ਦੇ ਉੱਘੇ ਕਾਲਮ ਨਵੀਸ, ਸਾਹਿਤਕਾਰ ਅਤੇ ਬਹੁਪੱਖੀ ਸ਼ਖ਼ਸੀਅਤ ਸੁੱਚਾ ਸਿੰਘ ਕਲੇਰ ਨੂੰ ਸਾਲ 2024 ਲਈ ‘ਸਰਵੋਤਮ ਸਾਹਿਤਕਾਰ ਐਵਾਰਡ’ ਨਾਲ ਸਨਮਾਨਿਆ ਗਿਆ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਰਾਏ ਅਜ਼ੀਜ਼ ਉਲਾ ਖਾਨ, ਅਜਮੇਰ ਰੋਡੇ ਅਤੇ ਹਰਪਾਲ ਸਿੰਘ ਬਰਾੜ ਨੇ ਕੀਤੀ। ਸਮਾਗਮ ਵਿਚ ਸਾਹਿਤਕ, ਸਮਾਜਿਕ ਅਤੇ ਕਾਰੋਬਾਰੀ ਖੇਤਰ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

ਸੁੱਚਾ ਸਿੰਘ ਕਲੇਰ ਦੇ ਜੀਵਨ, ਉਨ੍ਹਾਂ ਦੇ ਪੱਤਰਕਾਰੀ ਅਤੇ ਸਾਹਿਤਕ ਕਾਰਜ, ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਲਈ ਕੀਤੇ ਉਦਮ ਅਤੇ ਪੰਜਾਬੀ ਭਾਈਚਾਰੇ ਲਈ ਪਾਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਪ੍ਰਸਿੱਧ ਸਾਹਿਤਕਾਰ ਹਰਚੰਦ ਸਿੰਘ ਬਾਗੜੀ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਦੇ ਦਿਲ ‘ਚ ਭਾਈਚਾਰੇ ਦੀ ਪਛਾਣ ਅਤੇ ਤਰੱਕੀ ਲਈ ਅਥਾਹ ਜਜ਼ਬਾ ਹੈ। ਉਨ੍ਹਾਂ ਵੱਲੋਂ ਵੈਨਕੂਵਰ ਵਿਚ ਪੰਜਾਬੀ ਮਾਰਕੀਟ ਦੀ ਸਥਾਪਨਾ ਲਈ ਕੀਤੀ ਘਾਲਣਾ ਅਤੇ ਸੰਘਰਸ਼ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ। ਉਹ ਬਹੁਤ ਨੇਕ ਇਨਸਾਨ ਹਨ। ਭਾਈਚਾਰੇ ਦਾ ਸਹੀ ਮਾਰਗ ਦਰਸ਼ਨ ਕਰਨ ਵਿਚ ਵੀ ਉਨ੍ਹਾਂ ਦਾ ਅਹਿਮ ਯੋਗਦਾਨ ਹੈ।

ਕਾਰੋਬਾਰੀ ਖੇਤਰ ਦੀ ਨਾਮਵਰ ਸ਼ਖ਼ਸੀਅਤ ਬਲਦੇਵ ਸਿੰਘ ਬਾਠ ਨੇ ਸੁੱਚਾ ਸਿੰਘ ਕਲੇਰ ਨੂੰ ਬੇਹੱਦ ਸਬਰ ਸੰਤੋਖ ਅਤੇ ਠਰੰਮੇ ਦਾ ਮਾਲਕ ਦਸਦਿਆਂ ਕਿਹਾ ਕਿ ਉਨ੍ਹਾਂ ਨੇ ਅਨੇਕਾਂ ਕਾਰੋਬਾਰੀਆਂ ਨੂੰ ਯੋਗ ਅਗਵਾਈ ਪ੍ਰਦਾਨ ਕੀਤੀ ਹੈ। ਪ੍ਰਿਤਪਾਲ ਸਿੰਘ ਗਿੱਲ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਵਾਸਤੇ ਲੰਮਾਂ ਸਮਾਂ ਸੇਵਾਵਾਂ ਦਿੱਤੀਆਂ ਹਨ ਅਤੇ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਸਦਕਾ ਅੱਜ ਇਹ ਸਭਾ ਭਾਈਚਾਰੇ ਵਿਚ ਮਾਣਮੱਤਾ ਸਥਾਨ ਹਾਸਲ ਕਰ ਚੁੱਕੀ ਹੈ। ਸੁੱਚਾ ਸਿੰਘ ਕਲੇਰ ਦਾ ਸਨਮਾਨ ਅਸਲ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਹੀ ਸਨਮਾਨ ਹੈ। ਰਾਇ ਅਜ਼ੀਜ਼ ਉਲਾ ਖਾਨ ਨੇ ਸੁੱਚਾ ਸਿੰਘ ਕਲੇਰ ਵੱਲੋਂ ਪੰਜਾਬੀ ਭਾਈਚਾਰੇ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਉਨ੍ਹਾਂ ਨੂੰ



ਸਨਮਾਨਿਤ ਕਰਨ ਦੇ ਕਾਰਜ ਨੂੰ ਸ਼ੁੱਭ ਕਦਮ ਦੱਸਿਆ।

ਸਾਬਕਾ ਮੰਤਰੀ ਦੇਵ ਹੇਅਰ ਨੇ ਸੁੱਚਾ ਸਿੰਘ ਕਲੇਰ ਨਾਲ ਆਪਣੇ ਲੰਮੇਰੇ ਸੰਬੰਧਾਂ ਦੀ ਗੱਲ ਕੀਤੀ ਅਤੇ ਉਨ੍ਹਾਂ ਵੱਲੋਂ ‘ਇੰਡੋ ਕੈਨੇਡੀਅਨ ਟਾਈਮਜ਼’ ਅਖ਼ਬਾਰ ਅਤੇ ਭਾਈਚਾਰੇ ਲਈ ਕੀਤੇ ਕਾਰਜ ਦੀ ਸ਼ਲਾਘਾ ਕੀਤੀ। ਪ੍ਰੋਫੈਸਰ ਕਸ਼ਮੀਰਾ ਸਿੰਘ, ਮੋਤਾ ਸਿੰਘ ਝੀਤਾ, ਸੁਰਜੀਤ ਸਿੰਘ ਮਾਧੋਪੁਰੀ, ਹਰਪਾਲ ਸਿੰਘ ਬਰਾੜ, ਕਵਿੰਦਰ ਚਾਂਦ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ, ਦਰਸ਼ਨ ਸੰਘਾ, ਪਰਮਿੰਦਰ ਸਵੈਚ, ਅਜਮੇਰ ਰੋਡੇ, ਸੁਰਜੀਤ ਕਲਸੀ, ਜੋਗਿੰਦਰ ਸਿੰਘ ਸੁੰਨੜ, ਹਰਜਿੰਦਰ ਸਿੰਘ ਠਾਣਾ, ਪਲਵਿੰਦਰ ਸਿੰਘ ਰੰਧਾਵਾ ਅਤੇ ਹਰਜੀਤ ਕੌਰ ਢਿੱਲੋਂ ਨੇ ਸੁੱਚਾ ਸਿੰਘ ਕਲੇਰ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ’ਤੇ ਚਾਨਣਾ ਪਾਇਆ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਇਸ ਸਰਵੋਤਮ ਅਵਾਰਡ ਲਈ ਉਨ੍ਹਾਂ ਦੀ ਚੋਣ ਕਰਨ ’ਤੇ ਸਭਾ ਅਤੇ ਸ. ਕਲੇਰ ਨੂੰ ਵਧਾਈ ਦਿੱਤੀ। ਅੰਤ ਵਿਚ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰਾਂ ਅਤੇ ਵੱਖ ਵੱਖ ਖੇਤਰਾਂ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਸੁੱਚਾ ਸਿੰਘ ਕਲੇਰ ਨੂੰ ‘ਸਰਵੋਤਮ ਸਾਹਿਤਕਾਰ ਐਵਾਰਡ-2024’ ਪ੍ਰਦਾਨ ਕਰਨ ਦੀ ਰਸਮ ਅਦਾ ਕੀਤੀ।


## ਘਰ ਵਿਚ ਕੰਮ ਕਰਨ ਲਈ ਲੇਡੀ ਹੈਲਪਰ ਦੀ ਲੋੜ ਹੈ

ਟਸਕੋਨ (ਐਰੀਜ਼ੋਨਾ) ਵਿਚ ਘਰ ਵਿਚ ਰਹਿ ਕੇ ਮਦਦ ਕਰਨ ਲਈ ਲੇਡੀ ਹੈਲਪਰ ਦੀ ਲੋੜ ਹੈ। ਆਉਣ-ਜਾਣ ਦੇ ਕਿਰਾਏ ਸਮੇਤ ਵਧੀਆ ਤਨਖਾਹ ਦਿੱਤੀ ਜਾਵੇਗੀ

ਚਾਹਵਾਨ ਸੰਪਰਕ ਕਰਨ:

ਸਰਵਣ ਸਿੰਘ ਬੋਲੀਨਾ

ਫੋਨ: 224-628-5522



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

847-359-0746


# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.

05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com

05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

## ਲੜਕੇ ਦੀ ਲੋੜ ਹੈ

ਯੂ.ਐੱਸ.ਏ. ਸਿਟੀਜ਼ਨ, ਤਲਾਕਸ਼ੁਦਾ ਪੰਜਾਬੀ ਜੱਟ ਸਿੱਖ ਪਰਿਵਾਰਕ ਲੜਕੀ ਉਮਰ 40 ਸਾਲ ਲਈ ਪੰਜਾਬੀ ਜੱਟ ਸਿੱਖ ਪਰਿਵਾਰਕ ਲੜਕੇ ਦੀ ਲੋੜ ਹੈ। ਪਹਿਲੇ ਵਿਆਹ ਵਿਚੋਂ ਤਿੰਨ ਬੱਚੇ, ਜੋ ਆਪਣੇ ਪਿਤਾ ਨਾਲ ਰਹਿੰਦੇ ਹਨ। ਤਲਾਕਸ਼ੁਦਾ ਅਤੇ ਬੱਚਿਆਂ ਵਾਲੇ ਨੂੰ ਪਹਿਲ। ਚਾਹਵਾਨ ਸੰਪਰਕ ਕਰਨ:331-222-8545 or E-mail: raji205425@gmail.com

14-17

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 29 ਸਾਲ, 5'5" ਡੈਂਟਿਸਟ, ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਡਾਕਟਰ ਜਾਂ ਇੰਜਨੀਅਰ ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਚਾਹਵਾਨ 224-361-1456 ‘ਤੇ ਸੰਪਰਕ ਕਰਨ।

11-14

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 31 ਸਾਲ, 5'7" ਆਰ.ਐਨ/ ਬੀ.ਐਸ.ਐਨ. ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਇਲੀਨੋਇ ਤੇ ਨਾਲ ਲੱਗਦੀਆਂ ਸਟੇਟਾਂ ਨੂੰ ਪਹਿਲ। ਚਾਹਵਾਨ 224-361-1456 ‘ਤੇ ਸੰਪਰਕ ਕਰਨ।

11-14

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 ‘ਤੇ ਸੰਪਰਕ ਕਰਨ। ਈਮੇਲ: gurtejsingh1991us@gmail.com

06-09

# ਸ਼੍ਰੋਮਣੀ ਕਮੇਟੀ ਦੇ ਬਜਟ ਵਿਚ 14 ਫੀਸਦੀ ਵਾਧਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਸਾਲ 2024-25 ਲਈ 12 ਅਰਬ 60 ਕਰੋੜ 97 ਲੱਖ 38 ਹਜ਼ਾਰ ਰੁਪਏ ਦਾ ਬਜਟ ਪਾਸ ਕੀਤਾ ਗਿਆ ਜੋ ਪਿਛਲੇ ਸਾਲ ਨਾਲੋਂ 14 ਫੀਸਦੀ ਵੱਧ ਹੈ। ਸ਼੍ਰੋਮਣੀ ਕਮੇਟੀ ਦਫਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਇਸ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਬਜਟ ਪੇਸ਼ ਕੀਤਾ ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ 'ਚ ਪ੍ਰਵਾਨਗੀ ਦਿੱਤੀ।



ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੌਜੂਦ ਸਨ।

ਇਸ ਮੌਕੇ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਬਜਟ ਪੇਸ਼ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਵਾਰ ਪਿਛਲੇ ਬਜਟ ਨਾਲੋਂ 14 ਫੀਸਦੀ ਵਾਧਾ ਕੀਤਾ ਗਿਆ ਹੈ। ਅਗਲੇ ਵਿੱਤੀ ਵਰ੍ਹੇ ਦੌਰਾਨ ਧਰਮ ਪ੍ਰਚਾਰ, ਵਿੱਦਿਆ ਅਤੇ ਪੰਥਕ ਕਾਰਜਾਂ ਨੂੰ ਪਹਿਲ ਦਿੱਤੀ ਜਾਵੇਗੀ। ਇਸ ਵਾਰ ਧਰਮ ਪ੍ਰਚਾਰ ਕਮੇਟੀ ਦਾ ਬਜਟ 100 ਕਰੋੜ ਰੁਪਏ ਦਾ ਹੈ। ਧਰਮ ਪ੍ਰਚਾਰ ਕਮੇਟੀ ਰਾਹੀਂ ਕੀਤੇ ਜਾਣ ਵਾਲੇ ਕਾਰਜਾਂ ਲਈ ਰੱਖੀ ਰਾਸ਼ੀ ਦੇ ਵੇਰਵੇ ਦਿੰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਦੀ ਸਤੰਬਰ ਮਹੀਨੇ ਵਿਚ ਆ ਰਹੀ ਸ਼ਤਾਬਦੀ ਮਨਾਉਣ ਲਈ 3 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਵਾਰ ਗੁਰਦੁਆਰਿਆਂ ਦਾ ਬਜਟ 994 ਕਰੋੜ 51 ਲੱਖ ਰੁਪਏ ਹੈ। ਇਸੇ ਤਰ੍ਹਾਂ ਵਿਦਿਅਕ ਅਦਾਰਿਆਂ ਦਾ ਬਜਟ 251 ਕਰੋੜ, ਪ੍ਰਿੰਟਿੰਗ ਪ੍ਰੈੱਸਾਂ ਦਾ ਬਜਟ 7 ਕਰੋੜ 94 ਲੱਖ ਰੁਪਏ ਪਾਸ ਕੀਤਾ ਗਿਆ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਇਸ ਵਾਰ ਦੇ ਬਜਟ ਵਿਚ ਵਿਦਿਅਕ ਅਦਾਰਿਆਂ ਦੇ ਸਟਾਫ਼ ਦੀਆਂ ਬਕਾਇਆ ਤਨਖ਼ਾਹਾਂ ਵਾਸਤੇ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿਦਿਅਕ ਫੰਡ, ਸਪੋਰਟਸ ਫੰਡ ਆਦਿ ਲਈ ਆਪਣੀ ਆਮਦਨ ਭਾਵੇਂ ਘੱਟ ਹੈ ਪਰ ਇਨ੍ਹਾਂ ਲਈ ਗੁਰਦੁਆਰਿਆਂ ਤੋਂ ਦਸਵੰਧ ਅਤੇ ਲੋੜੀਂਦੇ ਫੰਡ ਲਏ ਜਾਂਦੇ ਹਨ। ਇਸ ਵਾਰ ਇਨ੍ਹਾਂ ਫੰਡਾਂ ਰਾਹੀਂ ਪੰਥਕ ਕਾਰਜਾਂ ਲਈ ਵਿਸ਼ੇਸ਼ ਰਾਸ਼ੀ ਰੱਖੀ ਗਈ ਹੈ, ਜਿਨ੍ਹਾਂ ਵਿਚ ਬੰਦੀ ਸਿੰਘਾਂ ਦੇ ਕੇਸਾਂ ਦੀ ਪੈਰਵਾਈ ਲਈ 60 ਲੱਖ ਰੁਪਏ, ਬੰਦੀ ਸਿੰਘਾਂ ਨੂੰ ਮਾਸਿਕ ਸਨਮਾਨ ਭੱਤੇ ਲਈ 40 ਲੱਖ ਰੁਪਏ, ਧਰਮੀ ਫ਼ੌਜੀਆਂ ਲਈ 40 ਲੱਖ ਰੁਪਏ, ਸਿਕਲੀਗਰ ਤੇ ਵਣਜਾਰੇ ਸਿੱਖਾਂ ਲਈ 60 ਲੱਖ ਰੁਪਏ, ਗਰੀਬ ਵਿਦਿਆਰਥੀਆਂ ਲਈ 50 ਲੱਖ, ਕੁਦਰਤੀ ਆਫ਼ਤਾਂ ਲਈ 1 ਕਰੋੜ 48 ਲੱਖ, ਖੇਡਾਂ ਲਈ 3 ਕਰੋੜ 6 ਲੱਖ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਬਾਬਾ ਬੁੱਢਾ ਚੈਰੀਟੇਬਲ ਹਸਪਤਾਲ ਬੀੜ ਸਾਹਿਬ ਲਈ 1 ਕਰੋੜ 5 ਲੱਖ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਥਿਤ ਸ਼ਾਹਬਾਦ ਮਾਰਕੰਡਾ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਕੀਤੇ ਗਏ ਮੀਰੀ ਪੀਰੀ ਮੈਡੀਕਲ ਕਾਲਜ ਲਈ ਵੀ 8 ਕਰੋੜ ਰੁਪਏ ਰੱਖੇ ਗਏ ਹਨ। ਭਾਵੇਂ ਇਸ ਮੈਡੀਕਲ ਕਾਲਜ ਨੂੰ ਮੁਕੰਮਲ ਰੂਪ ਵਿੱਚ ਅਰੰਭਣ ਨੂੰ ਕਈ ਮੁਸ਼ਕਲਾਂ ਦਰਪੇਸ਼ ਰਹੀਆਂ ਹਨ ਪਰ ਆਸ ਹੈ ਕਿ ਇਹ ਅਗਲੇ ਸਾਲ ਤੋਂ ਬਕਾਇਦਾ ਸ਼ੁਰੂ ਕੀਤਾ ਜਾ ਸਕੇਗਾ। ਐਡਵੋਕੇਟ ਧਾਮੀ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਦਾ ਬਜਟ ਪੰਜਾਬ ਸਰਕਾਰ ਦੇ ਮੁਕਾਬਲੇ ਇਕ ਫੀਸਦੀ ਤੋਂ ਘੱਟ ਹੈ ਜਦਕਿ ਕੁਝ ਲੋਕਾਂ ਵੱਲੋਂ ਜਾਣਬੁਝ ਕੇ ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਬਜਟ ਪੰਜਾਬ ਸਰਕਾਰ ਤੋਂ ਵੱਧ ਹੈ।

### ਸਿੱਖ ਮਸਲਿਆਂ ਸਬੰਧੀ ਅਹਿਮ ਮਤੇ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਇਜਲਾਸ ਵਿਚ ਸਿੱਖ ਮਾਮਲਿਆਂ ਨਾਲ ਸਬੰਧਤ ਕਈ ਅਹਿਮ ਮਤੇ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਮਤੇ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਚ ਡੇਰਾ ਸਿਰਸਾ ਮੁਖੀ ਰਾਮ ਰਹੀਮ ਤੇ ਹਨੀਪ੍ਰੀਤ ਦੀ ਗ੍ਰਿਫ਼ਤਾਰੀ ਦੀ ਮੰਗ, ਸਿੱਖ ਗੁਰਧਾਮਾਂ ਦੇ ਪ੍ਰਬੰਧਾਂ 'ਚ ਸਰਕਾਰੀ ਦਖਲਅੰਦਾਜ਼ੀ ਦਾ ਵਿਰੋਧ ਸਣੇ ਪਾਕਿਸਤਾਨ ਅੰਦਰ ਸਿੱਖ ਵਿਰਾਸਤਾਂ ਦੀ ਸੰਭਾਲ ਵੱਲ ਧਿਆਨ ਦੇਣ ਆਦਿ ਦੇ ਮਤੇ ਸ਼ਾਮਲ ਹਨ। ਬੰਦੀ ਸਿੰਘਾਂ ਸਬੰਧੀ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਦੀ ਰਿਹਾਈ ਪ੍ਰਤੀ ਸਰਕਾਰਾਂ ਸੁਹਿਰਦ ਨਹੀਂ ਹਨ ਤੇ ਆਪਣੇ ਹੀ ਦੇਸ਼ ਅੰਦਰ ਸਿੱਖਾਂ ਨਾਲ ਵੱਡਾ ਵਿਤਕਰਾ ਕੀਤਾ ਜਾ ਰਿਹਾ ਹੈ।

## ਭੁਪਿੰਦਰ ਸਿੰਘ ਅਸੰਧ ਬਣੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ

**ਕੁਰੂਕਸ਼ੇਤਰ:** ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਜਨਰਲ ਇਜਲਾਸ ਵਿਚ ਨਵੀਂ ਕਾਰਜਕਾਰਨੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਕਮੇਟੀ ਦੇ ਸਪੋਕਸਮੈਨ ਕਵਲਜੀਤ ਸਿੰਘ ਅਜਰਾਣਾ ਨੇ ਮੀਡੀਆ ਨੂੰ ਦੱਸਿਆ ਕਿ ਜਨਰਲ ਇਜਲਾਸ ਵੱਲੋਂ ਕਰਵਾਈ ਚੋਣ ਵਿਚ ਪ੍ਰਧਾਨ ਭੁਪਿੰਦਰ ਸਿੰਘ ਅਸੰਧ, ਸੀਨੀਅਰ ਮੀਤ ਪ੍ਰਧਾਨ ਸੁਦਰਸ਼ਨ ਸਿੰਘ ਸਹਿਗਲ ਅੰਬਾਲਾ, ਜੂਨੀਅਰ ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ ਅਜਰਾਣਾ, ਜਨਰਲ ਸਕੱਤਰ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ, ਮੀਤ ਸਕੱਤਰ ਗੁਲਾਬ ਸਿੰਘ ਮੂਨਕ ਕਰਨਾਲ, ਛੇ ਕਾਰਜਕਰਨੀ ਮੈਂਬਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਿਰਸਾ, ਜਗਸੀਰ ਸਿੰਘ ਮਾਂਗੇਆਣਾ ਸਿਰਸਾ, ਤਰਵਿੰਦਰਪਾਲ ਸਿੰਘ ਅੰਬਾਲਾ, ਤਜਿੰਦਰਪਾਲ ਸਿੰਘ ਨਾਰਨੌਲ ਮਹਿੰਦਰਗੜ੍ਹ, ਬਲਦੇਵ ਸਿੰਘ ਖ਼ਾਲਸਾ ਟੋਹਾਣਾ, ਸੁਦਰਸ਼ਨ ਸਿੰਘ ਗਾਵੜੀ ਭਿਵਾਨੀ ਚੁਣੇ ਗਏ ਹਨ।

ਉਨ੍ਹਾਂ ਦੱਸਿਆ ਕਿ ਜਨਰਲ ਸਕੱਤਰ ਅਹੁਦੇ ਲਈ ਆਰਜ਼ੀ ਜਨਰਲ ਸਕੱਤਰ ਰਮਨੀਕ ਸਿੰਘ ਮਾਨ ਅਤੇ ਸੁਖਵਿੰਦਰ ਸਿੰਘ ਮੰਡੇਬਰ 2 ਉਮੀਦਵਾਰ ਖੜ੍ਹੇ ਹੋਏ ਸਨ, ਜਿਨ੍ਹਾਂ ਵਿਚੋਂ ਮਾਨ ਨੂੰ 4 ਵੋਟਾਂ ਅਤੇ ਮੰਡੇਬਰ ਨੂੰ 27 ਵੋਟਾਂ ਪਈਆਂ।

## ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਸੇਵਾ ਸ਼ੁਰੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨੇ ਦੀ ਧੁਆਈ ਦੀ ਸੇਵਾ ਸ਼ੁਰੂ ਹੋ ਗਈ ਹੈ ਜੋ 10 ਤੋਂ 15 ਦਿਨ ਚੱਲੇਗੀ। ਇਥੇ ਲੱਗੇ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਸੇਵਾ ਹਰ ਸਾਲ ਹੀ ਕੀਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਇਹ ਸੇਵਾ ਯੂਕੇ ਦੀ ਜਥੇਬੰਦੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਹੈ ਜੋ ਹਰ ਸਾਲ ਕੁਦਰਤੀ ਢੰਗ ਨਾਲ ਹਰਿਮੰਦਰ ਸਾਹਿਬ 'ਤੇ ਲੱਗੇ ਸਮੁੱਚੇ ਸੋਨੇ ਦੀ ਧੁਆਈ ਦੀ ਸੇਵਾ ਕਰਦੇ ਹਨ। ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਅਰਦਾਸ ਤੋਂ ਬਾਅਦ ਸੋਨੇ ਦੀ ਧੁਆਈ ਦੀ ਸੇਵਾ ਸ਼ੁਰੂ ਕੀਤੀ ਗਈ ਜੋ 10 ਤੋਂ 15 ਦਿਨ ਚੱਲੇਗੀ। ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਦੀ ਸੰਗਤ ਵੱਲੋਂ ਕੀਤੀ ਜਾ ਰਹੀ ਹੈ।



ਜਥੇਬੰਦੀ ਦੇ ਮੁਖੀ ਭਾਈ ਮਹਿੰਦਰ ਸਿੰਘ ਯੂਕੇ ਦੀ ਨਿਗਰਾਨੀ ਹੇਠ ਇਹ ਸੇਵਾ ਸ਼ੁਰੂ ਕੀਤੀ ਗਈ ਹੈ। ਇਸ ਦੀ ਧੁਆਈ ਲਈ ਰੀਠੇ ਦੇ ਪਾਣੀ ਦੀ ਵਰਤੋਂ ਕਰਦਿਆਂ ਪੱਤਰਿਆਂ 'ਤੇ ਜੰਮੀ ਮੈਲ ਨੂੰ ਉਤਾਰਿਆ ਜਾਂਦਾ ਹੈ ਅਤੇ ਮੁੜ ਸੋਨੇ ਨੂੰ ਚਮਕਾਇਆ ਜਾਂਦਾ ਹੈ। ਰੀਠੇ ਦੇ ਪਾਣੀ ਦੀ ਵਰਤੋਂ ਨਾਲ ਸੋਨੇ ਦੇ ਪੱਤਰਿਆਂ 'ਤੇ ਕੋਈ ਮਾੜਾ ਅਸਰ ਨਹੀਂ ਹੁੰਦਾ। ਦੱਸਣਯੋਗ ਹੈ ਕਿ ਪ੍ਰਦੂਸ਼ਣ ਕਾਰਨ ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨੇ ਦੇ ਪੱਤਰਿਆਂ ਦਾ ਰੰਗ ਬਦਲਣ ਲੱਗ ਪਿਆ ਸੀ ਜਿਸ ਤੋਂ ਬਾਅਦ ਹਰ ਸਾਲ ਹੀ ਇਨ੍ਹਾਂ ਪੱਤਰਿਆਂ ਦੀ ਧੁਆਈ ਕੀਤੀ ਜਾਂਦੀ ਹੈ। ਇਹ ਸੇਵਾ ਸ੍ਰੀ ਹਰਿਮੰਦਰ ਸਾਹਿਬ ਦੇ ਉਪਰਲੀ ਮੰਜ਼ਿਲ 'ਤੇ ਬਣੇ ਗੁੰਬਦਾਂ ਤੋਂ ਸ਼ੁਰੂ ਕੀਤੀ ਗਈ ਹੈ ਅਤੇ ਉਸ ਤੋਂ ਬਾਅਦ ਹੇਠਾਂ ਕੰਧਾਂ 'ਤੇ ਲੱਗੇ ਪੱਤਰੇ ਆਦਿ ਵੀ ਧੋਤੇ ਜਾਣਗੇ। ਇਸ ਸੇਵਾ ਲਈ ਯੂਕੇ ਤੋਂ ਜਥੇਬੰਦੀ ਦੇ 50 ਤੋਂ ਵਧੇਰੇ ਮੈਂਬਰ ਆਏ ਹੋਏ ਹਨ।

## ਪਾਠਕ੍ਰਮ 'ਚ ਤਾਲਿਬਾਨ ਨਾਲ ਸਿੱਖੀ ਸਰੂਪ ਵਾਲੀਆਂ ਤਸਵੀਰਾਂ ਲਾਉਣ ਦਾ ਵਿਰੋਧ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਯੂਕੇ ਦੇ ਕੁਝ ਸਕੂਲਾਂ ਵਿਚ ਧਾਰਮਿਕ ਸਿੱਖਿਆ ਦੇ ਪਾਠਕ੍ਰਮ 'ਚ ਤਾਲਿਬਾਨ ਵਰਗੇ ਕੱਟੜਵਾਦੀ ਸਮੂਹਾਂ ਨਾਲ ਸਿੱਖੀ ਸਰੂਪ ਵਾਲੀਆਂ ਤਸਵੀਰਾਂ ਲਾਉਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਆਖਿਆ ਕਿ ਸਿੱਖ 'ਸਰਬੱਤ ਦਾ ਭਲਾ' ਮੰਗਣ ਵਾਲੀ ਪੂਰੀ ਦੁਨੀਆ ਤੋਂ ਵੱਖਰੀ ਅਤੇ ਨਿਆਰੀ ਕੌਮ ਹੈ ਅਤੇ ਤਾਲਿਬਾਨ ਵਰਗੀਆਂ ਕੱਟੜਵਾਦੀ ਤਾਕਤਾਂ ਦੇ ਨਾਲ ਸਿੱਖਾਂ ਦਾ ਕੋਈ ਸਬੰਧ ਨਹੀਂ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਯੂਕੇ ਦੇ ਸਿੱਖਾਂ ਵੱਲੋਂ ਵਿਰੋਧ ਜਤਾਏ ਜਾਣ ਤੋਂ ਬਾਅਦ 'ਓਏਸਿਸ ਕਮਿਊਨਿਟੀ ਲਰਨਿੰਗ ਮਲਟੀ ਅਕੈਡਮੀ ਟਰੱਸਟ' ਵੱਲੋਂ ਆਪਣੀ ਗ਼ਲਤੀ ਲਈ ਮੁਆਫ਼ੀ ਮੰਗਦਿਆਂ ਉਕਤ ਤਸਵੀਰ ਨੂੰ ਹਟਾਉਣ ਦਾ ਦਾਅਵਾ ਕੀਤਾ ਗਿਆ ਹੈ ਪਰ ਕਿਸੇ ਭੁਲੇਖੇ ਜਾਂ ਗ਼ਲਤੀ ਨਾਲ ਵੀ ਕਿਸੇ ਸਿੱਖ ਦੀ ਤਸਵੀਰ ਨੂੰ ਉਨ੍ਹਾਂ ਸਮੂਹਾਂ ਦੇ ਨਾਲ ਦਿਖਾਇਆ ਜਾਣਾ ਮੰਦਭਾਗੀ ਕਾਰਵਾਈ ਹੀ ਨਹੀਂ, ਸਗੋਂ ਇਹ ਸਿੱਖ ਵਿਰੋਧੀ ਕੱਟੜਤਾ ਦਾ ਖ਼ਤਰਨਾਕ ਰੂਪ ਹੈ। ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਦੇਸ਼ ਦਿੱਤਾ ਹੈ ਕਿ ਉਹ ਭਾਰਤ ਸਥਿਤ ਯੂਕੇ ਦੂਤਾਵਾਸ ਅਤੇ ਭਾਰਤੀ ਵਿਦੇਸ਼ ਮੰਤਰਾਲੇ ਰਾਹੀਂ ਯੂਕੇ ਸਰਕਾਰ ਨਾਲ ਸੰਪਰਕ ਕਰ ਕੇ ਸਿੱਖਾਂ ਦੀਆਂ ਭਾਵਨਾਵਾਂ ਦੀ ਗੱਲ ਕਰਨ ਤਾਂ ਜੋ ਭਵਿੱਖ ਵਿਚ ਸਿੱਖਾਂ ਨੂੰ ਕਿਸੇ ਵੀ ਇਹੋ ਜਿਹੀ ਕਾਰਵਾਈ ਦੇ ਨਾਲ ਨਾ ਜੋੜਿਆ ਜਾਵੇ।

## ਚੀਫ ਖਾਲਸਾ ਦੀਵਾਨ ਵੱਲੋਂ 169.83 ਕਰੋੜ ਦਾ ਬਜਟ ਪਾਸ

**ਅੰਮ੍ਰਿਤਸਰ:** ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਸਕੂਲਾਂ, ਕਾਲਜਾਂ ਤੇ ਹੋਰ ਅਦਾਰਿਆਂ ਦਾ ਸਾਲ 2024-25 ਲਈ 169 ਕਰੋੜ 83 ਲੱਖ ਦਾ ਬਜਟ ਜਨਰਲ ਹਾਊਸ ਦੇ ਇਜਲਾਸ ਵਿਚ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਦੀ ਪ੍ਰਧਾਨਗੀ ਹੇਠ ਪਾਸ ਕੀਤਾ ਗਿਆ। ਡਾ. ਇੰਦਰਬੀਰ ਸਿੰਘ ਨੇ ਬਜਟ ਦੇ ਤੱਥਾਂ 'ਤੇ ਰੋਸ਼ਨੀ ਪਾਉਂਦਿਆਂ ਦੱਸਿਆ ਕਿ ਪਿਛਲੇ ਵਿੱਤੀ ਸਾਲ ਨਾਲੋਂ ਇਸ ਸਾਲ ਚੀਫ਼ ਖ਼ਾਲਸਾ ਦੀਵਾਨ ਦੀ ਕੁੱਲ ਆਮਦਨ ਵਿਚ 21 ਫ਼ੀਸਦ ਵਾਧਾ ਹੋਇਆ ਹੈ ਜਦਕਿ ਖਰਚਿਆਂ ਦੇ ਹਿਸਾਬ ਨਾਲ ਇਸ ਸਾਲ ਪਿਛਲੇ ਸਾਲ ਨਾਲੋਂ 26 ਫ਼ੀਸਦ ਤੱਕ ਦਾ ਵਾਧਾ ਹੋਣ ਦਾ ਅਨੁਮਾਨ ਹੈ।



ਚੀਫ਼ ਖ਼ਾਲਸਾ ਦੀਵਾਨ ਦੀ ਫਾਇਨਾਂਸ ਕਮੇਟੀ ਦੇ ਮੈਂਬਰ ਅਤੇ ਚਾਰਟਰਡ ਅਕਾਊਂਟੈਂਟ ਇੰਸਟੀਚਿਊਟ ਅੰਮ੍ਰਿਤਸਰ ਦੇ ਸਾਬਕਾ ਚੇਅਰਪਰਸਨ ਅਜੀਤਪਾਲ ਸਿੰਘ ਅਨੇਜਾ ਨੇ ਦੱਸਿਆ ਕਿ ਚੀਫ਼ ਖ਼ਾਲਸਾ ਦੀਵਾਨ ਦੇ ਬਜਟ 2024-2025 ਵਿੱਚ ਨਵੀਆਂ ਜ਼ਮੀਨਾਂ ਖਰੀਦਣ ਅਤੇ ਉਸਾਰੀ ਲਈ ਰੱਖੀ ਰਕਮ ਤਹਿਤ ਦੀਵਾਨ ਅਧੀਨ ਚੱਲ ਰਹੇ ਅਟਾਰੀ ਸਕੂਲ ਦੀ ਨਵੀਂ ਜ਼ਮੀਨ ਉਪਰ ਉਸਾਰੀ ਕਰਨ ਲਈ 3 ਕਰੋੜ 50 ਲੱਖ, ਬਟਾਲਾ ਵਿਚ ਸਕੂਲ ਲਈ ਖਰੀਦੀ ਜ਼ਮੀਨ 'ਤੇ ਉਸਾਰੀ ਕਰਨ ਲਈ 5 ਕਰੋੜ, ਆਸਲ ਉਤਾੜ ਵਿਚ ਨਵੀਂ ਜ਼ਮੀਨ ਖਰੀਦਣ ਲਈ 90 ਲੱਖ, ਜਲੰਧਰ ਵਿਚ ਸਕੂਲ ਲਈ ਨਵੀਂ ਜ਼ਮੀਨ ਖਰੀਦਣ ਹਿੱਤ 3 ਕਰੋੜ, ਹੁਸ਼ਿਆਰਪੁਰ 'ਚ ਜ਼ਮੀਨ ਖਰੀਦਣ ਲਈ 1 ਕਰੋੜ 30 ਲੱਖ, ਸੁਰ ਸਿੰਘ ਵਿਚ ਨਵੀਂ ਜ਼ਮੀਨ ਖਰੀਦਣ ਲਈ 1 ਕਰੋੜ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਸੀਕੇਡੀ ਸਕੂਲਾਂ ਦੇ ਵਿਸਥਾਰ ਹਿੱਤ ਉਸਾਰੀ ਸਬੰਧੀ ਵੀ 16 ਕਰੋੜ ਰੁਪਏ ਰੱਖੇ ਗਏ ਹਨ। ਧਰਮ ਪ੍ਰਚਾਰ ਲਈ ਵਿਸ਼ੇਸ਼ ਤੌਰ 'ਤੇ 1 ਕਰੋੜ ਅਤੇ ਆਦਰਸ਼ ਸਕੂਲਾਂ ਲਈ 1 ਕਰੋੜ 37 ਲੱਖ ਰੁਪਏ ਖਰਚ ਕਰਨ ਦੀ ਯੋਜਨਾ ਹੈ। ਮੀਟਿੰਗ ਦੌਰਾਨ ਦੀਵਾਨ ਅਹੁਦੇਦਾਰਾਂ ਵੱਲੋਂ ਸੀਕੇਡੀ ਚੈਰੀਟੇਬਲ ਸਕੂਲਾਂ ਦੇ ਵਿਦਿਆਰਥੀਆਂ ਲਈ ਮੁਫ਼ਤ ਕਿਤਾਬਾਂ, ਵਰਦੀਆਂ ਅਤੇ ਹੋਰਨਾਂ ਖਰਚਿਆਂ ਲਈ ਇਕ ਚੈਰੀਟੇਬਲ ਟਰੱਸਟ ਦੀ ਸ਼ੁਰੂਆਤ ਕੀਤੀ ਗਈ।

## ਗੁਰਬਾਣੀ ਕੀਰਤਨ ਪ੍ਰਸਾਰਨ ਦੇ ਵੇਲੇ ਇਸ਼ਤਿਹਾਰ ਲਾਉਣ 'ਤੇ ਇਤਰਾਜ਼

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦੇ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਵੇਲੇ ਇਕ ਡਿਜੀਟਲ ਟੀਵੀ ਵੱਲੋਂ ਆਪਣੀਆਂ ਮਸ਼ਹੂਰੀਆਂ ਚਲਾਏ ਜਾਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਖ਼ਿਲਾਫ਼ ਇਤਰਾਜ਼ ਜਤਾਇਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਸ਼ਰਧਾਲੂਆਂ ਵੱਲੋਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਕਿ ਜਦੋਂ ਗੁਰਬਾਣੀ ਦੇ ਕੀਰਤਨ ਦਾ ਪ੍ਰਸਾਰਨ ਸੈਟੇਲਾਈਟ ਚੈਨਲ ਚੱਲ ਰਿਹਾ ਹੁੰਦਾ ਹੈ ਅਤੇ ਇਸ ਸਬੰਧੀ ਅਨੁਵਾਦ ਦਿਖਾਇਆ ਜਾ ਰਿਹਾ ਹੁੰਦਾ ਹੈ ਤਾਂ ਇਸ ਉਪਰ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ ਜਿਸ ਕਾਰਨ ਕੀਰਤਨ ਦਾ ਅੰਗਰੇਜ਼ੀ ਵਿਚ ਹੋ ਰਿਹਾ ਅਨੁਵਾਦ ਦਿਖਾਈ ਨਹੀਂ ਦਿੰਦਾ ਅਤੇ ਇਸ ਵਿਚ ਰੁਕਾਵਟ ਖੜ੍ਹੀ ਹੋ ਰਹੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਡਿਜੀਟਲ ਟੀਵੀ ਚੈਨਲ ਨੂੰ ਸ਼ਿਕਾਇਤ ਕੀਤੀ ਗਈ ਹੈ ਪਰ ਅਜੇ ਤੱਕ ਮਾਮਲੇ ਦਾ ਕੋਈ ਹੱਲ ਨਹੀਂ ਹੋਇਆ। ਸ਼੍ਰੋਮਣੀ ਕਮੇਟੀ ਦੇ ਇਕ ਅਧਿਕਾਰੀ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਇਸ ਸਬੰਧੀ ਚੱਲ ਰਹੇ ਸਕਰੋਲ ਨੂੰ ਤੁਰਤ ਹਟਾਉਣ ਲਈ ਨੋਟਿਸ ਦਿੱਤਾ ਗਿਆ ਜਿਸ ਦੇ ਜਵਾਬ ਵਿਚ ਡਿਜੀਟਲ ਟੀਵੀ ਪ੍ਰਬੰਧਕਾਂ ਨੇ ਕਿਹਾ ਕਿ ਇਹ ਵਪਾਰਕ ਤੌਰ 'ਤੇ ਸਮਝੌਤਾ ਹੈ ਅਤੇ ਇਸ ਨੂੰ ਸਮੇਂ ਤੋਂ ਪਹਿਲਾਂ ਬੰਦ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਧਾਰਮਿਕ ਭਾਵਨਾਵਾਂ ਦੇ ਮੱਦੇਨਜ਼ਰ ਤੇ ਸ਼ਰਧਾਲੂਆਂ ਖਾਸ ਕਰਕੇ ਬਜ਼ੁਰਗਾਂ ਅਤੇ ਵਿਦੇਸ਼ੀਆਂ ਦੇ ਇਤਰਾਜ਼ ਉਤੇ ਚੱਲਦਿਆਂ ਸ਼੍ਰੋਮਣੀ ਕਮੇਟੀ ਕੋਲ ਹੁਣ ਡਿਜੀਟਲ ਟੀਵੀ ਪ੍ਰਬੰਧਕਾਂ ਦੇ ਖਿਲਾਫ ਕਾਨੂੰਨੀ ਚਾਰਾਜੋਈ ਕਰਨ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਬਚਿਆ ਹੈ।



# ਅਕਾਲੀ-ਭਾਜਪਾ ਲਈ ਸਿਆਸੀ ਧਰਾਤਲ 'ਤੇ ਪ੍ਰੀਖਿਆ ਦੀ ਘੜੀ

**ਚੰਡੀਗੜ੍ਹ:** ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਖਤਮ ਹੋਣ ਉਤੇ ਨਵੇਂ ਸਮੀਕਰਨ ਬਣਨ ਲੱਗੇ ਹਨ। ਅਕਾਲੀ ਦਲ ਅਤੇ ਭਾਜਪਾ ਲਈ ਲੋਕ ਸਭਾ ਚੋਣਾਂ 'ਚ ਗੱਠਜੋੜ ਤੋਂ ਕਿਨਾਰਾ ਸਿਆਸੀ ਧਰਾਤਲ 'ਤੇ ਪ੍ਰੀਖਿਆ ਤੋਂ ਘੱਟ ਨਹੀਂ ਹੋਵੇਗਾ। ਭਾਜਪਾ 1998 ਤੋਂ ਬਾਅਦ ਪਹਿਲੀ ਵਾਰ ਪੰਜਾਬ ਦੇ ਚੋਣ ਪਿੜ 'ਚ ਇਕੱਲੀ ਨਿੱਤਰੇਗੀ। ਬੇਸ਼ੱਕ ਸੰਗਰੂਰ ਅਤੇ ਜਲੰਧਰ ਦੀ ਜ਼ਿਮਨੀ ਚੋਣ ਵਿਚ ਅਕਾਲੀ ਦਲ ਤੇ ਭਾਜਪਾ ਦੇ ਰਾਹ ਵੱਖੋ ਵੱਖਰੇ ਸਨ ਪਰ ਭਾਜਪਾ ਹੁਣ 13 ਲੋਕ ਸਭਾ ਸੀਟਾਂ 'ਤੇ ਆਪਣਾ ਸਿਆਸੀ ਵਜ਼ਨ ਤੋਲੇਗੀ।

ਗੱਠਜੋੜ ਮੌਕੇ ਅਕਾਲੀ ਦਲ 10 ਸੀਟਾਂ ਤੋਂ ਚੋਣ ਲੜਦਾ ਰਿਹਾ ਹੈ ਜਦੋਂ ਕਿ ਭਾਜਪਾ ਦੇ ਹਿੱਸੇ ਤਿੰਨ ਸੀਟਾਂ ਰਹੀਆਂ ਹਨ। ਵੇਰਵਿਆਂ ਅਨੁਸਾਰ ਸਾਲ 2019 ਅਤੇ 2014 ਦੀਆਂ ਚੋਣਾਂ ਵਿਚ ਭਾਜਪਾ ਨੇ ਦੋ-ਦੋ ਸੀਟਾਂ ਜਿੱਤੀਆਂ ਸਨ ਜਦੋਂ ਕਿ ਅਕਾਲੀ ਦਲ ਨੇ ਕ੍ਰਮਵਾਰ 2 ਅਤੇ ਚਾਰ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ।

ਪੰਜਾਬ ਵਿਚ ਸਿੱਖ ਭਾਈਚਾਰੇ ਦੀ ਕਰੀਬ 57 ਫੀਸਦੀ ਅਤੇ ਹਿੰਦੂ ਭਾਈਚਾਰੇ ਦੀ 38 ਫੀਸਦੀ ਆਬਾਦੀ ਹੈ। ਭਾਜਪਾ ਦੀ ਕੋਸ਼ਿਸ਼ ਰਹੇਗੀ ਕਿ



ਸ਼ਹਿਰੀ ਵੋਟਾਂ ਅਤੇ ਖਾਸ ਕਰਕੇ ਹਿੰਦੂ ਭਾਈਚਾਰੇ ਦੇ ਵੋਟ ਬੈਂਕ ਨੂੰ ਇੱਕੋ ਮੋਰੀ ਕੱਢਿਆ ਜਾਵੇ। ਭਾਜਪਾ ਨੂੰ ਰਾਮ ਮੰਦਰ ਅਤੇ ਨਰਿੰਦਰ ਮੋਦੀ ਦੀਆਂ ਵਿਕਾਸ ਪ੍ਰਾਪਤੀਆਂ 'ਤੇ ਭਰੋਸਾ ਹੈ। ਸਿਆਸੀ ਮਾਹਿਰਾਂ ਅਨੁਸਾਰ ਭਾਜਪਾ ਵੱਲੋਂ ਹੁਣ 13 ਲੋਕ ਸਭਾ ਹਲਕਿਆਂ ਵਿਚ ਸ਼ਹਿਰੀ ਵੋਟ 'ਤੇ ਧਿਆਨ ਕੇਂਦਰਤ ਕੀਤਾ ਜਾਵੇਗਾ ਅਤੇ ਭਾਜਪਾ ਨੂੰ ਆਸ ਹੈ ਕਿ ਉਹ ਆਪਣੇ ਵੋਟ ਬੈਂਕ ਵਿਚ ਵਾਧਾ ਕਰਨ ਵਿਚ ਕਾਮਯਾਬ ਹੋਵੇਗੀ।

ਦੂਜੇ ਪਾਸੇ ਅਕਾਲੀ ਦਲ ਨੇ ਆਪਣੇ ਟਕਸਾਲੀ ਵੋਟ ਬੈਂਕ ਉਤੇ ਧਿਆਨ ਕੇਂਦਰਿਤ ਕਰਨਾ ਹੈ ਤਾਂ ਜੋ ਕਿਸਾਨਾਂ ਅਤੇ ਪੰਥਕ ਵੋਟ ਬੈਂਕ ਨੂੰ ਮੁੜ ਅਕਾਲੀ ਦਲ ਨਾਲ ਜੋੜਿਆ ਜਾ ਸਕੇ। ਦੇਖਣਾ ਹੋਵੇਗਾ ਕਿ ਕਿਸਾਨੀ ਅਕਾਲੀ ਦਲ ਦਾ ਕਿੰਨਾ ਕੁ ਸਾਥ ਦਿੰਦੀ ਹੈ। ਖੇਤੀ ਕਾਨੂੰਨਾਂ ਨੂੰ ਲੈ ਕੇ ਅਕਾਲੀ ਦਲ ਨੇ ਜਦੋਂ ਐਨ.ਡੀ.ਏ. ਨਾਲੋਂ ਨਾਤਾ ਤੋੜਿਆ ਸੀ ਤਾਂ ਉਸ ਮਗਰੋਂ ਹੋਈਆਂ ਅਸੈਂਬਲੀ ਚੋਣਾਂ (2002) ਵਿਚ ਅਕਾਲੀ ਦਲ ਨੂੰ ਸਿਰਫ ਤਿੰਨ ਸੀਟਾਂ ਹਾਸਲ ਹੋਈਆਂ ਸਨ। ਸਿਆਸੀ ਹਲਕੇ ਆਖਦੇ ਹਨ ਕਿ ਅਕਾਲੀ ਦਲ ਲਈ ਆਪਣੇ ਟਕਸਾਲੀ ਵੋਟ ਬੈਂਕ ਦਾ ਭਰੋਸਾ ਜਿੱਤਣਾ ਮੁੱਖ ਚੁਣੌਤੀ ਹੋਵੇਗਾ। ਅਕਾਲੀ ਦਲ ਨੂੰ ਰੰਜ ਹੈ ਕਿ ਭਾਜਪਾ ਹਕੂਮਤ ਨੇ ਬੰਦੀ ਸਿੰਘਾਂ ਅਤੇ ਕਿਸਾਨੀ ਮੁੱਦਿਆਂ 'ਤੇ ਨਰਮਗੋਸ਼ਾ ਨਹੀਂ ਦਿਖਾਇਆ ਹੈ। ਉਧਰ, ਭਾਜਪਾ ਇਸ ਗੱਲੋਂ ਧਰਵਾਸ ਵਿਚ ਹੈ ਕਿ ਅਕਾਲੀ ਦਲ ਦੇ ਮੌਜੂਦਾ ਪੈਂਤੜਿਆਂ ਕਰਕੇ ਭਾਜਪਾ ਦਾ ਸ਼ਹਿਰੀ ਵੋਟ ਬੈਂਕ ਦਾ ਧਰੁਵੀਕਰਨ ਹੋ ਜਾਵੇਗਾ। ਗੱਠਜੋੜ ਨਾ ਹੋਣ ਕਾਰਨ ਕਈ ਉਮੀਦਵਾਰਾਂ ਦੇ ਸੁਫਨਿਆਂ 'ਤੇ ਪਾਣੀ ਫਿਰ ਸਕਦਾ ਹੈ।

## ਭਾਜਪਾ ਨਾਲ ਸਾਂਝ ਪੰਜਾਬ ਦੇ ਮੁੱਦਿਆਂ ਕਰਕੇ ਤੋੜੀ: ਸੁਖਬੀਰ

**ਮਾਨਸਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਜਪਾ ਨਾਲ ਸਮਝੌਤਾ ਸੀਟਾਂ ਦੀ ਵੰਡ ਨੂੰ ਲੈ ਕੇ ਬਿਲਕੁਲ ਨਹੀਂ ਟੁੱਟਿਆ, ਸਗੋਂ ਅਕਾਲੀ ਦਲ ਨੇ ਆਪਣੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਭਾਰਤੀ ਜਨਤਾ ਪਾਰਟੀ ਤੋਂ ਦੂਰੀ ਬਣਾਉਣ ਦਾ ਸਰਬਸੰਮਤੀ ਨਾਲ ਫੈਸਲਾ ਲਿਆ ਸੀ। ਉਨ੍ਹਾਂ ਕਿਹਾ ਕਿ ਭਾਵੇਂ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਸਣੇ ਹੋਰ ਆਗੂ ਸੀਟਾਂ ਦੀ ਵੰਡ ਨੂੰ ਲੈ ਕੇ ਗੱਠਜੋੜ ਸਿਰੇ ਨਾ ਚੜ੍ਹਨ ਦੀ ਗੱਲ ਕਰ ਰਹੇ ਹਨ, ਪਰ ਸੱਚਾਈ ਇਹ ਹੈ ਕਿ ਅਕਾਲੀ ਦਲ ਨੇ ਲੰਬੇ ਸਮੇਂ ਤੋਂ ਚਲੀ ਆ ਰਹੀ ਭਾਜਪਾ ਨਾਲ ਸਾਂਝ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਹੀ ਤੋੜੀ ਹੈ।

# 'ਆਪ' ਦੇ ਸਾਬਕਾ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਕਾਂਗਰਸ 'ਚ ਸ਼ਾਮਲ



**ਨਵੀਂ ਦਿੱਲੀ:** ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਸ੍ਰੀ ਗਾਂਧੀ ਦੇ ਪਟਿਆਲਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਵਜੋਂ ਚੋਣ ਲੜਨ ਦੀ ਸੰਭਾਵਨਾ ਹੈ।

ਧਰਮਵੀਰ ਗਾਂਧੀ ਨੇ 2014 ਵਿਚ 'ਆਪ' ਉਮੀਦਵਾਰ ਵਜੋਂ ਪਟਿਆਲਾ ਤੋਂ ਪ੍ਰਨੀਤ ਕੌਰ ਨੂੰ ਹਰਾ ਕੇ ਲੋਕ ਸਭਾ ਚੋਣ ਜਿੱਤੀ ਸੀ। ਗਾਂਧੀ, ਜੋ ਪੇਸ਼ੇ ਤੋਂ ਡਾਕਟਰ ਹਨ, ਨੇ ਬਾਅਦ ਵਿਚ 2016 ਵਿਚ 'ਆਪ' ਨੂੰ ਛੱਡ ਦਿੱਤਾ ਅਤੇ ਆਪਣੀ ਨਵਾਂ ਪੰਜਾਬ ਪਾਰਟੀ ਬਣਾਈ, ਜਿਸ ਨੂੰ ਉਨ੍ਹਾਂ ਕਾਂਗਰਸ ਵਿਚ ਰਲਾ ਦਿੱਤਾ। ਪਾਰਟੀ ਆਗੂ ਪਵਨ ਖੇੜਾ ਅਤੇ ਏ.ਆਈ.ਸੀ.ਸੀ. ਪੰਜਾਬ ਦੇ ਇੰਚਾਰਜ ਦੇਵੇਂਦਰ ਯਾਦਵ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਗਾਂਧੀ ਦਾ ਪਾਰਟੀ ਵਿਚ ਸਵਾਗਤ ਕੀਤਾ। ਬਾਜਵਾ ਨੇ ਕਿਹਾ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਕਾਂਗਰਸ ਹੋਰ ਮਜ਼ਬੂਤ ਹੋਵੇਗੀ ਜਦਕਿ ਵੜਿੰਗ ਨੇ ਕਿਹਾ ਕਿ ਅਜਿਹੇ ਪੇਸ਼ੇਵਰਾਂ ਦਾ ਪਾਰਟੀ 'ਚ ਸ਼ਾਮਲ ਹੋਣਾ ਚੰਗਾ ਸੰਕੇਤ ਹੈ।

# ਦਲ ਬਦਲ ਕੇ ਸਿਆਸੀ ਮੌਜਾਂ ਮਾਣਨ ਦਾ ਰੁਝਾਨ ਵਧਿਆ

**ਚੰਡੀਗੜ੍ਹ:** ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਹਮੇਸ਼ਾ ਦਲ ਬਦਲ ਕੇ ਸਿਆਸੀ ਮੌਜਾਂ ਮਾਣਦੇ ਰਹੇ ਹਨ। ਇਸ ਵਾਰ ਲੋਕ ਸਭਾ ਚੋਣਾਂ ਵਿਚ ਵੀ ਦਲ ਬਦਲ ਕੇ ਉਮੀਦਵਾਰ ਵੱਡੀ ਗਿਣਤੀ ਵਿਚ ਚੋਣ ਮੈਦਾਨ ਵਿਚ ਹਨ ਜਿਨ੍ਹਾਂ ਵਿਚ ਰਵਨੀਤ ਬਿੱਟੂ, ਸੁਸ਼ੀਲ ਕੁਮਾਰ ਰਿੰਕੂ, ਮਹਾਰਾਣੀ ਪ੍ਰਨੀਤ ਕੌਰ ਆਦਿ ਪ੍ਰਮੁੱਖ ਤੌਰ 'ਤੇ ਸ਼ਾਮਲ ਹਨ।

1996 ਵਿਚ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ ਅਤੇ ਉਹ 10 ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਤੋਂ ਤੋੜ ਵਿਛੋੜਾ ਕਰਨ ਵਾਲੇ ਮਨਪ੍ਰੀਤ ਸਿੰਘ ਬਾਦਲ ਵੀ ਕਾਂਗਰਸ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਪੰਜ ਸਾਲ ਤੱਕ ਖਜ਼ਾਨਾ ਮੰਤਰੀ ਦੀ ਕੁਰਸੀ ਸਾਂਭਣ ਦਾ ਮੌਕਾ ਮਿਲਿਆ। ਬਲਵੰਤ ਸਿੰਘ ਰਾਮੂਵਾਲੀਆ ਵੀ ਦੋ ਵਾਰ ਦਲਬਦਲੀ ਕਰ ਕੇ ਪੰਜਾਬ ਅਤੇ ਯੂਪੀ ਵਿਚ ਮੰਤਰੀ ਦੀ ਕੁਰਸੀ ਹਾਸਲ ਕਰਨ ਵਿਚ ਸਫ਼ਲ ਰਹੇ।

ਭਾਜਪਾ ਵੱਲੋਂ ਫਰੀਦਕੋਟ ਤੋਂ ਲੋਕ ਸਭਾ ਦੇ ਉਮੀਦਵਾਰ ਐਲਾਨੇ ਗਏ ਹੰਸ ਰਾਜ ਹੰਸ ਨੇ ਪਹਿਲਾਂ ਅਕਾਲੀ ਦਲ ਅਤੇ ਫਿਰ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਦੀ ਬਾਂਹ ਫੜੀ ਅਤੇ ਸਿੱਧਾ ਲੋਕ ਸਭਾ ਵਿਚ ਪਹੁੰਚ ਗਏ। ਉਹ ਇਕ ਵਾਰ ਫਿਰ ਫਰੀਦਕੋਟ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿਚ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਕਾਂਗਰਸ ਦੇ ਵੱਡੇ ਆਗੂ ਸਨ ਪਰ ਉਨ੍ਹਾਂ ਨੇ 2014 ਵਿਚ ਆਮ ਆਦਮੀ ਪਾਰਟੀ ਵਿਚ ਜਾਣ ਦਾ ਫੈਸਲਾ ਕਰ ਲਿਆ। ਉਹ ਦੋ ਵਾਰ ਵਿਧਾਇਕ ਚੁਣੇ ਗਏ ਅਤੇ ਇਸ ਵੇਲੇ ਉਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਹਨ।



ਸੁਖਪਾਲ ਸਿੰਘ ਖਹਿਰਾ ਨੂੰ ਵੀ ਕਾਂਗਰਸ ਛੱਡਣੀ ਕਾਫ਼ੀ ਰਾਸ ਆਈ ਅਤੇ ਉਹ ਪਹਿਲੀ ਵਾਰ ਪੰਜਾਬ ਵਿਚ ਵਿਰੋਧੀ ਧਿਰ ਦੇ ਨੇਤਾ ਬਣੇ। ਗੁਰਪ੍ਰੀਤ ਸਿੰਘ ਕਾਂਗੜ ਨੇ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਦਾ ਪੱਲਾ ਫੜਿਆ ਸੀ ਅਤੇ ਉਹ ਪੰਜਾਬ ਵਿਚ ਬਿਜਲੀ ਮੰਤਰੀ ਬਣਨ ਵਿਚ ਸਫ਼ਲ ਹੋ ਗਏ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਹਿਲੀ ਚੋਣ ਕਾਂਗਰਸ ਦੀ ਟਿਕਟ ਤੋਂ ਲੜੀ ਸੀ ਪਰ ਬਾਅਦ ਵਿਚ ਉਹ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਗਏ ਅਤੇ ਲਗਾਤਾਰ ਪੰਜ ਵਾਰ ਮੁੱਖ ਮੰਤਰੀ ਬਣਨ ਦਾ ਮਾਣ ਹਾਸਲ ਕੀਤਾ। ਫਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਵੀ ਅਕਾਲੀ ਦਲ ਵਿਚੋਂ ਆਏ ਹਨ ਅਤੇ ਕਾਂਗਰਸ ਵਿਚ ਆਉਣ ਤੋਂ ਬਾਅਦ ਉਨ੍ਹਾਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਅਤੇ ਬਾਅਦ ਵਿਚ ਮਾਰਕਫੈੱਡ ਪੰਜਾਬ ਦੇ ਚੇਅਰਮੈਨ ਵੀ ਬਣੇ।

# 'ਆਪ' ਵਿਧਾਇਕਾ ਨੂੰ ਭਾਜਪਾ 'ਚ ਸ਼ਾਮਲ ਹੋਣ ਲਈ ਪੰਜ ਕਰੋੜ ਦੀ ਪੇਸ਼ਕਸ਼

**ਲੁਧਿਆਣਾ:** ਹਲਕਾ ਦੱਖਣੀ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ 'ਅਪਰੇਸ਼ਨ ਲੋਟਸ' ਦਾ ਦੋਸ਼ ਲਾਉਂਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਵਿਦੇਸ਼ੀ ਨੰਬਰ ਤੋਂ ਵਟਸਐਪ 'ਤੇ ਕਾਲ ਕਰ ਕੇ ਭਾਜਪਾ 'ਚ ਸ਼ਾਮਲ ਹੋਣ ਲਈ ਪੰਜ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਫੋਨ ਕਰਨ ਵਾਲੇ ਨੇ ਉਨ੍ਹਾਂ ਨੂੰ ਲੋਕ ਸਭਾ ਦੀ ਸੀਟ ਦੇਣ ਅਤੇ ਚੋਣ ਲੜਨ ਦੀ ਇੱਛਾ ਨਾ ਹੋਣ 'ਤੇ ਪਾਰਟੀ 'ਚ ਵੱਡੇ ਅਹੁਦੇ ਬਾਰੇ ਵੀ ਪੇਸ਼ਕਸ਼ ਕੀਤੀ। ਵਿਧਾਇਕ ਛੀਨਾ ਨੇ ਕਿਹਾ ਕਿ ਹਾਲਾਂਕਿ ਉਨ੍ਹਾਂ ਨੇ ਅਜਿਹਾ ਕਰਨ ਤੋਂ ਮਨ੍ਹਾਂ ਕਰ ਦਿੱਤਾ ਪਰ ਫਿਰ ਵੀ ਫੋਨ ਕਰਨ ਵਾਲੇ ਉਨ੍ਹਾਂ ਦੀ ਪੇਸ਼ਕਸ਼ 'ਤੇ ਵਿਚਾਰ ਕਰਨ ਲਈ ਆਖਿਆ। ਜਿਸ ਤੋਂ ਬਾਅਦ ਉਨ੍ਹਾਂ ਨੇ ਮਾਮਲਾ ਸਰਕਾਰ ਦੇ ਧਿਆਨ 'ਚ ਲਿਆਂਦਾ ਅਤੇ ਪੁਲਿਸ ਨੂੰ ਇਸ ਦੀ ਸ਼ਿਕਾਇਤ ਕੀਤੀ ਗਈ। ਪੁਲਿਸ ਨੇ ਅਣਪਛਾਤੇ ਕਾਲਰ ਖ਼ਿਲਾਫ਼ ਧਾਰਾ 171-ਈ (ਰਿਸ਼ਵਤ) ਅਤੇ 1951 ਦੀ ਧਾਰਾ 123 (1) ਦੇ ਤਹਿਤ ਕੇਸ ਦਰਜ ਕਰ ਲਿਆ ਹੈ।

ਰਾਜਿੰਦਰਪਾਲ ਕੌਰ ਛੀਨਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਇਕ ਅਣਪਛਾਤੇ ਨੰਬਰ ਤੋਂ ਵਟਸਐਪ ਕਾਲੀ ਆਈ। ਕਾਲਰ ਨੇ ਖ਼ੁਦ ਨੂੰ ਦਿੱਲੀ ਦਾ ਸੇਵਕ ਸਿੰਘ ਦੱਸਿਆ ਅਤੇ ਉਨ੍ਹਾਂ ਭਾਜਪਾ 'ਚ ਸ਼ਾਮਲ ਹੋਣ ਬਦਲੇ 5 ਕਰੋੜ ਰੁਪਏ ਅਤੇ ਲੋਕ ਸਭਾ ਟਿਕਟ ਜਾਂ ਪਾਰਟੀ 'ਚ ਵੱਡੇ ਅਹੁਦੇ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਕਿਹਾ, "ਹਾਲਾਂਕਿ ਮੈਂ ਇਸ ਮੁੱਦੇ 'ਤੇ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਉਕਤ ਵਿਅਕਤੀ ਨੇ ਮੈਨੂੰ ਵਿਚਾਰ ਕਰਨ ਲਈ ਆਖਦਿਆਂ ਕਿਹਾ ਕਿ ਉਹ ਫਿਰ ਫੋਨ ਕਰੇਗਾ। ਉਸ ਨੇ ਪਾਰਟੀ ਦੀ ਲੀਡਰਸ਼ਿਪ ਨਾ ਗੱਲ ਕਰਵਾਉਣ ਦਾ ਭਰੋਸਾ ਵੀ ਦਿੱਤਾ। ਜਦੋਂ ਉਸ ਨੂੰ ਦਿੱਲੀ 'ਚ ਮਿਲਣ ਦੀ ਥਾਂ ਬਾਰੇ ਪੁੱਛਿਆ ਤਾਂ ਉਸ ਨੇ ਪੇਸ਼ਕਸ਼ ਬਾਰੇ ਹਾਮੀ ਭਰਨ 'ਤੇ ਹੀ ਲੋਕੇਸ਼ਨ ਭੇਜਣ ਦੀ ਗੱਲ ਆਖਦਿਆਂ ਫੋਨ ਕੱਟ ਦਿੱਤਾ।" 'ਆਪ' ਵਿਧਾਇਕਾ ਮੁਤਾਬਕ ਉਕਤ ਵਿਅਕਤੀ ਨੇ ਉਨ੍ਹਾਂ ਨੂੰ ਲਗਾਤਾਰ ਚਾਰ ਦਿਨ ਫੋਨ ਕੀਤਾ ਅਤੇ ਹਾਈਕਮਾਨ ਨਾਲ ਮੀਟਿੰਗ ਲਈ ਦਿੱਲੀ ਆਉਣ ਲਈ ਆਖਿਆ। ਛੀਨਾ ਨੇ ਦੱਸਿਆ ਕਿ ਹਾਲਾਂਕਿ ਉਸ ਵਿਅਕਤੀ ਨੇ ਕਿਸੇ ਨੇਤਾ ਦਾ ਨਾਮ ਨਹੀਂ ਲਿਆ।

# ਪੰਜਾਬ ਵਿਚ ਪੁਰਸ਼ਾਂ ਮੁਕਾਬਲੇ ਔਰਤਾਂ ਨੂੰ ਨਾਮਾਤਰ ਸਿਆਸੀ ਨੁਮਾਇੰਦਗੀ

**ਚੰਡੀਗੜ੍ਹ:** ਪੰਜਾਬ ਦੇ ਸਾਰੇ ਲੋਕ ਸਭਾ ਹਲਕਿਆਂ ਵਿਚੋਂ ਪੁਰਸ਼ਾਂ ਮੁਕਾਬਲੇ ਔਰਤਾਂ ਦਾ ਪੰਜਾਹ ਫੀਸਦੀ ਅਨੁਪਾਤ ਅਜੇ ਪੂਰਾ ਨਹੀਂ ਹੋਇਆ। ਸਿਆਸੀ ਧਿਰਾਂ ਨੇ ਉਮੀਦਵਾਰਾਂ ਦੀ ਚੋਣ ਸਮੇਂ ਵੀ ਇਸ ਅਨੁਪਾਤ ਨੂੰ ਅਣਗੌਲਿਆ ਕੀਤਾ ਹੈ। ਹੁਣ ਤੱਕ ਸਭ ਤੋਂ ਵੱਧ ਮਹਿਲਾ ਸੰਸਦ ਮੈਂਬਰ ਬਣਾਉਣ ਵਿਚ ਹਲਕਾ ਬਠਿੰਡਾ, ਪਟਿਆਲਾ ਤੇ ਗੁਰਦਾਸਪੁਰ ਮੋਹਰੀ ਰਹੇ ਹਨ ਜਦੋਂ ਕਿ ਹਲਕਾ ਫਰੀਦਕੋਟ, ਸੰਗਰੂਰ, ਰੋਪੜ, ਲੁਧਿਆਣਾ, ਹੁਸ਼ਿਆਰਪੁਰ ਮਹਿਲਾ ਸੰਸਦ ਮੈਂਬਰ ਬਣਾਉਣ ਲਈ ਇਕ-ਇਕ ਵਾਰ ਹੀ ਮੌਕਾ ਦੇ ਸਕੇ।


ਅੱਧੇ ਹਲਕੇ ਤਾਂ ਅਜਿਹੇ ਹਨ ਜਿੱਥੋਂ ਅਜੇ ਤੱਕ ਮਹਿਲਾ ਉਮੀਦਵਾਰ ਚੋਣ ਮੈਦਾਨ 'ਚ ਉਤਾਰੇ ਹੀ ਨਹੀਂ ਗਏ। ਜ਼ਿਕਰਯੋਗ ਹੈ ਕਿ 'ਮਹਿਲਾ ਸ਼ਕਤੀਕਰਨ' ਵਜੋਂ ਸਭ ਤੋਂ ਵੱਧ ਵਾਰ ਸੰਸਦ ਮੈਂਬਰ ਵਜੋਂ ਜਿੱਤਣਾ ਗੁਰਦਾਸਪੁਰ ਦੇ ਬੀਬੀ ਸੁਖਬੰਸ ਕੌਰ ਭਿੰਡਰ (ਕਾਂਗਰਸ) ਦੇ ਹਿੱਸੇ ਆਇਆ ਹੈ। ਇਸੇ ਤਰ੍ਹਾਂ ਪ੍ਰਨੀਤ ਕੌਰ (ਕਾਂਗਰਸ) ਪਟਿਆਲਾ ਹਲਕੇ ਤੋਂ ਚਾਰ ਵਾਰ ਅਤੇ ਹਰਸਿਮਰਤ ਕੌਰ ਬਾਦਲ (ਅਕਾਲੀ ਦਲ) ਬਠਿੰਡਾ ਹਲਕੇ ਤੋਂ ਤਿੰਨ ਵਾਰ ਸੰਸਦ ਮੈਂਬਰ ਬਣੇ।



ਦੱਸਣਯੋਗ ਹੈ ਕਿ ਪੰਜਾਬ ਅੰਦਰ ਹੁਣ ਤੱਕ 17ਵੀਂ ਲੋਕ ਸਭਾ ਚੋਣ ਵੇਲੇ ਹੀ ਸਭ ਤੋਂ ਵੱਧ 25 ਮਹਿਲਾ ਉਮੀਦਵਾਰ ਮੈਦਾਨ 'ਚ ਉਤਾਰੇ ਗਏ ਸਨ। ਇਸ ਵਾਰੀ ਵੀ ਪੰਜਾਬ ਅੰਦਰ ਆਮ ਆਦਮੀ ਪਾਰਟੀ ਵਲੋਂ ਆਈ ਪਹਿਲੀ ਸੂਚੀ ਵਿਚ ਮਹਿਲਾ ਉਮੀਦਵਾਰ ਦਾ ਨਾਂ ਸ਼ਾਮਲ ਨਹੀਂ ਹੈ ਅਤੇ ਦੂਜੀਆਂ ਧਿਰਾਂ ਦੇ ਸੰਭਾਵੀ ਉਮੀਦਵਾਰਾਂ ਵਿਚ ਵੀ ਔਰਤਾਂ ਦਾ ਲੋੜੀਂਦਾ ਅਨੁਪਾਤ ਨਜ਼ਰ ਨਹੀਂ ਆ ਰਿਹਾ। ਉਕਤ ਮਹਿਲਾ ਸੰਸਦ ਮੈਂਬਰਾਂ ਤੋਂ ਇਲਾਵਾ ਪਟਿਆਲਾ ਤੋਂ ਮਹਾਰਾਣੀ ਮੋਹਿੰਦਰ ਕੌਰ (ਕਾਂਗਰਸ) ਤੇ ਸੰਗਰੂਰ ਤੋਂ ਨਿਰਲੇਪ ਕੌਰ (ਅਕਾਲੀ ਦਲ) 1967 'ਚ, ਫਰੀਦਕੋਟ ਤੋਂ ਗੁਰਬਿੰਦਰ ਕੌਰ ਬਰਾੜ (ਕਾਂਗਰਸ) 1980 'ਚ, ਰੋਪੜ ਤੋਂ ਬਿਮਲ ਕੌਰ ਖਾਲਸਾ, ਲੁਧਿਆਣਾ ਤੋਂ ਰਾਜਿੰਦਰ ਕੌਰ ਬੁਲਾਰਾ ਦੋਵੇਂ ਅਕਾਲੀ ਦਲ (ਅ) ਵੱਲੋਂ 1989 'ਚ, ਰੋਪੜ ਤੋਂ ਸਤਵਿੰਦਰ ਕੌਰ (ਅਕਾਲੀ ਦਲ) 1998 'ਚ ਲੋਕ ਸਭਾ ਚੋਣ ਜਿੱਤੇ ਸਨ। ਅਕਾਲੀ ਦਲ ਦੇ ਪਰਮਜੀਤ ਕੌਰ ਗੁਲਸ਼ਨ 2004 'ਚ ਬਠਿੰਡਾ ਤੋਂ ਅਤੇ 2009 'ਚ ਫਰੀਦਕੋਟ ਤੋਂ ਸੰਸਦ ਮੈਂਬਰ ਬਣੇ ਸਨ। ਇਸੇ ਤਰ੍ਹਾਂ ਕਾਂਗਰਸ ਦੇ ਬੀਬੀ ਸੰਤੋਸ਼ ਚੌਧਰੀ ਹੁਸ਼ਿਆਰਪੁਰ ਅਤੇ ਪੁਰਾਣੇ ਲੋਕ ਸਭਾ ਹਲਕਾ ਫਿਲੌਰ ਤੋਂ ਸੰਸਦ ਮੈਂਬਰ ਬਣ ਚੁੱਕੇ ਹਨ। ਮਹਿਲਾ ਸਸ਼ਕਤੀਕਰਨ ਮੰਚ ਪੰਜਾਬ ਦੇ ਪ੍ਰਧਾਨ ਬੀਬੀ ਹਰਬੰਸ ਕੌਰ ਨੇ ਸਿਆਸੀ ਧਿਰਾਂ ਵਿਚ ਪੁਰਸ਼ਾਂ ਮੁਕਾਬਲੇ ਮਹਿਲਾ ਉਮੀਦਵਾਰਾਂ ਨੂੰ ਬਣਦੇ ਮੌਕੇ ਨਾ ਮਿਲਣ ਨੂੰ ਮੰਦਭਾਗਾ ਆਖਿਆ।

# ਤਰਨਜੀਤ ਸੰਧੂ ਵੱਲੋਂ ਭਾਰਤ-ਪਾਕਿ ਵਿਚਾਲੇ ਦੁਵੱਲਾ ਵਪਾਰ ਮੁੜ ਖੋਲ੍ਹਣ ਦਾ ਵਾਅਦਾ

**ਅੰਮ੍ਰਿਤਸਰ:** ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੇ ਆਪਣੇ ਸਿਆਸੀ ਪ੍ਰਚਾਰ ਦੀ ਸ਼ੁਰੂਆਤ ਕਰਦਿਆਂ ਦਾਅਵਾ ਕੀਤਾ ਕਿ ਉਹ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਦੇ ਸਰਵਪੱਖੀ ਵਿਕਾਸ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਆਰਥਿਕ ਪੈਕੇਜ ਲਿਆਉਣਗੇ। ਆਪਣੇ ਏਜੰਡੇ ਬਾਰੇ ਸਪੱਸ਼ਟ ਕਰਦਿਆਂ ਸੰਯੁਕਤ ਰਾਜ ਵਿਚ ਸਾਬਕਾ ਰਾਜਦੂਤ ਰਹੇ ਸ੍ਰੀ ਸੰਧੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹ ਅਟਾਰੀ-ਵਾਹਗਾ ਸਰਹੱਦ ਦੇ ਜ਼ਮੀਨੀ ਮਾਰਗ ਰਾਹੀਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਦੁਵੱਲੇ ਵਪਾਰ ਨੂੰ ਮੁੜ ਖੋਲ੍ਹਣ, ਫਿਰੋਜ਼ਪੁਰ-ਮੱਖੂ ਰੇਲ ਲਿੰਕ ਦੇ ਕੰਮ ਨੂੰ ਤੇਜ਼ ਕਰਨ ਅਤੇ ਹਵਾਈ ਜਹਾਜ਼ ਰਾਹੀਂ ਕਾਰਗੋ ਸਹੂਲਤ ਨੂੰ ਵਧਾਉਣ ਵਰਗੇ



ਤਰਜੀਹੀ ਕੰਮ ਕਰਵਾਉਣਗੇ।

ਸਾਬਕਾ ਰਾਜਦੂਤ ਨੇ ਕਿਹਾ ਕਿ ਅੰਮ੍ਰਿਤਸਰ ਦਾ ਆਰਥਿਕ ਵਿਕਾਸ ਦੱਖਣ ਪੂਰਬੀ ਏਸ਼ੀਆ ਅਤੇ ਇੰਡੋ-ਪੈਸੀਫਿਕ ਖਾੜੀ ਦੇ ਦੇਸ਼ਾਂ ਜਿਵੇਂ ਯੂ.ਏ.ਈ ਅਤੇ ਸਾਊਦੀ ਅਰਬ ਨਾਲ ਬਿਹਤਰ ਸੰਪਰਕ ਨਾਲ ਕਈ ਗੁਣਾ ਵਧ ਸਕਦਾ ਹੈ, ਜਿਸ ਨਾਲ ਸਥਾਨਕ ਘਰੇਲੂ ਉਤਪਾਦਾਂ ਦੇ ਨਿਰਯਾਤ, ਉਦਯੋਗ, ਸੈਰ-ਸਪਾਟਾ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿਚ ਵਿਕਾਸ ਦੇ ਦਰਵਾਜ਼ੇ ਖੁੱਲ੍ਹਣਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੰਗੀ ਸੋਚ ਤੇ ਪਹੁੰਚ ਕਾਰਨ ਅਮਰੀਕਾ-ਭਾਰਤ ਸਬੰਧ ਸਾਂਝੇਦਾਰੀ ਵਿਚ ਤਬਦੀਲ ਹੋ ਗਏ ਹਨ। ਮਾਈਕ੍ਰੋਸਾਫਟ, ਮਾਈਕ੍ਰੋਨ, ਸੈੱਲ ਫੋਨ ਵਰਗੀਆਂ ਕਈ ਕੌਮਾਂਤਰੀ ਕੰਪਨੀਆਂ ਨੇ ਭਾਰਤ ਵਿਚ ਨਿਵੇਸ਼ ਕਰਨ ਲਈ ਦਿਲਚਸਪੀ ਦਿਖਾਈ ਹੈ। ਉਹ ਚਾਹੁੰਦੇ ਹਨ ਕਿ ਅੰਮ੍ਰਿਤਸਰ ਨੂੰ ਇਸ ਸਾਂਝ ਦਾ ਹਿੱਸਾ ਬਣਾਇਆ ਜਾਵੇ।

## 'ਆਪ' ਵਿਚ ਕੌਮੀ ਭੂਮਿਕਾ ਨਿਭਾਉਣਗੇ ਭਗਵੰਤ ਮਾਨ

**ਚੰਡੀਗੜ੍ਹ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਜੇਲ੍ਹ ਜਾਣ ਮਗਰੋਂ ਹੁਣ ਆਮ ਆਦਮੀ ਪਾਰਟੀ ਦੀ ਕੌਮੀ ਲੀਡਰਸ਼ਿਪ ਦੀ ਟੇਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਉਤੇ ਹੈ। 'ਇੰਡੀਆ ਬਲਾਕ' ਦੀ ਰੋਸ ਰੈਲੀ ਵਿਚ ਭਗਵੰਤ ਮਾਨ ਨੇ ਮੇਜ਼ਬਾਨੀ ਵਾਲੀ ਭੂਮਿਕਾ ਨਿਭਾਈ ਸੀ। ਸੂਤਰਾਂ ਅਨੁਸਾਰ ਕੌਮੀ ਲੀਡਰਸ਼ਿਪ ਵੱਲੋਂ ਰੋਜ਼ਾਨਾ ਪੰਜਾਬ ਦੇ ਮੁੱਖ ਮੰਤਰੀ ਨਾਲ ਵਰਚੁਅਲ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ਤੇ ਆਉਂਦੇ ਦਿਨਾਂ ਵਿਚ ਸ੍ਰੀ ਮਾਨ ਦੇ ਕੌਮੀ ਪੱਧਰ 'ਤੇ ਸਿਆਸੀ ਰੁਝੇਵੇਂ ਵੱਧ ਸਕਦੇ ਹਨ। 'ਇੰਡੀਆ ਬਲਾਕ' ਵਿਚ ਵੀ 'ਆਪ' ਤਰਫੋਂ ਹੁਣ ਭਗਵੰਤ ਮਾਨ ਹੀ ਕੇਂਦਰੀ ਭੂਮਿਕਾ ਵਿਚ ਰਹਿਣਗੇ। 'ਆਪ' ਵੱਲੋਂ ਗੁਜਰਾਤ ਵਿਚ ਵੀ ਲੋਕ ਸਭਾ ਚੋਣ ਲੜੀ ਜਾ ਰਹੀ ਹੈ ਜਿਥੇ ਤੀਜੇ ਗੇੜ 'ਚ ਵੋਟਾਂ ਪੈਣੀਆਂ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਗੁਰਮੀਤ ਸਿੰਘ ਦੀ ਪੱਕੀ ਜ਼ਮਾਨਤ ਰੱਦ ਕਰਨ ਦੀ ਨਿਖੇਧੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਤਕਰੀਬਨ ਤਿੰਨ ਦਹਾਕੇ ਜੇਲ੍ਹ ਵਿਚ ਨਜ਼ਰਬੰਦ ਰਹੇ ਗੁਰਮੀਤ ਸਿੰਘ ਨੂੰ ਮਿਲੀ ਪੱਕੀ ਜ਼ਮਾਨਤ ਰੱਦ ਕਰਨਾ ਬੇਹੱਦ ਮੰਦਭਾਗਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਕ ਪਾਸੇ ਸਿੱਖ ਕੌਮ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੀ ਹੈ ਤਾਂ ਦੂਜੇ ਪਾਸੇ ਪਹਿਲਾਂ ਤੋਂ ਪੱਕੀ ਜ਼ਮਾਨਤ 'ਤੇ ਆਏ ਸਿੱਖਾਂ ਦੀਆਂ ਜ਼ਮਾਨਤਾਂ ਰੱਦ ਕਰ ਕੇ ਹੋਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੰਜ ਲੱਗਦਾ ਹੈ ਜਿਵੇਂ ਸਰਕਾਰਾਂ ਜਾਣਬੁੱਝ ਕੇ ਸਿੱਖ ਮਸਲਿਆਂ ਨੂੰ ਲਟਕਾ ਕੇ ਆਪਣੇ ਰਾਜਸੀ ਹਿੱਤ ਪੂਰੇ ਕਰਨਾ ਚਾਹੁੰਦੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਮੀਤ ਸਿੰਘ ਦੀ ਸ਼ਖਸੀਅਤ ਅਤੇ ਚਾਲ-ਚਲਣ ਚੰਗਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪੱਕੀ ਜ਼ਮਾਨਤ ਰੱਦ ਕਰਕੇ ਮੁੜ ਜੇਲ੍ਹ ਭੇਜਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।

## ਕੇਂਦਰ ਸਰਕਾਰ ਨੇ ਰਿੰਕੂ ਅਤੇ ਅੰਗੁਰਾਲ ਨੂੰ ਸੀ.ਆਰ.ਪੀ.ਐਫ. ਸੁਰੱਖਿਆ ਦਿੱਤੀ

**ਜਲੰਧਰ:** ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿਚ ਗਏ ਸੁਸ਼ੀਲ ਕੁਮਾਰ ਰਿੰਕੂ ਅਤੇ ਸ਼ੀਤਲ ਅੰਗੁਰਾਲ ਨੂੰ ਸੀ.ਆਰ.ਪੀ.ਐਫ. ਸੁਰੱਖਿਆ ਦੇ ਦਿੱਤੀ ਗਈ ਹੈ। ਹਾਲ ਹੀ ਵਿਚ ਭਾਜਪਾ ਵਿਚ ਸ਼ਾਮਲ ਹੋਏ ਸੁਸ਼ੀਲ ਕੁਮਾਰ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

ਗ੍ਰਹਿ ਮੰਤਰਾਲੇ ਨੇ ਸੁਸ਼ੀਲ ਕੁਮਾਰ ਰਿੰਕੂ ਨੂੰ 18 ਅਤੇ ਸ਼ੀਤਲ ਅੰਗੁਰਾਲ ਨੂੰ 11 ਸੁਰੱਖਿਆ ਕਰਮਚਾਰੀ ਦਿੱਤੇ ਹਨ। ਕੇਂਦਰ ਵੱਲੋਂ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਸਿੱਧਾ ਉਨ੍ਹਾਂ ਦੇ ਘਰ ਭੇਜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਭਾਜਪਾ ਸ਼ਾਮਲ ਹੋਣ ਤੋਂ ਬਾਅਦ ਪੰਜਾਬ ਸਰਕਾਰ ਨੇ ਦੋਵੇਂ ਆਗੂਆਂ ਦੀ ਸੁਰੱਖਿਆ ਘਟਾ ਦਿੱਤੀ ਸੀ।

## ਭਾਰਤੀ ਅਮਰੀਕੀ ਸੰਸਦ ਮੈਂਬਰਾਂ ਨੇ ਹਿੰਦੂਆਂ ਖਿਲਾਫ ਅਪਰਾਧਾਂ 'ਚ ਵਾਧੇ ਬਾਰੇ ਰਿਪੋਰਟ ਮੰਗੀ

**ਵਾਸ਼ਿੰਗਟਨ:** ਅਮਰੀਕਾ ਵਿਚ ਪੰਜ ਭਾਰਤੀ-ਅਮਰੀਕੀ ਸੰਸਦ ਮੈਂਬਰਾਂ ਨੇ ਦੇਸ਼ ਵਿਚ ਹਿੰਦੂਆਂ ਵਿਰੁੱਧ ਨਫ਼ਰਤੀ ਅਪਰਾਧਾਂ ਅਤੇ ਮੰਦਰਾਂ ਦੀ ਭੰਨਤੋੜ ਦੀਆਂ ਘਟਨਾਵਾਂ ਵਿਚ ਵਾਧੇ ਬਾਰੇ ਨਿਆਂ ਵਿਭਾਗ ਅਤੇ ਸੰਘੀ ਜਾਂਚ ਏਜੰਸੀ (ਐਫ.ਬੀ.ਆਈ.) ਤੋਂ ਵੇਰਵੇ ਮੰਗੇ ਹਨ। ਇਨ੍ਹਾਂ ਸੰਸਦ ਮੈਂਬਰਾਂ ਵਿਚ ਰਾਜਾ ਕ੍ਰਿਸ਼ਨਮੂਰਤੀ, ਰੋ ਖੰਨਾ, ਸ੍ਰੀ ਥਾਣੇਦਾਰ, ਪ੍ਰਮਿਲਾ ਜੈਪਾਲ ਅਤੇ ਅਮੀ ਬੇਰਾ ਸ਼ਾਮਲ ਹਨ। ਉਨ੍ਹਾਂ ਨਿਆਂ ਵਿਭਾਗ ਦੇ ਸਿਵਲ ਰਾਈਟਸ ਡਿਵੀਜ਼ਨ ਦੇ ਕ੍ਰਿਸਟਨ ਕਲਾਰਕ ਨੂੰ ਲਿਖਿਆ, "ਨਿਊ ਯਾਰਕ ਤੋਂ ਕੈਲੀਫੋਰਨੀਆ ਤੱਕ ਮੰਦਰਾਂ ਉਤੇ ਹਮਲਿਆਂ ਦੀਆਂ ਘਟਨਾਵਾਂ ਨੇ ਹਿੰਦੂ ਅਮਰੀਕੀਆਂ ਨੂੰ ਡੂੰਘੀ ਚਿੰਤਾ 'ਚ ਪਾ ਦਿੱਤਾ ਹੈ।"

## ਸ਼ੁਭਕਰਨ ਕੇਸ: ਸੁਪਰੀਮ ਕੋਰਟ ਵੱਲੋਂ ਨਿਆਇਕ ਜਾਂਚ 'ਤੇ ਰੋਕ ਲਾਉਣ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਅਤੇ ਹਰਿਆਣਾ ਦੇ ਸੁਰੱਖਿਆ ਕਰਮੀਆਂ ਵਿਚਕਾਰ ਫਰਵਰੀ ਮਹੀਨੇ ਹੋਈ ਝੜਪ ਦੌਰਾਨ ਸ਼ੁਭਕਰਨ ਸਿੰਘ ਦੀ ਮੌਤ ਦੀ ਜਾਂਚ ਲਈ ਕਮੇਟੀ ਬਣਾਉਣ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ 'ਤੇ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੇ ਬੈਂਚ ਨੇ ਕਿਹਾ ਕਿ ਸੇਵਾਮੁਕਤ ਜੱਜ ਦੀ ਅਗਵਾਈ ਵਾਲੀ ਕਮੇਟੀ ਬਣਾਉਣ ਨਾਲ ਇਸ ਮਾਮਲੇ ਦੀ ਨਿਗਰਾਨੀ ਵਿਚ ਨਿਰਪੱਖਤਾ ਅਤੇ ਪਾਰਦਰਸ਼ਤਾ ਆਵੇਗੀ।

ਹਾਈ ਕੋਰਟ ਨੇ ਝੜਪ ਦੌਰਾਨ ਸ਼ੁਭਕਰਨ ਸਿੰਘ ਦੀ ਮੌਤ ਦੀ ਨਿਆਇਕ ਜਾਂਚ ਲਈ 7 ਮਾਰਚ ਨੂੰ ਹਾਈ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਿਚ ਕਮੇਟੀ ਬਣਾਉਣ ਦਾ ਆਦੇਸ਼ ਦਿੱਤਾ ਸੀ। ਹਰਿਆਣਾ ਸਰਕਾਰ ਨੇ ਸਿਖਰਲੀ ਅਦਾਲਤ ਵਿਚ ਪਟੀਸ਼ਨ ਦਾਇਰ ਕਰ ਕੇ ਹਾਈ ਕੋਰਟ ਦੇ ਇਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਬਠਿੰਡਾ ਜ਼ਿਲ੍ਹੇ ਦੇ ਪਿੰਡ ਬੱਲ੍ਹੋ ਵਾਸੀ ਸ਼ੁਭਕਰਨ ਸਿੰਘ (21) ਦੀ ਪੰਜਾਬ-ਹਰਿਆਣਾ ਦੇ ਖਨੌਰੀ ਬਾਰਡਰ 'ਤੇ 21 ਫਰਵਰੀ ਨੂੰ ਪੁਲਿਸ ਨਾਲ ਝੜਪਾਂ ਦੌਰਾਨ ਮੌਤ ਹੋ ਗਈ ਸੀ। ਸੁਪਰੀਮ ਕੋਰਟ ਵਿਚ ਹਰਿਆਣਾ ਸਰਕਾਰ ਵੱਲੋਂ ਪੇਸ਼ ਹੋਏ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਹਾਈ ਕੋਰਟ ਦੇ ਆਦੇਸ਼ ਦੇ ਇਕ ਪੈਰੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਪੁਲਿਸ ਬਲ ਦੇ ਮਨੋਬਲ 'ਤੇ ਅਸਰ ਪਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਹਰਿਆਣਾ ਸਰਹੱਦ 'ਤੇ ਬੈਠੇ ਸੈਂਕੜੇ ਲੋਕਾਂ ਕੋਲ ਰਵਾਇਤੀ ਹਥਿਆਰ ਹਨ। ਉਨ੍ਹਾਂ ਕਿਹਾ, "ਜੇਕਰ ਹਰੇਕ ਘਟਨਾ ਲਈ ਪੁਲਿਸ ਨੂੰ ਜਨਹਿਤ ਪਟੀਸ਼ਨ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਕਾਨੂੰਨ ਵਿਵਸਥਾ ਕਿਵੇਂ ਕਾਇਮ ਰਹੇਗੀ।" ਬੈਂਚ ਨੇ ਕਿਹਾ ਕਿ ਪ੍ਰਦਰਸ਼ਨ ਦੌਰਾਨ ਕਈ ਵਾਰ ਕੁਝ ਸ਼ਰਾਰਤੀ ਅਨਸਰ ਸਥਿਤੀ ਦਾ ਫ਼ਾਇਦਾ ਉਠਾਉਂਦੇ ਹਨ। ਬੈਂਚ ਨੇ ਕਿਹਾ ਕਿ ਹਾਈ ਕੋਰਟ 10 ਅਪਰੈਲ ਨੂੰ ਇਸ ਮਾਮਲੇ 'ਤੇ ਦੁਬਾਰਾ ਸੁਣਵਾਈ ਕਰੇਗੀ।

## ਸਾਬਕਾ ਆਈ.ਪੀ.ਐਸ. ਅਫਸਰ ਨੂੰ 20 ਸਾਲ ਕੈਦ

**ਪਾਲਨਪੁਰ:** ਗੁਜਰਾਤ ਦੇ ਬਨਾਸਕਾਂਠਾ ਜ਼ਿਲ੍ਹੇ ਵਿਚ ਪਾਲਨਪੁਰ ਦੀ ਸੈਸ਼ਨਜ਼ ਕੋਰਟ ਨੇ ਇਕ ਵਕੀਲ ਨੂੰ ਨਸ਼ਿਆਂ ਦੇ ਕੇਸ ਵਿਚ ਫਸਾਉਣ ਨਾਲ ਸਬੰਧਤ ਮਾਮਲੇ ਵਿਚ ਸਾਬਕਾ ਆਈ.ਪੀ.ਐਸ. ਅਧਿਕਾਰੀ ਸੰਜੀਵ ਭੱਟ ਨੂੰ 20 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਭੱਟ ਨੂੰ ਦੋ ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ ਜਿਸ ਦੀ ਅਦਾਇਗੀ ਨਾ ਕੀਤੇ ਜਾਣ 'ਤੇ ਭੱਟ ਨੂੰ ਇਕ ਸਾਲ ਦੀ ਵਾਧੂ ਸਜ਼ਾ ਕੱਟਣੀ ਹੋਵੇਗੀ।

ਕੇਸ 28 ਸਾਲ ਪੁਰਾਣਾ ਹੈ। ਭੱਟ ਨੂੰ ਰਾਜਸਥਾਨ ਆਧਾਰਿਤ ਵਕੀਲ ਨੂੰ ਇਕ ਝੂਠੇ ਨਸ਼ਿਆਂ ਦੇ ਕੇਸ ਵਿਚ ਫਸਾਉਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਪੁਲਿਸ ਨੇ ਪਾਲਨਪੁਰ ਦੇ ਇਕ ਹੋਟਲ ਦੇ ਕਮਰੇ ਵਿਚੋਂ ਨਸ਼ੀਲੇ ਪਦਾਰਥ ਬਰਾਮਦ ਕੀਤੇ ਸਨ ਤੇ ਪੀੜਤ ਵਕੀਲ ਇਸ ਕਮਰੇ ਵਿਚ ਠਹਿਰਿਆ ਹੋਇਆ ਸੀ। ਭੱਟ ਉਸ ਵੇਲੇ ਬਨਾਸਕਾਂਠਾ ਦੇ ਐਸ.ਪੀ. ਸਨ। ਕੋਰਟ ਨੇ ਸਪਸ਼ਟ ਕੀਤਾ ਕਿ ਭੱਟ ਨੂੰ ਸੁਣਾਈ 20 ਸਾਲ ਕੈਦ ਦੀ ਸਜ਼ਾ ਉਸ ਨੂੰ ਜਾਮਨਗਰ ਹਿਰਾਸਤੀ ਮੌਤ ਕੇਸ ਵਿਚ ਸੁਣਾਈ ਉਮਰ ਕੈਦ ਦੀ ਸਜ਼ਾ ਪੂਰੀ ਹੋਣ ਮਗਰੋਂ ਸ਼ੁਰੂ ਹੋਵੇਗੀ।

## ਟੋਲ ਪਲਾਜ਼ਿਆਂ 'ਤੇ 'ਇਕ ਵਾਹਨ ਇਕ ਫਾਸਟੈਗ' ਨਿਯਮ ਲਾਗੂ

**ਨਵੀਂ ਦਿੱਲੀ:** ਨੈਸ਼ਨਲ ਹਾਈਵੇਅਜ਼ ਅਥਾਰਟੀ ਆਫ ਇੰਡੀਆ ਦਾ 'ਵਨ ਵਹੀਕਲ, ਵਨ ਫਾਸਟੈਗ' ਨਿਯਮ ਲਾਗੂ ਹੋ ਗਿਆ ਹੈ। ਅਧਿਕਾਰੀ ਨੇ ਏਜੰਸੀ ਨੂੰ ਦੱਸਿਆ, "ਜਿਨ੍ਹਾਂ ਲੋਕਾਂ ਕੋਲ ਇਕ ਵਾਹਨ ਲਈ ਕਈ ਫਾਸਟੈਗ ਹਨ, ਉਹ ਪਹਿਲੀ ਅਪਰੈਲ ਤੋਂ ਕੰਮ ਨਹੀਂ ਕਰਨਗੇ। ਐਨ.ਐਚ.ਏ.ਆਈ. ਨੇ ਇਲੈਕਟ੍ਰਾਨਿਕ ਟੋਲ ਉਗਰਾਹੀ ਪ੍ਰਣਾਲੀ ਦੀ ਕੁਸ਼ਲਤਾ ਨੂੰ ਵਧਾਉਣ ਅਤੇ ਟੋਲ ਪਲਾਜ਼ਿਆਂ 'ਤੇ ਨਿਰਵਿਘਨ ਆਵਾਜਾਈ ਜਾਰੀ ਰੱਖਣ ਲਈ ਇਹ ਯੋਜਨਾ ਸ਼ੁਰੂ ਕੀਤੀ ਹੈ ਜਿਸ ਦਾ ਉਦੇਸ਼ ਮਲਟੀਪਲ ਵਾਹਨਾਂ ਲਈ ਸਿੰਗਲ ਫਾਸਟੈਗ ਦੀ ਵਰਤੋਂ ਨੂੰ ਰੋਕਣਾ ਹੈ।

## ਭਾਜਪਾ ਨੇ 'ਅਪਰੇਸ਼ਨ ਲੋਟਸ' ਨਾਲ ਮੁਹਿੰਮ ਭਖਾਈ

*(ਪਹਿਲੇ ਸਫੇ ਦੀ ਬਾਕੀ)*

ਨੂੰ ਉਮੀਦਵਾਰ ਨਾ ਵੀ ਬਣਾਇਆ ਤਾਂ ਵੀ ਉਹ ਕਾਂਗਰਸ 'ਚ ਹੀ ਰਹਿਣਗੇ। ਕਾਂਗਰਸ ਤੇ 'ਆਪ' ਨੇ ਭਾਜਪਾ ਦੀ ਟੇਢੀ ਨਜ਼ਰ ਨੂੰ ਤੱਕਦਿਆਂ ਆਪਣੇ ਆਗੂਆਂ ਨਾਲ ਤਾਲਮੇਲ ਵਧਾ ਦਿੱਤਾ ਹੈ। ਦੂਸਰੀ ਤਰਫ਼ ਭਾਜਪਾ ਦੀ ਟਕਸਾਲੀ ਲੀਡਰਸ਼ਿਪ ਅੰਦਰੋ-ਅੰਦਰੀ ਇਨ੍ਹਾਂ ਦਲ ਬਦਲੂਆਂ ਤੋਂ ਔਖ ਵਿਚ ਤਾਂ ਹੈ ਪਰ ਕੋਈ ਬੋਲਣ ਦੀ ਜੁਰਅਤ ਨਹੀਂ ਦਿਖਾ ਰਿਹਾ ਹੈ। ਕਈ ਟਕਸਾਲੀ ਭਾਜਪਾ ਨੇਤਾਵਾਂ ਦਾ ਕਹਿਣਾ ਹੈ ਕਿ ਪੰਜਾਬ ਭਾਜਪਾ ਦੀ ਪਹਿਲੀ ਕਤਾਰ 'ਚ ਹੁਣ ਪੁਰਾਣੇ ਕਾਂਗਰਸੀ ਬੈਠੇ ਹਨ ਜਦੋਂ ਕਿ ਪਾਰਟੀ ਦੇ ਟਕਸਾਲੀ ਲੀਡਰ ਹੁਣ ਦੂਜੀ ਸਫ਼ 'ਚ ਬੈਠੇ ਹਨ। ਚੇਤੇ ਰਹੇ ਕਿ ਭਾਜਪਾ ਸਿਰਫ਼ ਪੰਜਾਬ ਵਿਚ ਹੀ ਨਹੀਂ ਸਗੋਂ ਪੂਰੇ ਮੁਲਕ ਵਿਚ ਵਿਰੋਧੀ ਧਿਰਾਂ ਦੇ ਵੱਡੇ ਆਗੂਆਂ ਨੂੰ ਹਰ ਹੀਲੇ ਆਪਣੇ ਵੱਲ ਖਿੱਚਣ ਵਿਚ ਲੱਗੀ ਹੈ। ਭਾਜਪਾ ਦੇ ਇਸੇ ਮਿਸ਼ਨ ਨੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੂੰ ਪੈਰੋਂ ਕੱਢ ਦਿੱਤਾ ਸੀ। ਦਿੱਲੀ ਵਿਚ ਆਪ ਸਰਕਾਰ ਦੇ ਕਈ ਮੰਤਰੀਆਂ ਨੇ ਦੋਸ਼ ਲਾਏ ਹਨ ਕਿ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਲ ਹੋਣ ਜਾਂ ਫਿਰ ਕੇਂਦਰੀ ਏਜੰਸੀਆਂ ਦੀ ਕਾਰਵਾਈ ਲਈ ਤਿਆਰ ਰਹਿਣ ਲਈ ਧਮਕੀਆਂ ਮਿਲ ਰਹੀਆਂ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਦਿੱਲੀ ਅਤੇ ਪੰਜਾਬ ਵਿਚ ਆਪ ਦੀਆਂ ਸਰਕਾਰਾਂ ਹਨ। ਕਾਂਗਰਸ ਤੋਂ ਬਾਅਦ ਵਿਰੋਧੀ ਧਿਰ ਵਜੋਂ ਮਜ਼ਬੂਤ ਹੋਣ ਰਹੀ ਆਮ ਆਦਮੀ ਪਾਰਟੀ ਭਗਵਾ ਧਿਰ ਦੀਆਂ ਅੱਖਾਂ ਵਿਚ ਰੜਕ ਰਹੀ ਹੈ। ਇਸ ਲਈ ਇਨ੍ਹਾਂ ਦੋਵਾਂ ਸੂਬਿਆਂ ਵਿਚ ਆਉਂਦੇ ਦਿਨਾਂ ਵਿਚ ਭਾਜਪਾ ਆਪਣੀਆਂ ਸਰਗਰਮੀਆਂ ਹੋਰ ਤਿੱਖੀਆਂ ਕਰ ਸਕਦੀ ਹੈ।

**Punjab Times**
**Established in 2000**
**25thYear in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਬਲਵਿੰਦਰ (ਰਿੰਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਜਸਕਰਨ ਸਿੰਘ ਧਾਲੀਵਾਲ |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਗੁਰਦੇਵ ਸਿੰਘ ਜੌੜਾ | ਅਮਰੀਕ ਸਿੰਘ (ਅਮਰ ਕਾਰਪੇਟ) |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ | ਭੁਪਿੰਦਰ ਸਿੰਘ ਧਾਲੀਵਾਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |

# ਮਿਸ਼ਨ ਪੰਜਾਬ: ਦਲ-ਬਦਲੂਆਂ 'ਤੇ ਦਾਅ ਖੇਡਣ ਵਿਚ ਜੁਟੀ ਭਾਜਪਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਸਿਆਸੀ ਪਾਰਟੀਆਂ ਨੇ ਚੋਣ ਸਰਗਰਮੀਆਂ ਤੇਜ਼ ਕਰਦਿਆਂ ਉਮੀਦਵਾਰਾਂ ਨੂੰ ਮੈਦਾਨ 'ਚ ਉਤਾਰਨ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਭਾਜਪਾ ਨੇ ਪੰਜਾਬ ਵਿਚ ਲੋਕ ਸਭਾ ਚੋਣਾਂ ਲਈ 13 'ਚੋਂ 6 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ।

ਭਾਜਪਾ ਦੀ ਸੂਚੀ ਵਿਚ ਦਲਬਦਲੂਆਂ ਨੂੰ ਤਰਜੀਹ ਦਿੱਤੀ ਗਈ ਹੈ। ਭਾਜਪਾ ਵੱਲੋਂ ਪੰਜਾਬ ਵਿਚ ਦੂਜੀਆਂ ਪਾਰਟੀਆਂ ਤੋਂ ਆਏ ਉਮੀਦਵਾਰਾਂ 'ਤੇ ਟੇਕ ਰੱਖੀ ਜਾ ਰਹੀ ਹੈ, ਜਿਸ ਨੇ 6 'ਚੋਂ 4 ਜਣਿਆਂ ਨੂੰ ਕੁਝ ਦਿਨ ਪਹਿਲਾਂ ਹੀ ਪਾਰਟੀ ਵਿਚ ਸ਼ਾਮਲ ਕਰਵਾਇਆ ਹੈ। ਜਾਣਕਾਰੀ ਅਨੁਸਾਰ ਭਾਜਪਾ ਨੇ ਪੰਜਾਬ ਵਿਚ ਲੋਕ ਸਭਾ ਹਲਕਾ ਪਟਿਆਲਾ ਤੋਂ ਪ੍ਰਨੀਤ ਕੌਰ, ਗੁਰਦਾਸਪੁਰ ਤੋਂ ਦਿਨੇਸ਼ ਸਿੰਘ ਬੱਬੂ, ਅੰਮ੍ਰਿਤਸਰ ਤੋਂ ਤਰਨਜੀਤ ਸਿੰਘ ਸੰਧੂ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਫਰੀਦਕੋਟ ਤੋਂ ਹੰਸ ਰਾਜ ਹੰਸ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਇਨ੍ਹਾਂ ਵਿਚੋਂ ਪ੍ਰਨੀਤ ਕੌਰ, ਤਰਨਜੀਤ ਸਿੰਘ ਸੰਧੂ, ਸੁਸ਼ੀਲ ਕੁਮਾਰ ਰਿੰਕੂ ਅਤੇ ਰਵਨੀਤ ਸਿੰਘ ਬਿੱਟੂ ਨੂੰ ਭਾਜਪਾ ਨੇ ਕੁਝ ਦਿਨ ਪਹਿਲਾਂ ਹੀ ਪਾਰਟੀ ਵਿਚ ਸ਼ਾਮਲ ਕਰਵਾਇਆ ਹੈ। ਭਾਜਪਾ ਨੇ ਇਨ੍ਹਾਂ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਵਾਉਂਦਿਆਂ ਹੀ ਚੋਣ ਮੈਦਾਨ ਵਿਚ ਬਤੌਰ ਉਮੀਦਵਾਰ ਉਤਾਰ ਦਿੱਤਾ ਹੈ।



ਭਗਵਾ ਪਾਰਟੀ ਨੇ ਪੰਜਾਬ 'ਚ ਤਿੰਨ ਉਮੀਦਵਾਰਾਂ ਨੂੰ ਉਨ੍ਹਾਂ ਦੇ ਮੌਜੂਦਾ ਹਲਕਿਆਂ ਤੋਂ ਟਿਕਟ ਦਿੱਤੀ ਹੈ ਜਦਕਿ ਅਮਰੀਕਾ 'ਚ ਭਾਰਤੀ ਸਫ਼ੀਰ ਰਹੇ ਤਰਨਜੀਤ ਸਿੰਘ ਸੰਧੂ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਆਪਣੇ ਸਿਆਸੀ ਸਫਰ ਦੀ ਸ਼ੁਰੂਆਤ ਕਰਨਗੇ। ਹੰਸ ਰਾਜ ਹੰਸ ਜਿਹੜੇ ਕਿ 2019 'ਚ ਭਾਜਪਾ ਦੀ ਟਿਕਟ 'ਤੇ ਉੱਤਰ ਪੱਛਮੀ ਦਿੱਲੀ ਤੋਂ ਚੋਣ ਜਿੱਤੇ ਸਨ, ਨੂੰ ਫਰੀਦਕੋਟ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇਹ ਸੀਟ ਅਨੁਸੂਚਿਤ ਜਾਤੀ (ਐਸ.ਸੀ.) ਉਮੀਦਵਾਰ ਲਈ ਰਾਖਵੀਂ ਹੈ। ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਅਦਾਕਾਰ ਸਨੀ ਦਿਓਲ ਦੀ ਜਗ੍ਹਾ ਸਾਬਕਾ ਵਿਧਾਇਕ ਦਿਨੇਸ਼ ਸਿੰਘ ਬੱਬੂ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ-2022 ਤੋਂ ਪਹਿਲਾਂ ਹੀ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਪਣੀ ਪਾਰਟੀ ਬਣਾ ਲਈ ਸੀ ਤੇ ਵਿਧਾਨ ਸਭਾ ਚੋਣਾਂ ਭਾਜਪਾ ਦੇ ਨਾਲ ਮਿਲ ਕੇ ਲੜੀਆਂ ਸਨ। ਦੂਜੇ ਪਾਸੇ ਪ੍ਰਨੀਤ ਕੌਰ ਕਾਂਗਰਸ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਜਿੱਤੇ ਹੋਏ ਸਨ ਜਿਨ੍ਹਾਂ ਨੇ ਪਿਛਲੇ ਹਫ਼ਤੇ ਹੀ ਭਾਜਪਾ ਦਾ ਪੱਲਾ ਫੜਿਆ ਹੈ। ਜਲੰਧਰ ਤੋਂ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ 'ਆਪ' ਨੇ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਮੁੜ ਲੋਕ ਸਭਾ ਚੋਣਾਂ ਲਈ ਉਮੀਦਵਾਰ ਐਲਾਨ ਦਿੱਤਾ ਸੀ ਪਰ ਰਿੰਕੂ ਵੀ 'ਆਪ' ਨੂੰ ਅਲਵਿਦਾ ਕਹਿ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਲੋਕ ਸਭਾ ਹਲਕਾ ਲੁਧਿਆਣਾ ਤੋਂ ਉਮੀਦਵਾਰ ਰਵਨੀਤ ਸਿੰਘ ਬਿੱਟੂ ਪਹਿਲਾਂ ਕਾਂਗਰਸ ਤੋਂ ਸੰਸਦ ਮੈਂਬਰ ਹਨ ਪਰ ਉਨ੍ਹਾਂ ਨੇ ਵੀ ਕੁਝ ਦਿਨ ਪਹਿਲਾਂ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਦਾ ਪੱਲਾ ਫੜ ਲਿਆ ਸੀ।

ਦੱਸਣਯੋਗ ਹੈ ਕਿ ਪੰਜਾਬ ਵਿਚ ਲੋਕ ਸਭਾ ਦੀਆਂ 13 ਸੀਟਾਂ ਲਈ 'ਆਪ' ਨੇ 7 ਉਮੀਦਵਾਰਾਂ ਤੇ ਭਾਜਪਾ ਨੇ 6 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ ਜਦੋਂ ਕਿ 'ਆਪ' ਵੱਲੋਂ ਰਹਿੰਦੇ ਉਮੀਦਵਾਰਾਂ ਦਾ ਐਲਾਨ ਅਗਲੇ ਹਫ਼ਤੇ ਤੱਕ ਕਰ ਦਿੱਤਾ ਜਾਵੇਗਾ। ਦੂਜੇ ਪਾਸੇ ਕਾਂਗਰਸ ਤੇ ਅਕਾਲੀ ਦਲ ਨੇ ਹਾਲੇ ਤੱਕ ਕਿਸੇ ਵੀ ਉਮੀਦਵਾਰ ਦਾ ਐਲਾਨ ਨਹੀਂ ਕੀਤਾ। ਉਹ ਦੋਵੇਂ ਪਾਰਟੀਆਂ ਆਪੋ-ਆਪਣੇ ਉਮੀਦਵਾਰਾਂ ਦੇ ਨਾਵਾਂ ਨੂੰ ਲੈ ਕੇ ਲਗਾਤਾਰ ਵਿਚਾਰ-ਚਰਚਾ ਕਰ ਰਹੀਆਂ ਹਨ।

# ਪਟਿਆਲਾ ਪੰਜਾਬ ਦਾ ਸਭ ਤੋਂ ਵੱਧ ਵੋਟਰਾਂ ਵਾਲਾ ਲੋਕ ਸਭਾ ਹਲਕਾ



**ਪਟਿਆਲਾ:** ਦੋ ਜ਼ਿਲ੍ਹਿਆਂ ਵਿਚ ਪੈਂਦੇ ਨੌਂ ਵਿਧਾਨ ਸਭਾ ਹਲਕਿਆਂ 'ਤੇ ਆਧਾਰਿਤ ਪਟਿਆਲਾ ਸੂਬੇ ਦਾ ਅਜਿਹਾ ਲੋਕ ਸਭਾ ਹਲਕਾ ਹੈ ਜਿਥੇ ਵੋਟਰਾਂ ਦੀ ਗਿਣਤੀ ਪੰਜਾਬ ਦੇ ਸਾਰੇ 13 ਲੋਕ ਸਭਾ ਹਲਕਿਆਂ ਨਾਲੋਂ ਵੱਧ ਹੈ। ਪਿਛਲੇ ਪੰਜ ਸਾਲਾਂ ਵਿਚ ਇਥੇ ਵੋਟਰਾਂ ਦੀ ਗਿਣਤੀ ਪੌਣੇ ਦੋ ਲੱਖ ਤੋਂ ਵੀ ਪਾਰ ਕਰ ਗਈ। ਜ਼ਿਕਰਯੋਗ ਹੈ ਕਿ 2019 ਦੀ ਲੋਕ ਸਭਾ ਚੋਣ ਦੌਰਾਨ ਇਥੇ 16 ਲੱਖ ਦੇ ਕਰੀਬ ਵੋਟਰ ਸਨ। ਹੁਣ ਇੱਥੇ ਵੋਟਰਾਂ ਦੀ ਗਿਣਤੀ 17 ਲੱਖ 83 ਹਜ਼ਾਰ 681 ਹੈ। ਇਨ੍ਹਾਂ ਵਿਚੋਂ 9 ਲੱਖ 33 ਹਜ਼ਾਰ 247 ਪੁਰਸ਼ ਅਤੇ 8 ਲੱਖ 50 ਹਜ਼ਾਰ 377 ਮਹਿਲਾ ਵੋਟਰ ਹਨ। ਥਰਡ ਜੈਂਡਰ 76 ਹਨ, ਜਦਕਿ 13,895 ਦਿਵਿਆਂਗ ਵੋਟਰ ਹਨ। ਇੱਥੇ ਸੌ ਸਾਲ ਤੋਂ ਵੱਧ ਉਮਰ ਦੇ ਵੋਟਰਾਂ ਦੀ ਗਿਣਤੀ 490 ਹੈ। 85 ਸਾਲ ਤੋਂ ਵੱਧ 16,698 ਵੋਟਰ ਹਨ। ਉਂਜ 36,466 ਵੋਟਰ 18-19 ਸਾਲ ਦੀ ਉਮਰ ਦੇ ਹਨ, ਜੋ ਐਤਕੀਂ ਪਹਿਲੀ ਵਾਰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਪਟਿਆਲਾ ਲੋਕ ਸਭਾ ਹਲਕੇ 'ਚ ਪੈਂਦੇ ਨੌਂ ਵਿਧਾਨ ਸਭਾ ਹਲਕਿਆਂ ਵਿਚੋਂ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਸਨੌਰ, ਘਨੌਰ, ਰਾਜਪੁਰਾ, ਸਮਾਣਾ, ਸ਼ੁਤਰਾਣਾ ਅਤੇ ਨਾਭਾ 'ਤੇ ਆਧਾਰਿਤ ਅੱਠ ਹਲਕੇ ਪਟਿਆਲਾ ਜ਼ਿਲ੍ਹੇ ਦੇ ਅਧੀਨ ਆਉਂਦੇ ਹਨ, ਜਦਕਿ ਡੇਰਾਬਸੀ ਹਲਕਾ ਮੁਹਾਲੀ ਜ਼ਿਲ੍ਹੇ ਦਾ ਹਿੱਸਾ ਹੈ। ਡੇਰਾਬਸੀ ਹਲਕੇ ਵਿਚ ਸਭ ਤੋਂ ਵੱਧ, 2,86,217 ਵੋਟਰ ਹਨ। ਸਨੌਰ ਦੂਜੇ ਨੰਬਰ 'ਤੇ ਆਉਂਦਾ ਹੈ ਜਿੱਥੇ 22,5,752 ਵੋਟਰ ਹਨ। ਪਟਿਆਲਾ ਦਿਹਾਤੀ ਹਲਕੇ 2,17,660 ਵੋਟਰ ਹਨ। ਸਮਾਣਾ ਵਿਚ 1,89,687, ਸ਼ੁਤਰਾਣਾ ਵਿੱਚ 1,88,035, ਨਾਭਾ ਵਿਚ 1,87,311, ਰਾਜਪੁਰਾ ਵਿਚ 1,79,983, ਘਨੌਰ ਵਿਚ 1,63,237 ਅਤੇ ਪਟਿਆਲਾ ਸ਼ਹਿਰੀ ਹਲਕੇ 'ਚ 1,50,883 ਵੋਟਰ ਹਨ।

# ਲੋਕ ਸਭਾ ਚੋਣਾਂ: ਪਿੰਡਾਂ ਵਿਚ ਭਾਜਪਾ ਖ਼ਿਲਾਫ਼ ਰੋਹ ਵਧਿਆ

**ਭੁੱਚੋ ਮੰਡੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਪਿੰਡਾਂ ਵਿਚ ਭਾਜਪਾ ਦਾ ਵਿਰੋਧ ਤੇਜ਼ ਹੋ ਗਿਆ ਹੈ। ਸੰਗਰੂਰ ਤੋਂ ਬਾਅਦ ਲੋਕ ਸਭਾ ਹਲਕਾ ਬਠਿੰਡਾ ਦੇ ਪਿੰਡ ਭੁੱਚੋ ਖ਼ੁਰਦ ਵਿਚ ਭਾਜਪਾ ਆਗੂਆਂ ਅਤੇ ਉਮੀਦਵਾਰਾਂ ਦੇ ਦਾਖ਼ਲੇ 'ਤੇ ਰੋਕ ਵਾਲੇ ਫਲੈਕਸ ਲਾਏ ਗਏ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਧਨੇਰ ਧੜੇ ਨੇ ਪਿੰਡਾਂ ਵਿਚ ਵੋਟਾਂ ਮੰਗਣ ਆਉਣ 'ਤੇ ਭਾਜਪਾ ਆਗੂਆਂ ਦੇ ਤਿੱਖੇ ਵਿਰੋਧ ਦਾ ਐਲਾਨ ਕੀਤਾ ਹੈ।

ਜਾਣਕਾਰੀ ਅਨੁਸਾਰ ਪਿੰਡ ਭੁੱਚੋ ਖ਼ੁਰਦ ਦੀ ਕਮੇਟੀ ਨੇ ਪਿੰਡ ਦੇ ਬਾਹਰਲੇ ਪਾਸੇ ਬਕਾਇਦਾ ਫਲੈਕਸਾਂ ਲਗਾ ਕੇ ਮੋਦੀ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੀ ਅਗਵਾਈ ਕਰ ਰਹੇ ਪਿੰਡ ਇਕਾਈ ਦੇ ਪ੍ਰਧਾਨ ਰਣਜੀਤ ਸਿੰਘ ਸੰਧੂ ਨੇ ਕਿਹਾ ਕਿ ਭਾਜਪਾ ਨੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਹੈ, ਹੁਣ ਉਹ ਵੀ ਭਾਜਪਾ ਦਾ ਪਿੰਡਾਂ ਵਿਚ ਸਖ਼ਤ ਵਿਰੋਧ ਕਰਨਗੇ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਗੂਆਂ ਨੂੰ ਪਿੰਡਾਂ ਵਿਚ ਆਉਣ 'ਤੇ





ਸਵਾਲ ਪੁੱਛੇ ਜਾਣਗੇ ਕਿ ਦਿੱਲੀ ਮੋਰਚੇ ਦੀਆਂ ਰਹਿੰਦੀਆਂ ਮੰਗਾਂ ਲਾਗੂ ਕਿਉਂ ਨਹੀਂ ਕੀਤੀਆਂ, ਸ਼ਾਂਤਮਈ ਤਰੀਕੇ ਨਾਲ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਪੁਲਿਸ ਦਾ ਜਬਰ ਕਿਉਂ ਕੀਤਾ ਗਿਆ, ਕਿਸਾਨਾਂ ਨੂੰ ਸੜਕਾਂ ਬੰਦ ਕਰਕੇ ਦਿੱਲੀ ਜਾਣ ਤੋਂ ਕਿਉਂ ਰੋਕਿਆ ਰੋਕਿਆ ਗਿਆ?

ਮਾਨਸਾ ਖੇਤਰ ਦੇ ਪਿੰਡਾਂ ਵਿਚ ਨੌਜਵਾਨਾਂ ਤੇ ਕਿਸਾਨਾਂ ਵੱਲੋਂ ਭਾਜਪਾ ਆਗੂਆਂ ਨੂੰ ਸੰਸਦੀ ਚੋਣਾਂ ਦੌਰਾਨ ਪਿੰਡਾਂ ਵਿਚ ਪ੍ਰਚਾਰ ਕਰਨ ਤੋਂ ਰੋਕਣ ਲਈ ਸੁਚੇਤ ਕਰਦਿਆਂ ਪੋਸਟਰ ਅਤੇ ਫਲੈਕਸ ਲਾਉਣ ਦਾ ਸਿਲਸਿਲਾ ਆਰੰਭ ਹੋ ਗਿਆ ਹੈ। ਪਿੰਡਾਂ ਵਿਚ ਬਕਾਇਦਾ ਇਕੱਠ ਕਰਕੇ ਭਾਜਪਾ ਆਗੂਆਂ ਨੂੰ ਪਿੰਡਾਂ ਵਿਚ ਨਾ ਆਉਣ ਦੀ ਚਿਤਾਵਨੀ ਦਿੱਤੀ ਹੈ।

# 'ਆਪ' ਦੇ ਲੋਕ ਸਭਾ ਮੈਂਬਰ ਰਿੰਕੂ ਤੇ ਵਿਧਾਇਕ ਅੰਗੁਰਾਲ ਭਾਜਪਾ 'ਚ ਸ਼ਾਮਲ



**ਨਵੀਂ ਦਿੱਲੀ:** ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਰਿੰਕੂ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਅਤੇ ਭਾਜਪਾ 'ਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਪਾਰਟੀ ਦੇ ਕੌਮੀ ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਦੀ ਮੌਜੂਦਗੀ ਵਿਚ ਇੱਥੇ ਹੈੱਡਕੁਆਰਟਰ ਵਿਚ ਭਾਜਪਾ ਵਿਚ ਸ਼ਾਮਲ ਕੀਤਾ ਗਿਆ। ਇਸ ਦੌਰਾਨ ਜਲੰਧਰ ਪੱਛਮੀ ਤੋਂ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਵੀ ਭਾਜਪਾ 'ਚ ਸ਼ਾਮਲ ਹੋ ਗਏ ਹਨ। ਇਸ ਤੋਂ ਪਹਿਲਾਂ ਦਿਨ 'ਚ ਅੰਗੁਰਾਲ ਨੇ ਫੇਸਬੁੱਕ ਉਤੇ ਇਕ ਪੋਸਟ 'ਚ ਕਿਹਾ ਸੀ ਕਿ ਉਹ 'ਆਪ' ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਅਸਤੀਫਾ ਦੇ ਰਹੇ ਹਨ। ਰਿੰਕੂ ਕਾਂਗਰਸ ਛੱਡ ਕੇ ਆਪ 'ਚ ਸ਼ਾਮਲ ਹੋਏ ਸਨ। ਲੋਕ ਸਭਾ ਚੋਣਾਂ ਦੌਰਾਨ ਭਾਜਪਾ ਉਨ੍ਹਾਂ ਨੂੰ ਜਲੰਧਰ ਤੋਂ ਉਮੀਦਵਾਰ ਬਣਾ ਸਕਦੀ ਹੈ। ਉਹ ਜਲੰਧਰ ਤੋਂ ਇਸ ਵੇਲੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਨ। ਹਾਲੇ ਬੀਤੇ ਦਿਨ ਹੀ ਕਾਂਗਰਸ ਦੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਵੀ ਭਾਜਪਾ 'ਚ ਚਲੇ ਗਏ ਹਨ।

## 'ਆਪ' ਵੱਲੋਂ ਰਿੰਕੂ ਤੇ ਸ਼ੀਤਲ ਅੰਗੁਰਾਲ ਗੱਦਾਰ ਕਰਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਜਲੰਧਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨੇ ਸੁਸ਼ੀਲ ਕੁਮਾਰ ਰਿੰਕੂ ਤੇ ਵਿਧਾਇਕ ਸ਼ੀਤਲ ਅੰਗੁਰਾਲ ਨੂੰ ਭਾਜਪਾ ਵਿਚ ਸ਼ਾਮਲ ਹੋਣ 'ਤੇ ਗੱਦਾਰ ਕਰਾਰ ਦਿੱਤਾ ਹੈ। 'ਆਪ' ਨੇ ਕਿਹਾ ਕਿ ਦੋਵਾਂ ਆਗੂਆਂ ਨੂੰ ਲੋਕਾਂ ਨੇ ਇਸ ਲਈ ਚੁਣਿਆ ਸੀ ਕਿਉਂਕਿ ਉਹ 'ਆਪ' ਦੀਆਂ ਟਿਕਟਾਂ 'ਤੇ ਚੋਣ ਮੈਦਾਨ ਵਿਚ ਉਤਰੇ ਸਨ, ਪਰ ਹੁਣ ਉਹ ਜਲੰਧਰ ਦੇ ਲੋਕਾਂ ਅਤੇ ਉਨ੍ਹਾਂ ਦੇ ਭਰੋਸੇ ਨਾਲ ਧੋਖਾ ਕਰ ਰਹੇ ਹਨ।

# ਲੁਧਿਆਣਾ: ਬਿੱਟੂ ਨੇ ਕਾਂਗਰਸ ਦਾ ਸਿਆਸੀ ਗਣਿਤ ਵਿਗਾੜਿਆ

**ਲੁਧਿਆਣਾ:** ਕਾਂਗਰਸ ਵੱਲੋਂ ਚੌਥੀ ਵਾਰ ਲੋਕ ਸਭਾ ਟਿਕਟ ਦੇ ਮੁੱਖ ਦਾਅਵੇਦਾਰ ਰਵਨੀਤ ਸਿੰਘ ਬਿੱਟੂ ਨੇ ਭਾਜਪਾ ਵਿਚ ਸ਼ਾਮਲ ਹੋ ਕੇ ਕਾਂਗਰਸ ਦਾ ਸਿਆਸੀ ਗਣਿਤ ਵਿਗਾੜ ਦਿੱਤਾ ਹੈ। ਬਿੱਟੂ ਦੇ ਲੁਧਿਆਣਾ ਤੋਂ ਸੰਸਦ ਮੈਂਬਰ ਹੋਣ ਕਾਰਨ ਕਾਂਗਰਸ ਨੂੰ ਇੱਥੋਂ ਉਮੀਦਵਾਰ ਭਾਲਣ ਦੀ ਚਿੰਤਾ ਨਹੀਂ ਸੀ।

ਕਾਂਗਰਸ ਵੱਲੋਂ ਭੇਜੇ ਗਏ ਪੈਨਲ 'ਚ ਸਿਰਫ਼ ਰਵਨੀਤ ਸਿੰਘ ਬਿੱਟੂ ਦਾ ਹੀ ਨਾਮ ਸੀ। ਇਸ ਕਾਰਨ ਉਨ੍ਹਾਂ ਦੀ ਟਿਕਟ ਪੱਕੀ ਸੀ। ਐਨ ਮੌਕੇ ਉਤੇ ਬਿੱਟੂ ਨੇ ਭਾਜਪਾ 'ਚ ਸ਼ਾਮਲ ਹੋ ਕੇ ਕਾਂਗਰਸੀ ਵਰਕਰਾਂ ਨੂੰ ਤਾਂ ਹੈਰਾਨ ਕੀਤਾ ਹੀ ਪਰ ਨਾਲ ਹੀ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਦੇ ਸਾਹਮਣੇ ਵੀ ਸੰਕਟ ਪੈਦਾ ਕਰ ਦਿੱਤਾ ਹੈ। ਕਾਂਗਰਸ ਦੁਚਿੱਤੀ ਵਿਚ ਹੈ ਕਿ 2024 ਲੋਕ ਸਭਾ ਚੋਣ ਲਈ ਹੁਣ ਲੁਧਿਆਣਾ ਤੋਂ ਕਿਸ ਨੂੰ ਮੈਦਾਨ 'ਚ ਉਤਾਰਿਆ ਜਾਵੇ।

ਸੀਨੀਅਰ ਲੀਡਰਸ਼ਿਪ ਦੇ ਸਾਹਮਣੇ ਇਕ ਸਮੱਸਿਆ ਇਹ ਵੀ ਹੈ ਕਿ ਪੰਜਾਬ 'ਚ ਟਿਕਟਾਂ ਦੀ ਵੰਡ ਕੀਤੀ ਜਾਵੇ ਜਾਂ ਫਿਰ ਭਾਜਪਾ ਜਾਂ ਆਮ ਆਦਮੀ ਪਾਰਟੀ 'ਚ ਜਾ ਰਹੇ ਆਗੂਆਂ ਨੂੰ ਕਿਵੇਂ ਰੋਕਿਆ ਜਾਵੇ। ਹਾਲੇ ਵੀ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਨੂੰ ਸ਼ੱਕ ਹੈ ਕਿ ਪੰਜਾਬ ਦੇ ਕਈ ਵੱਡੇ ਆਗੂ ਇੱਧਰ-ਉਧਰ ਜਾ ਸਕਦੇ ਹਨ। ਪੰਜਾਬ ਨੂੰ ਕਾਲੇ ਦੌਰ 'ਚੋਂ ਬਾਹਰ ਕੱਢਣ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਨੇ ਯੂਥ ਕਾਂਗਰਸ ਤੋਂ ਆਪਣੇ ਰਾਜਸੀ ਸਫ਼ਰ ਦੀ ਸ਼ੁਰੂਆਤ ਕੀਤੀ ਸੀ। ਉਹ ਚੋਣ ਰਾਹੀਂ ਪੰਜਾਬ ਦੇ ਪਹਿਲੇ ਯੂਥ ਕਾਂਗਰਸ ਪ੍ਰਧਾਨ ਬਣੇ ਸਨ ਅਤੇ ਉਸ ਤੋਂ ਬਾਅਦ ਪਾਰਟੀ ਨੇ ਉਨ੍ਹਾਂ ਨੂੰ 2009 'ਚ ਪਹਿਲੀ ਵਾਰ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਚੋਣ ਲਈ ਮੈਦਾਨ 'ਚ ਉਤਾਰਿਆ ਤੇ ਉਨ੍ਹਾਂ ਜਿੱਤ ਹਾਸਲ ਕੀਤੀ। 2014 'ਚ ਕਾਂਗਰਸ ਨੇ ਉਨ੍ਹਾਂ ਨੂੰ ਲੁਧਿਆਣਾ ਤੋਂ ਉਮੀਦਵਾਰ ਬਣਾਇਆ। ਉਹ ਉੱਥੇ ਵੀ ਵੱਡੀ ਜਿੱਤ ਦਰਜ ਕਰਨ 'ਚ ਸਫ਼ਲ ਰਹੇ। 2019 'ਚ ਫਿਰ ਤੋਂ ਕਾਂਗਰਸ ਦੀ ਟਿਕਟ 'ਤੇ ਤੀਸਰੀ ਵਾਰ ਬਿੱਟੂ ਲੋਕ ਸਭਾ ਮੈਂਬਰ ਬਣੇ।



ਪਿਛਲੇ ਇਕ ਸਾਲ ਤੋਂ ਉਹ ਲਗਾਤਾਰ ਕਾਂਗਰਸ ਨੂੰ ਇੱਕਜੁਟ ਕਰਨ ਦੀ ਤਿਆਰੀ 'ਚ ਲੱਗੇ ਹੋਏ ਸਨ। ਨਗਰ ਨਿਗਮ ਨੂੰ ਤਾਲਾ ਲਾਉਣ ਦੇ ਮਾਮਲੇ 'ਚ ਵੀ ਪੂਰੀ ਕਾਂਗਰਸ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਦੀ ਅਗਵਾਈ 'ਚ ਅੱਗੇ ਵਧੀ ਸੀ। ਇੱਥੋਂ ਤੱਕ ਕਿ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਸੰਜੇ ਤਲਵਾੜ ਵੀ ਉਨ੍ਹਾਂ ਦੀ ਅਗਵਾਈ 'ਚ ਤਿਆਰ ਹੋ ਗਏ ਸਨ।

# ਆਬਕਾਰੀ ਨੀਤੀ: ਕੇਂਦਰੀ ਏਜੰਸੀ ਦਾ ਹੁਣ ਪੰਜਾਬ ਵੱਲ ਰੁਖ

**ਚੰਡੀਗੜ੍ਹ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਿੱਲੀ ਆਬਕਾਰੀ ਨੀਤੀ ਵਿਚ ਭੂਮਿਕਾ ਵਾਲੇ ਪੰਜਾਬ ਦੇ ਸੀਨੀਅਰ ਆਬਕਾਰੀ ਅਧਿਕਾਰੀਆਂ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਈ.ਡੀ. ਵੱਲੋਂ ਪਹਿਲਾਂ ਵੀ ਪੰਜਾਬ ਦੇ ਆਈ.ਏ.ਐਸ. ਅਧਿਕਾਰੀ ਕੇ.ਏ.ਪੀ ਸਿਨਹਾ, ਆਬਕਾਰੀ ਕਮਿਸ਼ਨਰ ਵਰੁਣ ਰੂਜ਼ਮ ਅਤੇ ਸੀਨੀਅਰ ਆਬਕਾਰੀ ਅਧਿਕਾਰੀ ਨਰੇਸ਼ ਦੂਬੇ ਤੋਂ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ।

ਹੁਣ ਜਦੋਂ ਦਿੱਲੀ ਆਬਕਾਰੀ ਮਾਮਲੇ ਵਿਚ ਈ.ਡੀ. ਵੱਲੋਂ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਕੇ ਹਿਰਾਸਤੀ ਪੁੱਛ-ਪੜਤਾਲ ਕੀਤੀ ਜਾ ਰਹੀ ਹੈ ਤਾਂ ਪੰਜਾਬ ਦੇ ਆਬਕਾਰੀ ਅਧਿਕਾਰੀਆਂ ਨੂੰ ਮੁੜ ਲਪੇਟੇ ਵਿਚ ਲਿਆ ਜਾ ਰਿਹਾ ਹੈ। ਪੰਜਾਬ ਦੇ ਇਨ੍ਹਾਂ ਅਧਿਕਾਰੀਆਂ ਦੀ ਫ਼ਿਲਹਾਲ ਦਿੱਲੀ ਆਬਕਾਰੀ ਨੀਤੀ ਨੂੰ ਲੈ ਕੇ ਛਾਣਬੀਣ ਕੀਤੀ ਜਾ ਰਹੀ ਹੈ, ਪਰ ਚਰਚੇ ਹਨ ਕਿ ਈ.ਡੀ. ਦਿੱਲੀ ਦੀ ਆਬਕਾਰੀ ਨੀਤੀ ਦੇ ਤਾਰ ਪੰਜਾਬ ਨਾਲ ਜੋੜ ਸਕਦੀ ਹੈ। ਪੰਜਾਬ ਵਿਚ ਵਿਰੋਧੀ ਧਿਰਾਂ ਵੱਲੋਂ ਰੌਲਾ ਪਾਇਆ ਜਾ ਰਿਹਾ ਹੈ ਕਿ ਦਿੱਲੀ ਆਬਕਾਰੀ ਨੀਤੀ ਦੀ ਤਰਜ਼ 'ਤੇ ਹੀ ਪੰਜਾਬ ਦੀ ਆਬਕਾਰੀ ਨੀਤੀ ਬਣਾਈ ਗਈ



ਹੈ ਜਿਸ ਦੀ ਜਾਂਚ ਹੋਣੀ ਚਾਹੀਦੀ ਹੈ। ਈਡੀ ਵੱਲੋਂ ਅਮਰੂਦ ਬਾਗ਼ ਘਪਲੇ ਨੂੰ ਲੈ ਕੇ ਪੰਜਾਬ ਵਿਚ 26 ਥਾਵਾਂ 'ਤੇ ਛਾਪੇ ਮਾਰੇ ਗਏ ਸਨ ਜਿਨ੍ਹਾਂ ਵਿਚ ਆਬਕਾਰੀ ਕਮਿਸ਼ਨਰ ਵਰੁਣ ਰੂਜ਼ਮ ਅਤੇ ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਰਿਹਾਇਸ਼ ਵੀ ਸ਼ਾਮਲ ਹੈ।

ਈ.ਡੀ. ਵੱਲੋਂ ਦਿੱਲੀ ਦੀ ਅਦਾਲਤ ਵਿਚ ਅਰਵਿੰਦ ਕੇਜਰੀਵਾਲ ਦੇ ਰਿਮਾਂਡ ਵਿਚ ਵਾਧੇ ਲਈ ਜੋ ਦਰਖਾਸਤ ਦਿੱਤੀ ਗਈ ਹੈ, ਉਸ ਵਿਚ ਪੰਜਾਬ ਦੇ ਆਬਕਾਰੀ ਅਧਿਕਾਰੀਆਂ ਦੀ ਭੂਮਿਕਾ ਦਾ ਵੀ ਖ਼ੁਲਾਸਾ ਕੀਤਾ ਗਿਆ ਹੈ। ਦਸ ਪੰਨਿਆਂ ਦੀ ਦਰਖਾਸਤ ਦੇ ਲੜੀ ਨੰਬਰ 18 'ਚ ਈ.ਡੀ ਨੇ ਦੱਸਿਆ ਹੈ ਕਿ ਕੇਜਰੀਵਾਲ ਦੇ ਰਿਮਾਂਡ ਦੌਰਾਨ ਪੰਜਾਬ ਦੇ ਸੀਨੀਅਰ ਆਬਕਾਰੀ ਅਧਿਕਾਰੀਆਂ ਨੂੰ ਵੀ ਸੰਮਨ ਜਾਰੀ ਕੀਤੇ ਗਏ ਸਨ, ਜੋ ਦਿੱਲੀ ਦੇ ਕੁਝ ਥੋਕ ਵਿਕਰੇਤਾਵਾਂ ਦੀ ਬਾਂਹ ਮਰੋੜਨ ਵਿਚ ਸ਼ਾਮਲ ਸਨ। ਈ.ਡੀ ਨੇ ਦਰਖਾਸਤ ਵਿਚ ਕਿਹਾ ਕਿ ਜਦੋਂ ਇਨ੍ਹਾਂ ਥੋਕ ਵਿਕਰੇਤਾਵਾਂ ਨੇ ਦਿੱਲੀ ਵਿਚ ਮੰਗੀ ਕਥਿਤ ਰਿਸ਼ਵਤ ਦੇਣ ਤੋਂ ਇਨਕਾਰ ਕੀਤਾ ਤਾਂ ਇਨ੍ਹਾਂ ਦੀਆਂ ਫ਼ੈਕਟਰੀਆਂ ਜਾਂ ਤਾਂ ਬੰਦ ਕਰ ਦਿੱਤੀਆਂ ਗਈਆਂ ਜਾਂ ਪੰਜਾਬ ਦੇ ਇਨ੍ਹਾਂ ਆਬਕਾਰੀ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਮਾਲ ਪੰਜਾਬ ਵਿਚ ਭੇਜਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਈ.ਡੀ ਨੇ ਪਿਛਲੇ ਹਫ਼ਤੇ ਵੀ ਪੰਜਾਬ ਦੇ ਆਬਕਾਰੀ ਅਧਿਕਾਰੀਆਂ ਨੂੰ ਸੰਮਨ ਕੀਤਾ ਸੀ ਪਰ ਉਹ ਸੰਗਰੂਰ 'ਚ ਜ਼ਹਿਰੀਲੀ ਸ਼ਰਾਬ ਕਾਰਨ ਵਾਪਰੇ ਕਾਂਡ ਦਾ ਹਵਾਲਾ ਦੇ ਕੇ ਸ਼ਾਮਲ ਨਹੀਂ ਹੋਏ ਸਨ।

### ਈ.ਡੀ. ਨੇ ਪੰਜਾਬ 'ਚ ਹੋਏ ਘਪਲੇ ਜਨਤਕ ਕੀਤੇ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਥੇ ਕੋਰ ਕਮੇਟੀ ਦੀ ਮੀਟਿੰਗ ਮਗਰੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਪੰਜਾਬ 'ਚ ਕੀਤੀ ਛਾਪੇਮਾਰੀ ਨੂੰ ਜਾਇਜ਼ ਦੱਸਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਪੰਜਾਬ ਦੇ ਵਸੀਲਿਆਂ ਦੀ ਖੁੱਲ੍ਹੇਆਮ ਲੁੱਟ ਹੋਈ ਹੈ ਜਿਸ ਦਾ ਸਬੂਤ ਅਮਰੂਦ ਬਾਗ਼ ਅਤੇ ਆਬਕਾਰੀ ਘੁਟਾਲਾ ਹੈ। ਉਨ੍ਹਾਂ ਕਿਹਾ ਕਿ ਈ.ਡੀ. ਸੱਚ ਨੂੰ ਸਾਹਮਣੇ ਲਿਆ ਰਹੀ ਹੈ ਅਤੇ ਸੂਬੇ ਦੀ ਲੁੱਟ 'ਚ ਸ਼ਾਮਲ ਕਿਸੇ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਜਾਖੜ ਨੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਜਲੰਧਰ ਦੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਨੂੰ 'ਆਪ' ਵੱਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਦੀ ਜਾਂਚ ਕਰਾਈ ਜਾਵੇ ਅਤੇ ਇਸੇ ਤਰ੍ਹਾਂ 'ਆਪ' ਦੇ ਦੋ ਵਿਧਾਇਕਾਂ ਵੱਲੋਂ 25 ਕਰੋੜ ਦੀ ਪੇਸ਼ਕਸ਼ ਦੇ ਦੋਸ਼ਾਂ ਦੀ ਵੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਤਾਂ ਕਿ ਸਚਾਈ ਲੋਕਾਂ ਦੇ ਸਾਹਮਣੇ ਆ ਸਕੇ।

## 23 ਖੂੰਖਾਰ ਨਸਲ ਦੇ ਕੁੱਤਿਆਂ ਦੀ ਵਿਕਰੀ ਉਤੇ ਪਾਬੰਦੀ

**ਨੋਇਡਾ:** ਉੱਤਰ ਪ੍ਰਦੇਸ਼ ਸਰਕਾਰ ਦੀਆਂ ਹਦਾਇਤਾਂ ਤੋਂ ਬਾਅਦ ਗੌਤਮ ਬੁੱਧ ਨਗਰ ਜ਼ਿਲ੍ਹੇ ਵਿਚ 23 ਖੂੰਖਾਰ ਨਸਲ ਦੇ ਕੁੱਤਿਆਂ ਦੀ ਵਿਕਰੀ ਅਤੇ ਪ੍ਰਜਨਨ ਉਤੇ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਗਿਆ ਹੈ। ਹੁਕਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਉਤੇ ਜੁਰਮਾਨਾ ਲਗਾਇਆ ਜਾਵੇਗਾ। ਜ਼ਿਲ੍ਹਾ ਪ੍ਰਸ਼ਾਸਨ ਨੇ ਕਿਹਾ ਹੈ ਕਿ ਜਿਨ੍ਹਾਂ ਕੋਲ ਪਹਿਲਾਂ ਹੀ ਇਨ੍ਹਾਂ ਨਸਲਾਂ ਦੇ ਕੁੱਤੇ ਹਨ, ਉਨ੍ਹਾਂ ਦੀ ਨਸਬੰਦੀ ਕਰਵਾਉਣੀ ਪਵੇਗੀ। ਪਾਬੰਦੀਸ਼ੁਦਾ ਕੁੱਤਿਆਂ ਦੀਆਂ ਨਸਲਾਂ ਵਿਚ ਪਿਟਬੁੱਲ ਟੈਰੀਅਰ, ਰੋਟਵੀਲਰ, ਟੋਸਾ ਇਨੂ, ਅਮਰੀਕਨ ਸਟੈਫੋਰਡਸ਼ਾਇਰ ਟੇਰੀਅਰ, ਫਿਲਾ ਬ੍ਰਾਸੀਲੀਰੋ, ਡੋਗੋ ਅਰਜਨਟੀਨੋ, ਅਮਰੀਕਨ ਬੁੱਲਡੌਗ, ਬੋਅਰਬੋਏਲ, ਕੰਗਲ, ਓਵਚਾਕੀ ਦੀਆਂ ਦੋ ਨਸਲਾਂ, ਕਾਕੇਸ਼ੀਅਨ ਸ਼ੈਫਰਡ ਕੁੱਤਾ, ਸੈਪਲਰਨਿਨਾਸ ਤੇ ਜਪਾਨੀ ਟੋਸਾ ਸ਼ਾਮਲ ਹਨ।

# ਬੱਬਰ ਖਾਲਸਾ ਦੇ ਚਾਰ ਕਾਰਕੁਨਾਂ ਨੂੰ ਉਮਰ ਕੈਦ ਤੇ ਜੁਰਮਾਨਾ

**ਮੁਹਾਲੀ:** ਮੁਹਾਲੀ ਦੀ ਇਕ ਵਿਸ਼ੇਸ਼ ਅਦਾਲਤ ਨੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਚਾਰ ਕਾਰਕੁਨਾਂ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਸਣੇ ਜਗਦੇਵ ਸਿੰਘ, ਰਵਿੰਦਰਪਾਲ ਸਿੰਘ ਅਤੇ ਹਰਚਰਨ ਸਿੰਘ ਨੂੰ ਦੋਸ਼ੀ ਮੰਨਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਨਾਲ ਹੀ ਦੋਸ਼ੀਆਂ ਨੂੰ 10 ਲੱਖ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ।

ਇਸ ਮਾਮਲੇ ਵਿਚ ਦੋਸ਼ੀਆਂ ਦੇ ਸਾਥੀ ਨਿਸ਼ਾਨ ਸਿੰਘ ਨੂੰ ਐਨ.ਆਈ.ਏ. ਵੱਲੋਂ ਵਾਅਦਾ ਮੁਆਫ਼ ਗਵਾਹ ਬਣਾਇਆ ਗਿਆ ਸੀ, ਜਿਸ ਦੀ ਗਵਾਹੀ ਅਤੇ ਐਨ.ਆਈ.ਏ. ਦੀ ਜਾਂਚ ਟੀਮ ਵੱਲੋਂ ਪੇਸ਼ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਕੁਲਵਿੰਦਰ ਖਾਨਪੁਰੀਆ ਕਨਾਟ ਪਲੇਸ ਦਿੱਲੀ ਵਿਚ ਹੋਏ ਬੰਬ ਧਮਾਕੇ ਵਿੱਚ ਵੀ ਨਾਮਜ਼ਦ ਸੀ।

ਦੋਸ਼ੀਆਂ ਖ਼ਿਲਾਫ਼ ਦਿੱਲੀ ਵਿਚ ਵੀ ਵੱਖਰਾ ਕੇਸ ਦਰਜ ਹੈ। ਇਸ ਤੋਂ ਇਲਾਵਾ ਉਸ 'ਤੇ ਧਾਰਮਿਕ ਗੁਰੂ ਨੂੰ ਮਾਰਨ ਦੀ ਸਾਜ਼ਿਸ਼ ਘੜਨ ਦਾ ਵੀ ਦੋਸ਼ ਹੈ। ਇਨ੍ਹਾਂ ਸਾਰੇ ਮਾਮਲਿਆਂ ਦੀ ਐਨ.ਆਈ.ਏ. ਵੱਲੋਂ ਜਾਂਚ ਕੀਤੀ ਜਾ ਰਹੀ ਸੀ। ਇਹ ਮਾਮਲਾ ਮੁਹਾਲੀ ਦੀ ਇਕ ਵਿਸ਼ੇਸ਼ ਐਨ.ਆਈ.ਏ. ਅਦਾਲਤ ਵਿਚ ਫਾਸਟ ਟਰੈਕ 'ਤੇ ਚੱਲ ਰਿਹਾ ਸੀ ਅਤੇ ਅਦਾਲਤ ਨੇ ਕੌਮੀ ਜਾਂਚ ਏਜੰਸੀ ਐਨ.ਆਈ.ਏ. ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਅਤੇ ਵਾਅਦਾ ਮੁਆਫ਼ ਗਵਾਹ ਨਿਸ਼ਾਨ ਸਿੰਘ ਦੀ ਗਵਾਹੀ ਨੂੰ ਆਧਾਰ ਬਣਾ ਕੇ ਆਪਣਾ ਫ਼ੈਸਲਾ ਸੁਣਾਇਆ ਗਿਆ।



ਉਧਰ, ਬਚਾਅ ਪੱਖ ਦੇ ਵਕੀਲਾਂ ਨੇ ਕਿਹਾ ਕਿ ਜਾਂਚ ਦੌਰਾਨ ਸਿਰਫ਼ ਦੋਸ਼ੀ ਜਗਦੇਵ ਸਿੰਘ ਅਤੇ ਰਵਿੰਦਰਪਾਲ ਸਿੰਘ ਕੋਲੋਂ ਦੋ ਦੇਸੀ ਕੱਟੇ ਬਰਾਮਦ ਹੋਏ ਸੀ ਪ੍ਰੰਤੂ ਕੁਲਵਿੰਦਰਜੀਤ ਸਿੰਘ ਅਤੇ ਹਰਚਰਨ ਸਿੰਘ ਕੋਲੋਂ ਕੋਈ ਹਥਿਆਰ ਜਾਂ ਧਮਾਕਾਖੇਜ ਸਮੱਗਰੀ ਬਰਾਮਦ ਨਹੀਂ ਹੋਈ ਸੀ। ਅਦਾਲਤ ਨੇ ਇਹ ਫ਼ੈਸਲਾ ਸਿਰਫ਼ ਐਨ.ਆਈ.ਏ. ਦੀਆਂ ਦਲੀਲਾਂ ਅਤੇ ਵਾਅਦਾਮੁਆਫ਼ ਗਵਾਹ ਦੀ ਗਵਾਹੀ ਨੂੰ ਅਧਾਰ ਬਣਾ ਕੇ ਸੁਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦੇ ਤਾਜ਼ਾ ਫ਼ੈਸਲੇ ਦੀ ਕਾਪੀ ਮਿਲਣ ਤੋਂ ਬਾਅਦ ਇਨਸਾਫ਼ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਜਾਵੇਗੀ।

# ਸਰਬਜੀਤ ਸਿੰਘ ਨੇ ਲਈ ਬਾਬਾ ਤਰਸੇਮ ਸਿੰਘ ਦੀ ਹੱਤਿਆ ਦੀ ਜ਼ਿੰਮੇਵਾਰੀ

**ਦੇਹਰਾਦੂਨ:** ਉੱਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ 'ਚ ਸਥਿਤ ਗੁਰਦੁਆਰਾ ਨਾਨਕਮੱਤਾ ਸਾਹਿਬ ਦੇ ਕਾਰਸੇਵਾ ਡੇਰਾ ਮੁਖੀ ਦੀ ਮੋਟਰਸਾਈਕਲ ਸਵਾਰ ਦੋ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸੇ ਦੌਰਾਨ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਗੁਰਦੁਆਰੇ ਪਹੁੰਚ ਕੇ ਬਾਬਾ ਤਰਸੇਮ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਐਸ.ਐਸ.ਪੀ. ਮੰਜੂਨਾਥ ਨੇ ਦੱਸਿਆ ਕਿ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਬਾਬਾ ਤਰਸੇਮ ਸਿੰਘ ਨੂੰ ਖਟੀਮਾ ਦੇ ਹਸਪਤਾਲ ਲਿਜਾਇਆ ਗਿਆ ਜਿੱਥੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ।

ਉਧਰ, ਬਾਬਾ ਤਰਸੇਮ ਸਿੰਘ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ ਦੀ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਮੀਆਂਵਿੰਡ ਦੇ ਵਾਸੀ ਸਰਬਜੀਤ ਸਿੰਘ ਨੇ ਜ਼ਿੰਮੇਵਾਰੀ ਲਈ ਹੈ। ਸੋਸ਼ਲ ਮੀਡੀਆ 'ਤੇ ਪਾਈ ਪੋਸਟ ਵਿਚ ਸਰਬਜੀਤ ਸਿੰਘ ਨੇ ਕਿਹਾ ਕਿ ਬਾਬਾ ਤਰਸੇਮ ਸਿੰਘ ਨੇ ਮੁੱਖ ਮੰਤਰੀ ਪੁਸ਼ਕਰ ਧਾਮੀ ਨੂੰ ਗੁਰਦੁਆਰੇ ਵਿਚ ਬੁਲਾ ਕੇ ਉਥੇ ਲੜਕੀਆਂ ਨੂੰ ਨਚਾਇਆ ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂੰਦਰੇ ਜਾ ਰਹੇ ਸਨ। ਹੱਤਿਆ ਦੇ ਮਾਮਲੇ ਵਿਚ ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਸਮੇਤ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਐਫ.ਆਈ.ਆਰ. ਵਿਚ ਨਾਮਜ਼ਦ ਵਿਅਕਤੀਆਂ ਵਿਚ ਦੋ ਹਮਲਾਵਰਾਂ ਸਰਬਜੀਤ ਸਿੰਘ ਅਤੇ ਅਮਰਜੀਤ ਸਿੰਘ, ਸਾਬਕਾ ਆਈ.ਏ.ਐਸ. ਅਧਿਕਾਰੀ ਹਰਬੰਸ ਸਿੰਘ ਚੁੱਘ, ਜੋ ਨਾਨਕਮੱਤਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਹਨ, ਬਾਬਾ ਅਨੂਪ ਸਿੰਘ ਅਤੇ ਪ੍ਰੀਤਮ ਸਿੰਘ ਸੰਧੂਰ ਸ਼ਾਮਲ ਹਨ। ਐਸ.ਐਸ.ਪੀ. ਮੰਜੂਨਾਥ ਟੀਸੀ ਨੇ ਕਿਹਾ ਕਿ ਸਰਬਜੀਤ ਸਿੰਘ ਪੰਜਾਬ ਦੇ ਤਰਨਤਾਰਨ ਦਾ ਰਹਿਣ ਵਾਲਾ ਹੈ ਜਦਕਿ ਅਮਰਜੀਤ ਸਿੰਘ ਉੱਤਰ ਪ੍ਰਦੇਸ਼ ਦੇ ਰਾਮਪੁਰ ਦਾ ਰਹਿਣ ਵਾਲਾ ਹੈ। ਉਨ੍ਹਾਂ ਉਤੇ ਭਾਰਤੀ ਦੰਡਾਵਲੀ ਦੀ ਧਾਰਾ 302 (ਕਤਲ), 120ਬੀ (ਅਪਰਾਧਿਕ ਸਾਜ਼ਿਸ਼) ਅਤੇ 34 (ਸਾਂਝੇ ਇਰਾਦੇ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਸਮੇਤ ਤਿੰਨ ਹੋਰਾਂ ਨੂੰ ਐਫ.ਆਈ.ਆਰ. ਵਿਚ ਨਾਮਜ਼ਦ ਕੀਤਾ ਗਿਆ ਹੈ ਕਿਉਂਕਿ ਸ਼ਿਕਾਇਤਕਰਤਾ ਨੇ ਉਨ੍ਹਾਂ ਦੀ ਭੂਮਿਕਾ ਬਾਰੇ ਸ਼ੱਕ ਜਤਾਇਆ ਸੀ।



ਐਸ.ਐਸ.ਪੀ. ਮੰਜੂਨਾਥ ਨੇ, 'ਸਾਡੇ ਕੋਲ ਹਮਲਾਵਰਾਂ ਦੀ ਸੀ.ਸੀ.ਟੀ.ਵੀ. ਫੁਟੇਜ ਹੈ ਜਿਸ ਵਿਚ ਉਹ ਸਪੱਸ਼ਟ ਦਿਖਾਈ ਦੇ ਰਹੇ ਹਨ। ਉਹ ਦੋਵੇਂ ਸਿੱਖ ਹਨ।' ਉਨ੍ਹਾਂ ਕਿਹਾ ਕਿ ਘਟਨਾ ਤੋਂ ਬਾਅਦ ਹਮਲਾਵਰ ਫਰਾਰ ਹੋ ਗਏ। ਮੰਜੂਨਾਥ ਨੇ ਦੱਸਿਆ ਕਿ ਸੀ.ਸੀ.ਟੀ.ਵੀ. ਫੁਟੇਜ 'ਚ ਦਿਖਾਈ ਦੇ ਰਿਹਾ ਹੈ ਕਿ ਸਵੇਰੇ ਕਰੀਬ ਸਵਾ ਛੇ ਵਜੇ ਹਮਲਾਵਰ ਗੁਰਦੁਆਰੇ ਅੰਦਰ ਦਾਖਲ ਹੁੰਦੇ ਹਨ ਅਤੇ ਫਿਰ ਉਹ ਤਰਸੇਮ ਸਿੰਘ ਨੂੰ ਰਾਈਫਲ ਨਾਲ ਗੋਲੀ ਮਾਰ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਗੋਲੀ ਮਾਰਨ ਵਾਲਾ ਸ਼ਖਸ ਮੋਟਰਸਾਈਕਲ ਦੇ ਪਿੱਛੇ ਬੈਠਾ ਸੀ। ਕੁਰਸੀ 'ਤੇ ਬੈਠੇ ਤਰਸੇਮ ਸਿੰਘ ਨੂੰ ਦੋ ਗੋਲੀਆਂ ਮਾਰੀਆਂ ਗਈਆਂ। ਪਹਿਲੀ ਗੋਲੀ ਸਾਹਮਣਿਓਂ ਤੇ ਦੂਜੀ ਗੋਲੀ ਪਿੱਛਿਓਂ ਮਾਰੀ ਗਈ। ਸਿੰਘ ਜ਼ਮੀਨ 'ਤੇ ਡਿੱਗ ਗਏ। ਇਸੇ ਦੌਰਾਨ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਨਾਨਕਮੱਤਾ ਗੁਰਦੁਆਰਾ ਕੈਂਪ ਪਹੁੰਚ ਕੇ ਬਾਬਾ ਤਰਸੇਮ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।

## ਫਰੀਦਕੋਟ ਦੀ ਜਸਲੀਨ ਕੌਰ ਇਸਰੋ ਦੀ ਯੁਵਾ ਵਿਗਿਆਨੀ ਬਣੀ

**ਫਰੀਦਕੋਟ:** ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਦੀ ਵਿਦਿਆਰਥਣ ਜਸਲੀਨ ਕੌਰ ਬਰਾੜ ਨੇ ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ ਵੱਲੋਂ ਕਰਵਾਏ ਗਏ ਸਪੇਸ ਕੁਇਜ਼ ਵਿਚ ਭਾਗ ਲੈ ਕੇ ਭਾਰਤ 'ਚੋਂ 54ਵਾਂ ਸਥਾਨ ਹਾਸਲ ਕੀਤਾ ਹੈ ਜਦਕਿ ਪੰਜਾਬ ਵਿਚੋਂ ਇਹ ਸਫਲਤਾ ਹਾਸਲ ਕਰਨ ਵਾਲੇ ਅੱਠ ਵਿਦਿਆਰਥੀਆਂ 'ਚ ਸ਼ਾਮਲ ਹੈ। ਸਕੂਲ ਪ੍ਰਿੰਸੀਪਲ ਡਾ. ਐਸ.ਐਸ. ਬਰਾੜ ਨੇ ਦੱਸਿਆ ਕਿ ਇਸਰੋ ਵੱਲੋਂ ਇਸ ਵਿਦਿਆਰਥਣ ਦੀ ਯੁਵਾ ਵਿਗਿਆਨੀ ਵਜੋਂ ਚੋਣ ਕਰਕੇ ਇੰਡੀਅਨ ਇੰਸਟੀਚਿਊਟ ਆਫ ਰਿਮੋਟ ਸੈਂਸਿਗ ਦੇਹਰਾਦੂਨ ਵਿਚ ਮੁਫ਼ਤ ਟਰੇਨਿੰਗ ਯੁਵਿਕਾ-2024 ਲਈ ਭੇਜਿਆ ਜਾ ਰਿਹਾ ਹੈ। ਵਿਦਿਆਰਥਣ ਦੇ ਪਿਤਾ ਸਰਬਜੀਤ ਸਿੰਘ ਬਰਾੜ ਨੇ ਕਿਹਾ ਕਿ ਉਸ ਦੀ ਧੀ ਦੀ ਇਸ ਸ਼ਾਨਦਾਰ ਪ੍ਰਾਪਤੀ ਦਾ ਸਿਹਰਾ ਸੰਸਥਾ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਨੂੰ ਜਾਂਦਾ ਹੈ।

# ਸਿੱਖ ਨੌਜਵਾਨ ਨੂੰ ਘਰੋਂ ਚੁੱਕਣ ਵਾਲੇ ਸਾਬਕਾ ਐਸ.ਪੀ. ਨੂੰ ਦਸ ਸਾਲ ਕੈਦ

**ਮੁਹਾਲੀ:** ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸਿੱਖ ਨੌਜਵਾਨ ਬਲਵਿੰਦਰ ਸਿੰਘ ਵਾਸੀ ਝਬਾਲ ਨੂੰ ਘਰੋਂ ਚੁੱਕ ਕੇ ਨਾਜਾਇਜ਼ ਹਿਰਾਸਤ ਵਿਚ ਰੱਖਣ ਦੇ 32 ਸਾਲ ਪੁਰਾਣੇ ਕੇਸ ਦਾ ਨਿਬੇੜਾ ਕਰਦਿਆਂ ਪੰਜਾਬ ਪੁਲਿਸ ਦੇ ਐਸ.ਪੀ. (ਸੇਵਾਮੁਕਤ) ਅਮਰਜੀਤ ਸਿੰਘ ਨੂੰ ਦੋਸ਼ੀ ਮੰਨਦੇ ਹੋਏ 10 ਸਾਲ ਦੀ ਕੈਦ ਅਤੇ ਦੋ ਲੱਖ ਰੁਪਏ ਜੁਰਮਾਨਾ ਕੀਤਾ ਹੈ। ਜਦੋਂ ਕਿ ਇਸ ਮਾਮਲੇ ਵਿਚ ਨਾਮਜ਼ਦ ਤਤਕਾਲੀ ਡੀ.ਐਸ.ਪੀ. ਅਸ਼ੋਕ ਸ਼ਰਮਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

ਪੀੜਤ ਪਰਿਵਾਰ ਵੱਲੋਂ ਸੀਨੀਅਰ ਵਕੀਲ ਸਰਬਜੀਤ ਸਿੰਘ ਵੇਰਕਾ, ਜਗਜੀਤ ਸਿੰਘ ਬਾਜਵਾ, ਪੁਸ਼ਪਿੰਦਰ ਸਿੰਘ ਨੱਤ ਅਤੇ ਬਲਜਿੰਦਰ ਸਿੰਘ ਬਾਜਵਾ ਅਤੇ ਸੀ.ਬੀ.ਆਈ. ਦੀ ਤਰਫ਼ੋਂ ਵਕੀਲ ਜੈਹਿੰਦ ਅਤੇ ਅਨਮੋਲ ਨਾਰੰਗ ਨੇ ਇਸ ਕੇਸ ਦੀ ਪੈਰਵਾਈ ਕੀਤੀ। ਪੀੜਤ ਪਰਿਵਾਰ ਦੀ ਵਕੀਲਾਂ ਨੇ ਦੱਸਿਆ ਕਿ 4 ਅਕਤੂਬਰ 1992 ਨੂੰ ਬਲਵਿੰਦਰ ਸਿੰਘ ਦੀ ਪਤਨੀ ਰਾਜਵੰਤ ਕੌਰ ਅਤੇ ਮਾਂ ਗੁਰਬਚਨ ਕੌਰ ਨੂੰ ਪੰਜਾਬ ਪੁਲਿਸ ਦੇ ਤਤਕਾਲੀ ਡੀ.ਐਸ.ਪੀ. ਅਸ਼ੋਕ ਸ਼ਰਮਾ ਅਤੇ ਥਾਣਾ ਝਬਾਲ ਦੇ ਤਤਕਾਲੀ ਐਸ.ਐਚ.ਓ. ਅਮਰਜੀਤ ਸਿੰਘ (ਹੁਣ ਸੇਵਾਮੁਕਤ ਐੱਸਪੀ) ਨੇ ਘਰੋਂ ਚੁੱਕ ਕੇ ਥਾਣੇ ਲਿਆਂਦਾ ਸੀ। ਉਸੇ ਦਿਨ ਬਲਵਿੰਦਰ ਸਿੰਘ ਝਬਾਲ ਨੂੰ ਵੀ ਪਿੰਡ 'ਚੋਂ ਚੁੱਕ ਲਿਆ ਗਿਆ। ਨੌਜਵਾਨ ਦੀ ਮਾਂ ਗੁਰਬਚਨ ਕੌਰ ਨੂੰ 4 ਦਿਨਾਂ ਬਾਅਦ ਅਤੇ ਉਸ ਦੀ ਪਤਨੀ ਰਾਜਵੰਤ ਕੌਰ ਨੂੰ ਅੱਠ ਦਿਨਾਂ ਬਾਅਦ ਛੱਡ ਦਿੱਤਾ ਪਰ ਬਲਵਿੰਦਰ ਸਿੰਘ ਨੂੰ 15 ਦਿਨ ਝਬਾਲ ਥਾਣੇ ਵਿਚ ਨਾਜਾਇਜ਼ ਹਿਰਾਸਤ ਵਿਚ ਰੱਖਣ ਤੋਂ ਬਾਅਦ ਭੇਤਭਰੀ ਹਾਲਤ ਵਿਚ ਲਾਪਤਾ ਕਰ ਦਿੱਤਾ ਸੀ। ਇਸ ਤੋਂ ਬਾਅਦ ਸਿੱਖ ਨੌਜਵਾਨ ਦਾ ਕੋਈ ਥਹੁ ਪਤਾ ਨਹੀਂ ਲੱਗਿਆ। ਇਸ ਮਗਰੋਂ ਬਲਵਿੰਦਰ ਸਿੰਘ ਦੀ ਪਤਨੀ ਰਾਜਵੰਤ ਕੌਰ ਨੇ ਇਨਸਾਫ਼ ਪ੍ਰਾਪਤੀ ਲਈ ਹਾਈ ਕੋਰਟ ਦਾ ਬੂਹਾ ਖੜਕਾਇਆ ਪਰ ਪੀੜਤ ਪਰਿਵਾਰ ਦੀ ਪਟੀਸ਼ਨ ਖਾਰਜ ਕਰ ਦਿੱਤੀ।



# ਮਿਸ਼ਨ 2024: ਭਾਜਪਾ ਦੀਆਂ ਸਰਗਰਮੀਆਂ ਤੋਂ ਚੌਕਸ ਹੋਈ 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਹੁਣ 'ਅਪਰੇਸ਼ਨ ਲੋਟਸ' ਦੀ ਸੰਭਾਵੀ ਚੁਣੌਤੀ ਨਾਲ ਨਜਿੱਠਣ ਵਿਚ ਜੁੱਟ ਗਈ ਹੈ। 'ਆਪ' ਵੱਲੋਂ ਹੁਣ ਪਾਰਟੀ ਵਿਧਾਇਕਾਂ ਨੂੰ ਚੌਕਸ ਕੀਤਾ ਜਾ ਰਿਹਾ ਹੈ। ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਦੇ ਭਾਜਪਾ ਵਿਚ ਸ਼ਮੂਲੀਅਤ ਕਰਨ ਮਗਰੋਂ 'ਆਪ' ਵਿਧਾਇਕਾਂ ਦੀ



ਸਰਕਾਰ ਅੰਦਰ ਪੁੱਛਗਿੱਛ ਵਧ ਗਈ ਹੈ। 'ਆਪ' ਨੇ ਆਪਣੇ ਵਿਧਾਇਕਾਂ ਨੂੰ ਅਫ਼ਵਾਹਾਂ ਤੋਂ ਬਚਣ ਦੀ ਸਲਾਹ ਦਿੱਤੀ ਹੈ ਅਤੇ ਅੰਦਰੋ-ਅੰਦਰੀ ਵਿਧਾਇਕਾਂ 'ਤੇ ਨਜ਼ਰ ਵੀ ਰੱਖਣੀ ਸ਼ੁਰੂ ਕਰ ਦਿੱਤੀ ਹੈ।

ਸੂਤਰਾਂ ਅਨੁਸਾਰ ਅਪਰੈਲ ਦੇ ਪਹਿਲੇ ਹਫ਼ਤੇ ਮੁੱਖ ਮੰਤਰੀ ਲੋਕ ਸਭਾ ਹਲਕਾ ਵਾਈਜ਼ ਪਾਰਟੀ ਵਿਧਾਇਕਾਂ ਅਤੇ ਵਜ਼ੀਰਾਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਸਕਦੇ ਹਨ। ਇਨ੍ਹਾਂ ਮੀਟਿੰਗਾਂ ਵਿਚ ਪਾਰਟੀ ਵਿਧਾਇਕਾਂ ਦੀਆਂ ਮੁਸ਼ਕਲਾਂ ਅਤੇ ਹਲਕੇ ਦੀਆਂ ਸਮੱਸਿਆਵਾਂ ਨੂੰ ਸੁਣਿਆ ਜਾਵੇਗਾ। ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਪਾਰਟੀ ਦੇ ਅਸੰਤੁਸ਼ਟ ਵਿਧਾਇਕਾਂ ਦੀ ਸ਼ਨਾਖ਼ਤ ਕੀਤੀ ਜਾ ਰਹੀ ਹੈ ਜਿਨ੍ਹਾਂ ਦੀ ਨਰਾਜ਼ਗੀ ਦੂਰ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਵੇਗੀ।

'ਆਪ' ਦੇ ਤਿੰਨ ਵਿਧਾਇਕਾਂ ਜਗਦੀਪ ਸਿੰਘ ਗੋਲਡੀ ਕੰਬੋਜ, ਰਾਜਿੰਦਰਪਾਲ ਕੌਰ ਅਤੇ ਅਮਨਦੀਪ ਸਿੰਘ ਨੇ ਪ੍ਰਗਟਾਵਾ ਕੀਤਾ ਸੀ ਕਿ ਉਨ੍ਹਾਂ ਨੂੰ ਫ਼ੋਨ ਕਾਲਾਂ ਆ ਰਹੀਆਂ ਹਨ ਅਤੇ ਭਾਜਪਾ ਵਿਚ ਸ਼ਾਮਲ ਹੋਣ ਦੀ ਗੱਲ ਕਹੀ ਜਾ ਰਹੀ ਹੈ ਅਤੇ ਬਦਲੇ ਵਿਚ ਪੈਸਿਆਂ ਦੀ ਪੇਸ਼ਕਸ਼ ਵੀ ਕੀਤੀ ਜਾ ਰਹੀ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਇਨ੍ਹਾਂ ਦੋਸ਼ਾਂ ਦੀ ਜਾਂਚ ਕਰਾਉਣੀ ਚਾਹੀਦੀ ਹੈ ਤਾਂ ਜੋ ਸਚਾਈ ਲੋਕਾਂ ਸਾਹਮਣੇ ਆ ਸਕੇ। 'ਆਪ' ਵਿਚ ਸ਼ਾਮਲ ਹੋਏ ਡਾ.ਰਾਜ ਕੁਮਾਰ ਚੱਬੇਵਾਲ ਦੀ ਹੁਸ਼ਿਆਰਪੁਰ ਤੋਂ ਸੰਭਾਵੀ ਉਮੀਦਵਾਰੀ ਨੂੰ ਲੈ ਕੇ ਵੀ ਕਈ ਚਰਚੇ ਸ਼ੁਰੂ ਹੋ ਗਏ ਹਨ।

ਆਮ ਆਦਮੀ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਸੰਦੀਪ ਪਾਠਕ ਨੇ ਕਿਹਾ ਕਿ ਜ਼ਿਆਦਾਤਰ ਵਿਧਾਇਕਾਂ ਨੂੰ ਫ਼ੋਨ ਆ ਰਹੇ ਹਨ ਅਤੇ ਵਿਧਾਇਕਾਂ ਨੂੰ ਲਾਲਚ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫ਼ੋਨ ਕਰਨ ਵਾਲਾ ਹਲਕੀ ਸੁਰ ਵਿਚ ਧਮਕੀ ਵੀ ਦੇ ਰਿਹਾ ਹੈ ਕਿ ਜੇਕਰ ਉਹ ਭਾਜਪਾ ਵਿਚ ਸ਼ਮੂਲੀਅਤ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਇਕੱਲੀ ਗੁੰਡਾਗਰਦੀ ਹੀ ਨਹੀਂ ਕਰ ਰਹੀ ਬਲਕਿ ਦੇਸ਼ ਨਾਲ ਵੀ ਧੋਖਾ ਕਰ ਰਹੀ ਹੈ ਜਿਸ ਨਾਲ ਦੇਸ਼ ਨੂੰ ਨੁਕਸਾਨ ਹੋਵੇਗਾ।

ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ, ਹਲਕਾ ਬੱਲੂਆਣਾ ਤੋਂ ਵਿਧਾਇਕ ਅਮਨਦੀਪ ਸਿੰਘ ਮੁਸਾਫਿਰ ਅਤੇ ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਜਿੰਦਰ ਪਾਲ ਕੌਰ ਛੀਨਾ ਨੇ ਕਿਹਾ ਕਿ ਭਾਜਪਾ ਨੇ ਉਨ੍ਹਾਂ ਨੂੰ ਸੰਪਰਕ ਕੀਤਾ ਅਤੇ ਪਾਰਟੀ ਵਿਚ ਸ਼ਾਮਲ ਹੋਣ ਲਈ ਪੈਸੇ ਦੇਣ ਦੀ ਪੇਸ਼ਕਸ਼ ਕੀਤੀ।

ਵਿਧਾਇਕ ਜਗਦੀਪ ਕੰਬੋਜ ਨੇ ਕਿਹਾ ਕਿ ਭਾਜਪਾ ਨੇ ਪਹਿਲਾਂ ਝੂਠੇ ਕੇਸ ਦਰਜ ਕਰਕੇ ਕਈ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਤੇ ਹੁਣ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਵਿਚ ਡੱਕ ਦਿੱਤਾ। ਉਨ੍ਹਾਂ ਕਿਹਾ ਕਿ ਵਿਦੇਸ਼ੀ ਨੰਬਰ ਤੋਂ ਉਨ੍ਹਾਂ ਨੂੰ ਫੋਨ ਆਇਆ। ਸੇਵਕ ਸਿੰਘ ਨਾਮ ਦੇ ਵਿਅਕਤੀ ਨੇ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਲ ਹੋਣ ਲਈ 20-25 ਕਰੋੜ ਦੀ ਪੇਸ਼ਕਸ਼ ਕੀਤੀ। ਵਿਧਾਇਕ ਹਰਜਿੰਦਰ ਪਾਲ ਕੌਰ ਛੀਨਾ ਨੂੰ ਵੀ ਵਿਦੇਸ਼ੀ ਨੰਬਰ ਤੋਂ ਸੇਵਕ ਸਿੰਘ ਨੇ ਫੋਨ ਕਰਕੇ ਭਾਜਪਾ 'ਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ।

## 'ਆਪ' ਲੋਕਾਂ ਦਾ ਧਿਆਨ ਭਟਕਾਉਣ ਲਈ ਡਰਾਮੇਬਾਜ਼ੀ ਕਰ ਰਹੀ ਹੈ: ਅਸ਼ਵਨੀ ਸ਼ਰਮਾ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ 'ਆਪ' ਲੋਕਾਂ ਦਾ ਧਿਆਨ ਭਟਕਾਉਣ ਲਈ ਡਰਾਮੇਬਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਦਿੱਲੀ ਦੀ ਤਰਜ਼ 'ਤੇ ਪੰਜਾਬ ਵਿਚ ਆਬਕਾਰੀ ਨੀਤੀ ਲਿਆਂਦੀ ਗਈ ਹੈ ਅਤੇ ਭਾਜਪਾ ਉਸ ਦੀ ਵੀ ਜਾਂਚ ਕਰਵਾਉਣ ਦੀ ਮੰਗ ਕਰ ਰਹੀ ਹੈ। ਇਸੇ ਕਰਕੇ 'ਆਪ' ਸਾਰਿਆਂ ਦਾ ਧਿਆਨ ਭਟਕਾਉਣ ਵਿਚ ਲੱਗੀ ਹੋਈ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਜੇ 'ਆਪ' ਨੂੰ ਫੋਨ ਆ ਰਹੇ ਹਨ ਤਾਂ ਪੁਲਿਸ ਉਨ੍ਹਾਂ ਦੀ ਹੈ ਉਹ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਕਰਨ।

## ਪੰਜਾਬ 'ਚ 'ਅਪਰੇਸ਼ਨ ਲੋਟਸ' ਚਲਾਇਆ ਜਾ ਰਿਹੈ: ਭਾਰਦਵਾਜ

**ਨਵੀਂ ਦਿੱਲੀ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਇਕੋ-ਇਕ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ 'ਆਪ' ਦੇ ਸੀਨੀਅਰ ਆਗੂ ਸੌਰਭ ਭਾਰਦਵਾਜ ਨੇ ਦੋਸ਼ ਲਾਇਆ ਕਿ ਸੂਬੇ 'ਚ 'ਅਪਰੇਸ਼ਨ ਲੋਟਸ' ਚਲਾਇਆ ਜਾ ਰਿਹਾ ਹੈ। ਉਨ੍ਹਾਂ ਰਿੰਕੂ ਦੇ ਭਾਜਪਾ 'ਚ ਸ਼ਾਮਲ ਹੋਣ ਦੇ ਫ਼ੈਸਲੇ 'ਤੇ ਸਵਾਲ ਚੁਕਦਿਆਂ ਕਿਹਾ, 'ਪੰਜਾਬ ਵਿਧਾਨ ਸਭਾ ਚੋਣਾਂ-2022 'ਚ ਭਾਜਪਾ ਦਾ ਨੰਬਰ 'ਆਪ', ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਤੋਂ ਬਾਅਦ ਚੌਥਾ ਸੀ। ਸਵਾਲ ਇਹ ਹੈ ਕਿ ਰਿੰਕੂ ਭਾਜਪਾ 'ਚ ਸ਼ਾਮਲ ਕਿਉਂ ਹੋਏ।' ਉਨ੍ਹਾਂ ਦਾਅਵਾ ਕੀਤਾ ਕਿ ਜਲੰਧਰ ਲੋਕ ਸਭਾ ਚੋਣ 'ਚ ਵੀ ਭਾਜਪਾ ਚੌਥੇ ਸਥਾਨ 'ਤੇ ਰਹੇਗੀ।

# ਭਾਰਤ ਨੂੰ ਬੇਰੁਜ਼ਗਾਰੀ ਦੇ ਸੰਕਟ ਨੇ ਜਕੜਿਆ

**ਚੰਡੀਗੜ੍ਹ:** ਆਲਮੀ ਕਿਰਤ ਅਦਾਰੇ (ਆਈ.ਐਲ.ਓ.) ਅਤੇ ਮਾਨਵੀ ਵਿਕਾਸ ਸੰਸਥਾ (ਆਈ.ਐਚ.ਡੀ.) ਦੀ ਭਾਰਤ ਵਿਚ ਰੁਜ਼ਗਾਰ ਦੇ ਹਾਲਾਤ ਬਾਰੇ ਸਾਂਝੇ ਤੌਰ ਉਤੇ ਪ੍ਰਕਾਸ਼ਿਤ ਸਾਲ 2024 ਦੀ ਰਿਪੋਰਟ ਮੁਤਾਬਕ ਦੇਸ਼ ਦੇ ਕੁੱਲ ਬੇਰੁਜ਼ਗਾਰਾਂ ਵਿਚੋਂ 83 ਫ਼ੀਸਦ ਨੌਜਵਾਨ ਹਨ ਜਿਸ ਕਰ ਕੇ ਭਾਰਤ ਨੂੰ ਬੇਰੁਜ਼ਗਾਰੀ ਦੇ ਸੰਕਟ ਨੇ ਜਕੜ ਲਿਆ ਹੈ। ਇਸ ਰਿਪੋਰਟ ਮੁਤਾਬਕ ਸਾਲ 2022 ਵਿਚ ਘੱਟੋ-ਘੱਟ ਸੈਕੰਡਰੀ ਸਿੱਖਿਆ ਪ੍ਰਾਪਤ ਬੇਰੁਜ਼ਗਾਰ ਨੌਜਵਾਨਾਂ ਦਾ ਅਨੁਪਾਤ ਵਧ ਕੇ 65.7 ਫ਼ੀਸਦ ਹੋ ਗਿਆ ਜੋ ਸਾਲ 2000 ਵਿਚ 35.2 ਫ਼ੀਸਦ ਸੀ।




ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਸਾਲ 2000 ਤੋਂ 2018 ਤੱਕ ਦੇ ਲੰਮੇ ਅਰਸੇ ਦੌਰਾਨ ਕਿਰਤ ਸ਼ਕਤੀ ਭਾਗੀਦਾਰੀ ਦਰ, ਕਾਮਾ-ਆਬਾਦੀ ਅਨੁਪਾਤ (ਹਰ ਇਕ ਹਜ਼ਾਰ ਨਾਗਰਿਕਾਂ ਪਿੱਛੇ ਕਾਮਿਆਂ ਦੀ ਸੰਖਿਆ) ਅਤੇ ਬੇਰੁਜ਼ਗਾਰੀ ਦਰ ਦੀ ਹਾਲਤ ਵਿਗੜਦੀ ਰਹੀ ਸੀ ਪਰ 2019 ਤੋਂ ਬਾਅਦ ਇਸ ਵਿਚ ਥੋੜ੍ਹਾ ਸੁਧਾਰ ਆਇਆ ਸੀ। ਇਹ ਮੋੜਾ ਉਦੋਂ ਪਿਆ ਸੀ ਜਦੋਂ ਕੋਵਿਡ-19 ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਆਰਥਿਕ ਤਬਾਹੀ ਦੇ ਦੌਰ ਆਏ ਸਨ ਜਿਸ ਵਿਚ ਕੋਵਿਡ ਕਾਲ ਦੀਆਂ ਦੋ ਤਿਮਾਹੀਆਂ ਵਿਚ ਸਿਖਰਾਂ ਦਾ ਅਪਵਾਦ ਰਿਹਾ ਹੈ। ਉਂਝ ਰਿਪੋਰਟ ਦੇ ਲਿਖਾਰੀਆਂ ਦਾ ਕਹਿਣਾ ਹੈ ਕਿ ਇਸ ਸੁਧਾਰ ਨੂੰ ਬਹੁਤ ਇਹਤਿਆਤ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਮੰਦੀ ਦੇ ਦੌਰ ਵਿਚ ਪੈਦਾ ਹੋਣ ਵਾਲੀਆਂ ਨੌਕਰੀਆਂ ਮੁਤੱਲਕ ਇਹ ਸੰਦੇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਤਬਦੀਲੀਆਂ ਦਾ ਸੰਚਾਲਨ ਕਿਹੜੇ ਕਾਰਕ ਕਰ ਰਹੇ ਹਨ।

# ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਨੂੰ ਭਰਵਾਂ ਹੁੰਗਾਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਵਰ੍ਹਾ 2024-25 ਲਈ ਸ਼ਰਾਬ ਦੇ ਠੇਕਿਆਂ ਦੇ ਕਰੀਬ 200 ਗਰੁੱਪਾਂ ਨੂੰ ਨਿਲਾਮ ਕੀਤਾ ਹੈ। ਠੇਕਿਆਂ ਦੀ ਨਿਲਾਮੀ ਨੇ ਵਿੱਤੀ ਸੰਕਟ ਝੱਲ ਰਹੀ ਪੰਜਾਬ ਸਰਕਾਰ ਨੂੰ ਠੁੰਮ੍ਹਣਾ ਦਿੱਤਾ ਹੈ। ਸਮੁੱਚੇ ਪੰਜਾਬ ਵਿਚ ਜ਼ਿਲ੍ਹਾ ਪੱਧਰ 'ਤੇ ਠੇਕਿਆਂ ਨੂੰ ਨਿਲਾਮ ਕਰਨ ਲਈ ਡਰਾਅ ਕੱਢਿਆ ਗਿਆ ਅਤੇ ਇਸ ਡਰਾਅ ਜ਼ਰੀਏ ਸ਼ਰਾਬ ਦੇ ਠੇਕਿਆਂ ਲਈ 90 ਫ਼ੀਸਦੀ ਤੋਂ ਵੱਧ ਲਾਇਸੈਂਸ ਯੂਨਿਟਾਂ (ਗਰੁੱਪਾਂ) ਦੀ ਨਿਲਾਮੀ ਸਿਰੇ ਲੱਗ ਗਈ।

ਪੰਜਾਬ ਵਿਚ ਕੁੱਲ 236 ਗਰੁੱਪ ਸਨ ਜਿਨ੍ਹਾਂ 'ਚੋਂ ਸੱਤ ਗਰੁੱਪਾਂ ਲਈ ਤਾਂ ਕੋਈ ਚਾਹਵਾਨ ਅੱਗੇ ਹੀ ਨਹੀਂ ਆਇਆ ਹੈ। ਹਰ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਦੀ ਅਗਵਾਈ ਵਾਲੀ ਕਮੇਟੀ ਨੇ ਠੇਕਿਆਂ ਦੀ ਨਿਲਾਮੀ ਦਾ ਕੰਮ ਨੇਪਰੇ ਚਾੜ੍ਹਿਆ। ਐਤਕੀਂ ਪੰਜਾਬ ਸਰਕਾਰ ਨੇ ਡਰਾਅ ਰਾਹੀਂ ਸ਼ਰਾਬ ਦੇ ਠੇਕੇ ਨਿਲਾਮ ਕੀਤੇ ਹਨ ਜਦੋਂ ਕਿ ਪਹਿਲਾਂ ਨਿਲਾਮੀ ਸਿਸਟਮ ਨਾਲ ਠੇਕੇ ਦਿੱਤੇ ਗਏ ਸਨ। ਆਬਕਾਰੀ ਵਿਭਾਗ ਨੂੰ ਠੇਕਿਆਂ ਦੇ ਚਾਹਵਾਨਾਂ ਤੋਂ ਕੁੱਲ 35 ਹਜ਼ਾਰ ਅਰਜ਼ੀਆਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਨਾਲ ਬਤੌਰ ਅਰਜ਼ੀ ਫ਼ੀਸ 287 ਕਰੋੜ ਦੀ ਆਮਦਨ ਵੀ ਹੋਈ ਸੀ।




ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਕਰੀਬ 90 ਫ਼ੀਸਦੀ ਗਰੁੱਪਾਂ ਨੇ ਡਰਾਅ ਰਾਹੀਂ ਸਫਲਤਾ ਪਾਉਣ ਮਗਰੋਂ ਬਣਦੀ ਮੁੱਢਲੀ ਫ਼ੀਸ ਵੀ ਜਮ੍ਹਾਂ ਕਰਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੋ ਬਾਕੀ ਗਰੁੱਪ ਰਹਿ ਗਏ ਹਨ, ਉਨ੍ਹਾਂ ਦੀ ਮੁੜ ਨਿਲਾਮੀ ਕੀਤੀ ਜਾਵੇਗੀ। ਬਠਿੰਡਾ ਜ਼ਿਲ੍ਹੇ ਵਿਚ ਮਲਹੋਤਰਾ ਗਰੁੱਪ ਅਤੇ ਸ਼ਿਵ ਲਾਲ ਡੋਡਾ ਦੇ ਗਰੁੱਪਾਂ ਨੂੰ ਕਾਮਯਾਬੀ ਮਿਲੀ ਹੈ। ਫ਼ਰੀਦਕੋਟ ਵਿਚ ਦੋ ਗਰੁੱਪਾਂ ਅਤੇ ਮੁਕਤਸਰ ਵਿਚ ਦੋ ਗਰੁੱਪ ਰਹਿ ਗਏ ਹਨ। ਸਭ ਤੋਂ ਵੱਧ ਦਿਲਚਸਪੀ ਜ਼ਿਲ੍ਹਾ ਮੁਹਾਲੀ ਵਿਚ ਰਹੀ ਹੈ ਜਦੋਂ ਕਿ ਲੁਧਿਆਣਾ ਦੂਜੇ ਨੰਬਰ 'ਤੇ ਆਇਆ ਹੈ।

# ਬੇਮੌਸਮੇ ਮੀਂਹ-ਝੱਖੜ ਨੇ ਕਿਸਾਨਾਂ ਦਾ ਫਿਕਰ ਵਧਾਇਆ

**ਚੰਡੀਗੜ੍ਹ:** ਪੰਜਾਬ ਦੇ ਬਹੁਤੇ ਹਿੱਸਿਆਂ 'ਚ ਪਏ ਮੀਂਹ, ਗੜਿਆਂ ਅਤੇ ਚੱਲੀਆਂ ਤੇਜ਼ ਹਵਾਵਾਂ ਨੇ ਕਿਸਾਨਾਂ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਮੀਂਹ ਪੈਣ ਅਤੇ ਤੇਜ਼ ਹਵਾਵਾਂ ਕਾਰਨ ਕਈ ਜ਼ਿਲ੍ਹਿਆਂ 'ਚ ਕਣਕ ਦੀ ਫਸਲ ਖੇਤਾਂ ਵਿਚ ਵਿਛ ਗਈ ਹੈ ਜਿਸ ਨਾਲ ਕਿਸਾਨਾਂ ਨੂੰ ਝਾੜ ਘਟਣ ਦਾ ਖਦਸ਼ਾ ਹੈ। ਕਈ ਥਾਵਾਂ 'ਤੇ ਗੜੇ ਪੈਣ ਕਾਰਨ ਵੀ ਫਸਲਾਂ ਦਾ ਨੁਕਸਾਨ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਮੀਂਹ ਤੇ ਝੱਖੜ ਕਾਰਨ ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਸੰਗਰੂਰ, ਮਾਨਸਾ, ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਤੇ ਹੋਰਨਾਂ ਕਈ ਜ਼ਿਲ੍ਹਿਆਂ ਵਿਚ ਕਣਕ ਦੀ ਫ਼ਸਲ ਖੇਤਾਂ ਵਿਚ ਵਿਛ ਗਈ ਹੈ ਅਤੇ ਫਸਲਾਂ ਦੀ ਵਾਢੀ ਨੇੜੇ ਆਉਣ ਸਮੇਂ ਪਏ ਮੀਂਹ ਨੇ ਕਿਸਾਨਾਂ ਦੇ ਸਾਹ ਸੁਕਾ ਦਿੱਤੇ ਹਨ। ਮੌਸਮ ਵਿਭਾਗ ਨੇ ਅਗਲੇ ਤਿੰਨ-ਚਾਰ ਦਿਨ ਮੌਸਮ ਸਾਫ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਭਾਗ ਅਨੁਸਾਰ 40 ਤੋਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ। ਇਸ ਦੇ ਨਾਲ ਹੀ ਜ਼ਿਲ੍ਹਾ ਪਟਿਆਲਾ ਦੇ ਰਾਜਪੁਰਾ ਤੇ ਹਰਿਆਣਾ ਦੇ ਨਾਲ ਲਗਦੇ ਜ਼ਿਲ੍ਹਿਆਂ ਵਿਚ ਕਈ ਥਾਵਾਂ 'ਤੇ ਵੀ ਗੜੇ ਪਏ ਹਨ। ਬਠਿੰਡਾ ਦੇ ਇਕ ਕਿਸਾਨ ਨੇ ਕਿਹਾ



ਕਿ ਬੇਮੌਸਮੇ ਮੀਂਹ ਕਾਰਨ ਉਨ੍ਹਾਂ ਦੀ ਕਣਕ ਦਾ ਝਾੜ ਪ੍ਰਭਾਵਿਤ ਹੋਵੇਗਾ।

ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਸਭ ਤੋਂ ਵੱਧ ਮੀਂਹ ਲੁਧਿਆਣਾ ਵਿਚ ਪਿਆ ਹੈ, ਜਿੱਥੇ 15.4 ਐਮ.ਐਮ. ਮੀਂਹ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਰਾਜਧਾਨੀ ਚੰਡੀਗੜ੍ਹ ਵਿਚ 12.4, ਅੰਮ੍ਰਿਤਸਰ ਵਿਚ 4.2, ਪਟਿਆਲਾ ਵਿਚ 2, ਪਠਾਨਕੋਟ ਵਿਚ ਇਕ, ਬਠਿੰਡਾ ਵਿਚ 7, ਫਰੀਦਕੋਟ ਵਿਚ 4.8, ਨਵਾਂ ਸ਼ਹਿਰ ਵਿਚ 9.3, ਫਤਹਿਗੜ੍ਹ ਸਾਹਿਬ ਵਿਚ 4, ਫਿਰੋਜ਼ਪੁਰ ਵਿਚ 7, ਗੁਰਦਾਸਪੁਰ ਵਿਚ 10.5, ਮੋਗਾ ਵਿਚ 10.5 ਅਤੇ ਰੋਪੜ ਵਿਚ 13.5 ਐਮ.ਐਮ. ਮੀਂਹ ਪਿਆ ਹੈ। ਇਸ ਨਾਲ ਤਾਪਮਾਨ ਵਿਚ ਵੀ ਇਕ ਤੋਂ ਦੋ ਡਿਗਰੀ ਸੈਲਸੀਅਸ ਤੱਕ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬੇਮੌਸਮੇ ਮੀਂਹ ਤੇ ਗੜਿਆਂ ਨੇ ਸੂਬੇ ਦੇ ਮਾਲਵਾ ਖਿੱਤੇ 'ਚ ਕਣਕ ਦੀ ਫਸਲ ਦਾ ਵੱਡਾ ਨੁਕਸਾਨ ਕੀਤਾ ਹੈ। ਉਨ੍ਹਾਂ ਐਕਸ 'ਤੇ ਲਿਖਿਆ, 'ਮੁੱਖ ਮੰਤਰੀ ਭਗਵੰਤ ਮਾਨ ਨੂੰ ਕਣਕ ਦੀ ਫਸਲ ਦੇ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਅੰਤਰਿਮ ਰਾਹਤ ਦੇਣ ਲਈ ਗਿਰਦਾਵਰੀ ਦਾ ਹੁਕਮ ਦੇਣਾ ਚਾਹੀਦਾ ਹੈ।' ਵਿਰੋਧੀ ਧਿਰ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕਿਸਾਨਾਂ ਦਾ ਮੁੜ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵੀ ਕਿਸਾਨਾਂ ਨੂੰ ਭਾਰੀ ਮੀਂਹ ਦੀ ਮਾਰ ਝੱਲਣੀ ਪਈ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਵਿਚ ਨਾਕਾਮ ਰਹੀ ਸੀ।

## ਅਕਾਲੀ ਦਲ (ਅ) ਵੱਲੋਂ 7 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ


ਚੰਡੀਗੜ੍ਹ: ਲੋਕ ਸਭਾ ਚੋਣਾਂ ਨਜ਼ਦੀਕ ਆਉਣ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਚੋਣਾਂ ਲੜਨ ਲਈ ਤਿਆਰੀਆਂ ਕਰ ਲਈਆਂ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਜੰਮੂ-ਕਸ਼ਮੀਰ ਵਿਚ ਲੋਕ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਪਾਰਟੀ ਨੇ ਪੰਜਾਬ ਦੀਆਂ 5 ਅਤੇ ਹਰਿਆਣਾ ਦੀਆਂ ਦੋ ਲੋਕ ਸਭਾ ਸੀਟਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਲੋਕ ਸਭਾ ਹਲਕਾ ਸੰਗਰੂਰ ਤੋਂ ਚੋਣ ਮੈਦਾਨ ਵਿਚ ਉਤਰ ਰਹੇ ਹਨ। ਇਸੇ ਤਰ੍ਹਾਂ ਪਟਿਆਲਾ ਤੋਂ ਪ੍ਰੋ. ਮਹਿੰਦਰਪਾਲ ਸਿੰਘ, ਲੁਧਿਆਣਾ ਤੋਂ ਅੰਮ੍ਰਿਤਪਾਲ ਸਿੰਘ ਛੰਦੜਾ, ਫਰੀਦਕੋਟ ਤੋਂ ਬਲਦੇਵ ਸਿੰਘ ਗਗੜਾ, ਸ੍ਰੀ ਆਨੰਦਪੁਰ ਸਾਹਿਬ ਤੋਂ ਇੰਜਨੀਅਰ ਕੁਸ਼ਲਪਾਲ ਸਿੰਘ ਮਾਨ ਨੂੰ ਲੋਕ ਸਭਾ ਚੋਣਾਂ ਲਈ ਉਮੀਦਵਾਰ ਐਲਾਨਿਆ ਗਿਆ ਹੈ। ਹਰਿਆਣਾ ਦੇ ਕਰਨਾਲ ਤੋਂ ਹਰਜੀਤ ਸਿੰਘ ਵਿਰਕ ਅਤੇ ਕੁਰੂਕਸ਼ੇਤਰ ਤੋਂ ਖਜ਼ਾਨ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਤੇ ਕਾਂਗਰਸ ਦੇ ਖਾਤੇ ਫਰੀਜ਼ ਕਰਨ ਦੇ ਮਾਮਲੇ ’ਤੇ ਅਮਰੀਕਾ ਦੀ ਨਜ਼ਰ

**ਵਾਸ਼ਿੰਗਟਨ:** ਦਿੱਲੀ ਆਬਕਾਰੀ ਨੀਤੀ ਮਾਮਲੇ ‘ਚ ਕਥਿਤ ਮਨੀ ਲਾਂਡਰਿੰਗ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਅਤੇ ਅਮਰੀਕੀ ਕੂਟਨੀਤਕ ਦੀਆਂ ਟਿੱਪਣੀਆਂ ਸਬੰਧੀ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿੱਲਰ ਨੇ ਕਿਹਾ ਕਿ ਉਹ ਇਸ ਮੁੱਦੇ ‘ਤੇ ਨਿਰਪੱਖ, ਪਾਰਦਰਸ਼ੀ ਤੇ ਬਗੈਰ ਦੇਰੀ ਦੇ ਕਾਨੂੰਨੀ ਕਾਰਵਾਈ ਦੀ ਹਮਾਇਤ ਕਰਦੇ ਹਨ।

ਮਿੱਲਰ ਤੋਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਅਤੇ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਫਰੀਜ਼ ਕਰਨ ਸਬੰਧੀ ਟਿੱਪਣੀਆਂ ‘ਤੇ ਭਾਰਤ ਵੱਲੋਂ ਅਮਰੀਕੀ ਕੂਟਨੀਤਕ ਨੂੰ ਤਲਬ ਕੀਤੇ ਜਾਣ ਬਾਰੇ ਪੁੱਛਿਆ ਗਿਆ ਸੀ। ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਇਨ੍ਹਾਂ ਕਾਰਵਾਈਆਂ ਉਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਮਿੱਲਰ ਨੇ ਕਿਹਾ, ‘ਅਸੀਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਮੇਤ ਇਨ੍ਹਾਂ ਕਾਰਵਾਈਆਂ ‘ਤੇ ਨੇੜਿਓਂ ਨਜ਼ਰ ਰੱਖਣਾ ਜਾਰੀ ਰੱਖਾਂਗੇ। ਅਸੀਂ ਕਾਂਗਰਸ



ਪਾਰਟੀ ਵੱਲੋਂ ਲਾਏ ਗਏ ਦੋਸ਼ਾਂ ਤੋਂ ਵੀ ਜਾਣੂ ਹਾਂ ਕਿ ਟੈਕਸ ਅਧਿਕਾਰੀਆਂ ਨੇ ਉਨ੍ਹਾਂ ਦੇ ਕੁਝ ਬੈਂਕ ਖਾਤੇ ਇਸ ਤਰ੍ਹਾਂ ਫਰੀਜ਼ ਕਰ ਦਿੱਤੇ ਹਨ ਕਿ ਆਉਂਦੀਆਂ ਲੋਕ ਸਭਾ ਚੋਣਾਂ ‘ਚ ਉਨ੍ਹਾਂ ਲਈ ਅਸਰਦਾਰ ਢੰਗ ਨਾਲ ਚੋਣ ਪ੍ਰਚਾਰ ਕਰਨਾ ਔਖਾ ਹੋ ਜਾਵੇਗਾ।‘ ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਮਸਲਿਆਂ ‘ਤੇ ਨਿਰਪੱਖ, ਪਾਰਦਰਸ਼ੀ ਤੇ ਸਮੇਂ ਸਿਰ ਕਾਨੂੰਨੀ ਪ੍ਰਕਿਰਿਆ ‘ਤੇ ਜ਼ੋਰ ਦੇ ਰਹੇ ਹਨ। ਉਨ੍ਹਾਂ ਹਾਲਾਂਕਿ ਕਿਸੇ ਵੀ ਨਿੱਜੀ ਕੂਟਨੀਤਕ ਗੱਲਬਾਤ ਬਾਰੇ ਗੱਲ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਤੇ ਕਿਹਾ, ‘ਜੋ ਮੈਂ ਇੱਥੋਂ ਕਿਹਾ ਹੈ, ਉਹੀ ਅਸੀਂ ਜਨਤਕ ਤੌਰ ‘ਤੇ ਕਿਹਾ ਹੈ। ਸਾਨੂੰ ਨਹੀਂ ਲੱਗਦਾ ਕਿ ਕਿਸੇ ਨੂੰ ਇਸ ‘ਤੇ ਇਤਰਾਜ਼ ਹੋਣਾ ਚਾਹੀਦਾ ਹੈ।‘

### ਅਮਰੀਕਾ ਦੀਆਂ ਟਿੱਪਣੀਆਂ ਗ਼ੈਰ-ਜ਼ਰੂਰੀ ਕਰਾਰ

**ਨਵੀਂ ਦਿੱਲੀ:** ਭਾਰਤ ਨੇ ਕਿਹਾ ਕਿ ਅਮਰੀਕੀ ਵਿਦੇਸ਼ ਮੰਤਰਾਲੇ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਮਾਮਲੇ ‘ਚ ਕੀਤੀਆਂ ਗਈਆਂ ਟਿੱਪਣੀਆਂ ਗ਼ੈਰਜ਼ਰੂਰੀ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਦੇਸ਼ ਨੂੰ ਆਪਣੀਆਂ ਆਜ਼ਾਦ ਤੇ ਮਜ਼ਬੂਤ ਜਮਹੂਰੀ ਸੰਸਥਾਵਾਂ ‘ਤੇ ਮਾਣ ਹੈ ਅਤੇ ਉਹ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਗ਼ੈਰਜ਼ਰੂਰੀ ਬਾਹਰੀ ਪ੍ਰਭਾਵ ਤੋਂ ਬਚਾਉਣ ਲਈ ਪ੍ਰਤੀਬੱਧ ਹਨ।

# ਕੇਜਰੀਵਾਲ ਨੂੰ 15 ਅਪਰੈਲ ਤੱਕ ਤਿਹਾੜ ਜੇਲ੍ਹ ਭੇਜਿਆ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਦੀ ਹਿਰਾਸਤ ਦੀ ਮਿਆਦ ਪੂਰੀ ਹੋਣ ਮਗਰੋਂ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਸ ਨੇ ਉਨ੍ਹਾਂ ਨੂੰ 15 ਦਿਨਾਂ ਲਈ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ।

ਆਮ ਆਦਮੀ ਪਾਰਟੀ (ਆਪ) ਦੇ ਮੁਖੀ ਕੇਜਰੀਵਾਲ ਨੂੰ ਖਚਾਖਚ ਭਰੀ ਅਦਾਲਤ ਵਿਚ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਈ.ਡੀ ਨੇ ਅਦਾਲਤ ਤੋਂ ਕੇਜਰੀਵਾਲ ਨੂੰ 15 ਦਿਨਾਂ ਲਈ ਨਿਆਇਕ ਹਿਰਾਸਤ ਵਿਚ ਭੇਜਣ ਦੀ ਮੰਗ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਜਾਂਚ ਵਿਚ ਬਿਲਕੁਲ ਸਹਿਯੋਗ ਨਹੀਂ ਕਰ ਰਹੇ। ਇਸ ਦੌਰਾਨ ਕੇਜਰੀਵਾਲ ਨੂੰ ਤਿਹਾੜ ਜੇਲ੍ਹ ਲਿਆਂਦਾ ਗਿਆ। ਜੇਲ੍ਹ ਦੇ ਅਧਿਕਾਰੀ ਨੇ ਦੱਸਿਆ, ‘ਉਨ੍ਹਾਂ ਨੂੰ ਤਿਹਾੜ ਜੇਲ੍ਹ ਲਿਆਂਦਾ ਗਿਆ ਅਤੇ ਜੇਲ੍ਹ ਨੰਬਰ 2 ਵਿਚ ਰੱਖਿਆ ਜਾਵੇਗਾ। ਉਨ੍ਹਾਂ ਨੂੰ ਮੈਡੀਕਲ ਜਾਂਚ ਲਈ ਲਿਜਾਇਆ ਗਿਆ। ਉਨ੍ਹਾਂ ਨੂੰ ਵੱਖਰੇ ਸੈੱਲ ਵਿਚ ਰੱਖਿਆ ਜਾਵੇਗਾ।’ ਆਮ ਆਦਮੀ ਪਾਰਟੀ (ਆਪ) ਦੇ ਆਗੂ ਸੰਜੇ ਸਿੰਘ, ਜਿਸ ਨੂੰ ਪਿਛਲੇ ਸਾਲ ਅਕਤੂਬਰ ਵਿਚ ਇਸੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਪਹਿਲਾਂ ਜੇਲ੍ਹ ਨੰਬਰ 2 ਵਿਚ ਰੱਖਿਆ ਗਿਆ ਸੀ ਪਰ ਹਾਲ ਹੀ ਵਿਚ ਉਸ ਨੂੰ ਜੇਲ੍ਹ ਨੰਬਰ 5 ਵਿਚ ਤਬਦੀਲ ਕਰ ਦਿੱਤਾ ਗਿਆ।

### ਕੀ ਚਾਰ ਬਿਆਨ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ ਲਈ ਕਾਫੀ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅਦਾਲਤ ‘ਚ ਆਬਕਾਰੀ ਨੀਤੀ ਮਾਮਲੇ ‘ਚ ਸੁਣਵਾਈ ਦੌਰਾਨ ਖੁਦ ਦਲੀਲਾਂ ਦਿੱਤੀਆਂ ਤੇ ਕਿਹਾ ਕਿ ਦੇਸ਼ ਦੇ ਸਾਹਮਣੇ ਆਮ ਆਦਮੀ ਪਾਰਟੀ ਦੇ ਭ੍ਰਿਸ਼ਟ ਹੋਣ ਦੀ ਝੂਠੀ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਕੇਜਰੀਵਾਲ ਨੇ ਆਪਣੀ ਦਲੀਲ ‘ਚ ਕਿਹਾ, ‘ਆਬਕਾਰੀ ਨੀਤੀ ਮਾਮਲੇ ‘ਚ ਚਾਰ ਗਵਾਹਾਂ ਨੇ ਮੇਰਾ ਨਾਂ ਲਿਆ ਹੈ। ਕੀ ਕਿਸੇ ਮੁੱਖ ਮੰਤਰੀ ਨੂੰ ਗ੍ਰਿਫ਼ਤਾਰ ਕਰਨ ਲਈ ਚਾਰ ਬਿਆਨ ਕਾਫੀ ਹਨ?‘ ਕੇਜਰੀਵਾਲ ਨੇ ਦੋਸ਼ ਲਾਇਆ ਕਿ ਸ਼ਰਤ ਚੰਦਰ ਰੈੱਡੀ ਨੇ ਭਾਰਤੀ ਜਨਤਾ ਪਾਰਟੀ ਨੂੰ 55 ਕਰੋੜ ਰੁਪਏ ਦਾ ਚੰਦਾ ਦਿੱਤਾ ਅਤੇ ਮੇਰੇ ਕੋਲ ਇਸ ਦੇ ਸਬੂਤ ਹਨ। ਲੈਣ-ਦੇਣ ਸਾਬਤ ਹੋ ਚੁੱਕਾ ਹੈ ਕਿਉਂਕਿ ਉਨ੍ਹਾਂ (ਰੈੱਡੀ) ਗ੍ਰਿਫ਼ਤਾਰੀ ਮਗਰੋਂ ਰਾਸ਼ੀ ਦਾਨ ਕੀਤੀ ਸੀ।‘

# ਭਾਰਤ ’ਚ ਹਰ ਕਿਸੇ ਦੇ ਹੱਕਾਂ ਦੀ ਰਾਖੀ ਹੋਵੇਗੀ: ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼ ਦੇ ਇਕ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਭਾਰਤ ਅਤੇ ਕਿਸੇ ਵੀ ਹੋਰ ਮੁਲਕ, ਜਿੱਥੇ ਚੋਣਾਂ ਹੋ ਰਹੀਆਂ ਹਨ, ਲੋਕਾਂ ਦੇ ‘ਰਾਜਨੀਤਕ ਤੇ ਨਾਗਰਿਕ ਅਧਿਕਾਰਾਂ’ ਦੀ ਰਾਖੀ ਕੀਤੀ ਜਾਵੇਗੀ ਅਤੇ ਹਰ ਕੋਈ ਇਕ ‘ਆਜ਼ਾਦ ਤੇ ਨਿਰਪੱਖ’ ਮਾਹੌਲ ’ਚ ਵੋਟਾਂ ਪਾ ਸਕੇਗਾ।

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਦੇ ਤਰਜਮਾਨ ਸਟੀਫਨ ਦੁਜਾਰਿਕ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੇ ਵਿਰੋਧੀ ਪਾਰਟੀ ਕਾਂਗਰਸ ਦੇ ਬੈਂਕ ਖਾਤੇ ਫਰੀਜ਼ ਕੀਤੇ ਜਾਣ ਦੇ ਮੱਦੇਨਜ਼ਰ ਭਾਰਤ ‘ਚ ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਹਾਲਾਤ ਬਾਰੇ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਇੱਥੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ, ‘ਸਾਨੂੰ ਬਹੁਤ ਜ਼ਿਆਦਾ ਉਮੀਦ ਹੈ ਕਿ ਭਾਰਤ ਤੇ ਕਿਸੇ ਵੀ ਹੋਰ ਮੁਲਕ, ਜਿੱਥੇ ਚੋਣਾਂ ਹੋਣ ਜਾ ਰਹੀਆਂ ਹਨ, ਉਥੇ ਹਰ ਕਿਸੇ ਦੇ ਅਧਿਕਾਰਾਂ ਦੀ ਰਾਖੀ ਕੀਤੀ ਜਾਵੇਗੀ ਜਿਨ੍ਹਾਂ ‘ਚ ਸਿਆਸੀ ਤੇ ਨਾਗਰਿਕ ਅਧਿਕਾਰ ਸ਼ਾਮਲ ਹਨ ਅਤੇ ਹਰ ਕੋਈ ਆਜ਼ਾਦ ਤੇ ਨਿਰਪੱਖ ਮਾਹੌਲ ‘ਚ ਵੋਟਾਂ ਪਾ ਸਕੇਗਾ।‘ ਸੰਯੁਕਤ ਰਾਸ਼ਟਰ ਦੀ ਇਸ ਪ੍ਰਤੀਕਿਰਿਆ ਤੋਂ ਇਕ ਦਿਨ ਪਹਿਲਾਂ ਅਮਰੀਕਾ ਨੇ ਵੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੇ ਕਾਂਗਰਸ ਪਾਰਟੀ ਦੇ ਬੈਂਕ ਖਾਤਿਆਂ ਤੋਂ ਲੈਣ-ਦੇਣ ‘ਤੇ ਰੋਕ ਲਾਏ ਜਾਣ ਸਬੰਧੀ ਅਜਿਹੇ ਹੀ ਸਵਾਲ ‘ਤੇ ਪ੍ਰਤੀਕਿਰਿਆ ਦਿੱਤੀ ਸੀ। ਕੇਜਰੀਵਾਲ ਦੀ ਗ੍ਰਿਫ਼ਤਾਰੀ ਸਬੰਧੀ ਵਾਸ਼ਿੰਗਟਨ ਨੇ ਦੁਹਰਾਇਆ ਸੀ ਕਿ ਉਹ ਨਿਰਪੱਖ, ਪਾਰਦਰਸ਼ੀ ਤੇ ਸਮਾਂਬੱਧ ਕਾਨੂੰਨੀ ਪ੍ਰਕਿਰਿਆਵਾਂ ਨੂੰ ਉਤਸ਼ਾਹਿਤ ਕਰਦਾ ਹੈ।

## ਤੋਸ਼ਾਖਾਨਾ ਮਾਮਲੇ ‘ਚ ਇਮਰਾਨ ਖਾਨ ਦੀ ਸਜ਼ਾ ਮੁਅੱਤਲ

**ਇਸਲਾਮਾਬਾਦ:** ਪਾਕਿਸਤਾਨ ਦੀ ਹਾਈ ਕੋਰਟ ਨੇ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਸੁਣਾਈ 14 ਸਾਲ ਦੀ ਸਜ਼ਾ ਨੂੰ ਮੁਅੱਤਲ ਕਰ ਦਿੱਤਾ ਹੈ। ਦੋਵਾਂ ਨੂੰ ਇਸਲਾਮਾਬਾਦ ਦੀ ਜਵਾਬਦੇਹੀ ਅਦਾਲਤ ਨੇ ਆਮ ਚੋਣਾਂ ਤੋਂ ਕੁਝ ਦਿਨ ਪਹਿਲਾਂ 31 ਜਨਵਰੀ ਨੂੰ ਇਸ ਮਾਮਲੇ ਵਿਚ ਸਜ਼ਾ ਸੁਣਾਈ ਸੀ। ਇਸਲਾਮਾਬਾਦ ਹਾਈ ਕੋਰਟ ਨੇ ਤੋਸ਼ਾਖਾਨਾ ਮਾਮਲੇ ਵਿਚ ਉਨ੍ਹਾਂ ਦੀ ਸਜ਼ਾ ਨੂੰ ਮੁਅੱਤਲ ਕਰ ਦਿੱਤਾ।



# ਸਰਵਉੱਚ ਨਾਗਰਿਕ ਸਨਮਾਨ ‘ਭਾਰਤ ਰਤਨ’ ਭੇਂਟ

**ਨਵੀਂ ਦਿੱਲੀ:** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਇਥੇ ਰਾਸ਼ਟਰਪਤੀ ਭਵਨ ਵਿਚ ਸਮਾਰੋਹ ਦੌਰਾਨ ਸਾਬਕਾ ਪ੍ਰਧਾਨ ਮੰਤਰੀਆਂ ਪੀਵੀ ਨਰਸਿਮਹਾ ਰਾਓ ਅਤੇ ਚੌਧਰੀ ਚਰਨ ਸਿੰਘ, ਖੇਤੀ ਵਿਗਿਆਨੀ ਐਮ.ਐਸ. ਸਵਾਮੀਨਾਥਨ ਅਤੇ ਬਿਹਾਰ ਦੇ ਦੋ ਵਾਰ ਮੁੱਖ ਮੰਤਰੀ ਰਹਿ ਚੁੱਕੇ ਕਰਪੂਰੀ ਠਾਕੁਰ ਨੂੰ ਮਰਨ ਉਪਰੰਤ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ‘ਭਾਰਤ ਰਤਨ’ ਦਿੱਤਾ ਗਿਆ।

ਇਨ੍ਹਾਂ ਮਰਹੂਮ ਹਸਤੀਆਂ ਦੇ ਪਰਿਵਾਰਕ ਮੈਂਬਰਾਂ ਨੇ ਇਹ ਪੁਰਸਕਾਰ ਪ੍ਰਾਪਤ ਕੀਤਾ। ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਪੁੱਤਰ ਪੀਵੀ ਪ੍ਰਭਾਕਰ ਰਾਓ ਨੇ ਇਹ ਪੁਰਸਕਾਰ ਸਵੀਕਾਰ ਕੀਤਾ। ਚੌਧਰੀ ਚਰਨ ਸਿੰਘ ਲਈ ਉਨ੍ਹਾਂ ਦੇ ਪੋਤਰੇ ਤੇ ਰਾਸ਼ਟਰੀ ਲੋਕ ਦਲ (ਆਰ.ਐਲ.ਡੀ.) ਦੇ ਪ੍ਰਧਾਨ ਜੈਅੰਤ ਚੌਧਰੀ ਨੇ ਸਨਮਾਨ ਹਾਸਲ ਕੀਤਾ। ਸਵਾਮੀਨਾਥਨ ਦੀ ਧੀ ਨਿਤਿਆ ਰਾਓ ਅਤੇ ਕਰਪੂਰੀ ਠਾਕੁਰ ਦੇ ਪੁੱਤਰ ਰਾਮਨਾਥ ਠਾਕੁਰ ਨੇ ਰਾਸ਼ਟਰਪਤੀ ਮੁਰਮੂ ਤੋਂ ਪੁਰਸਕਾਰ ਪ੍ਰਾਪਤ ਕੀਤਾ।



ਇਸ ਸਮਾਰੋਹ ਮੌਕੇ ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਪਤਵੰਤੇ ਹਾਜ਼ਰ ਸਨ। ਪੀ.ਵੀ. ਨਰਸਿਮਹਾ ਰਾਓ 1991 ਤੋਂ 1996 ਤੱਕ ਦੇਸ਼ ਦੇ ਪ੍ਰਧਾਨ ਰਹੇ ਹਨ। ਮਰਹੂਮ ਚੌਧਰੀ ਚਰਨ ਸਿੰਘ ਪੱਛਮੀ ਯੂਪੀ ਤੋਂ ਜਾਟ ਆਗੂ ਸਨ ਅਤੇ ਉਹ 28 ਜੁਲਾਈ 1979 ਅਤੇ 14 ਜਨਵਰੀ 1980 ਤੱਕ ਪ੍ਰਧਾਨ ਮੰਤਰੀ ਰਹੇ ਹਨ। ਐਮ.ਐਸ. ਸਵਾਮੀਨਾਥਨ ਖੇਤੀ ਵਿਗਿਆਨੀ ਸਨ ਜਿਨ੍ਹਾਂ ਨੇ ਭਾਰਤ ਨੂੰ ਅਨਾਜ ਪੈਦਾਵਾਰ ਦੇ ਮਾਮਲੇ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ‘ਭਾਰਤ ਰਤਨ’ ਨਾਲ ਸਨਮਾਨਿਤ ਲੋਕਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਾਬਕਾ ਪ੍ਰਧਾਨ ਮੰਤਰੀਆਂ ਪੀ.ਵੀ. ਨਰਸਿਮਹਾ ਰਾਓ ਅਤੇ ਚੌਧਰੀ ਚਰਨ ਸਿੰਘ ਤੋਂ ਇਲਾਵਾ ਹੋਰ ਮਹਾਨ ਹਸਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਭਾਜਪਾ ਨੇਤਾ ਐੱਲ ਕੇ ਅਡਵਾਨੀ ਹੀ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੂੰ ਜਿਊਂਦੇ ਜੀਅ ਦੇਸ਼ ਦਾ ਸਰਵਉੱਚ ਸਨਮਾਨ ‘ਭਾਰਤ ਰਤਨ’ ਦੇਣ ਦਾ ਐਲਾਨ ਕੀਤਾ ਗਿਆ ਹੈ।

# ਕੇਂਦਰ ਵੱਲੋਂ ‘ਅਗਨੀਵੀਰ ਯੋਜਨਾ’ ਵਿਚ ਤਬਦੀਲੀ ਦੇ ਸੰਕੇਤ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਜੇ ਲੋੜ ਪਈ ਤਾਂ ਉਨ੍ਹਾਂ ਦੀ ਸਰਕਾਰ ‘ਅਗਨੀਵੀਰ’ ਭਰਤੀ ਯੋਜਨਾ ਵਿਚ ਬਦਲਾਅ ਕਰਨ ਲਈ ਤਿਆਰ ਹੈ। ਇਥੇ ਇਕ ਸਮਾਗਮ ਵਿਚ ਕੇਂਦਰੀ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਅਗਨੀਵੀਰਾਂ ਦਾ ਭਵਿੱਖ ਸੁਰੱਖਿਅਤ ਰਹੇ ਅਤੇ ਲੋੜ ਪੈਣ ’ਤੇ ਬਦਲਾਅ ਵੀ ਕਰਾਂਗੇ। ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਦੀਆਂ ਸਰਹੱਦਾਂ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਦੇਸ਼ ਦੇ ਲੋਕਾਂ ਨੂੰ ਹਥਿਆਰਬੰਦ ਬਲਾਂ ‘ਤੇ ਪੂਰਾ ਭਰੋਸਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, ‘ਮੈਂ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਸਾਡਾ ਦੇਸ਼ ਅਤੇ ਇਸ ਦੀਆਂ ਸਰਹੱਦਾਂ ਪੂਰੀ ਤਰ੍ਹਾਂ ਸੁਰੱਖਿਅਤ ਹਨ।“ ਅਗਨੀਵੀਰ ਯੋਜਨਾ ਦੀ ਆਲੋਚਨਾ ਬਾਰੇ ਸਵਾਲ ‘ਤੇ ਕੇਂਦਰੀ ਮੰਤਰੀ ਨੇ ਕਿਹਾ ਕਿ ਅਜਿਹੇ ਸਵਾਲਾਂ ਦੀ ਕੋਈ ਤੁਕ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਰੇ ਮੰਨਦੇ ਹਨ ਕਿ ਹਥਿਆਰਬੰਦ ਬਲਾਂ ਵਿਚ ਵੱਧ ਤੋਂ ਵੱਧ ਨੌਜਵਾਨ ਹੋਣੇ ਚਾਹੀਦੇ ਹਨ। ਪ੍ਰੋਗਰਾਮ ਦੌਰਾਨ



ਰੱਖਿਆ ਮੰਤਰੀ ਨੇ ਲਗਭਗ 50 ਸਾਲ ਲੰਮੇ ਆਪਣੇ ਸਿਆਸੀ ਸਫ਼ਰ ਦੇ ਕਿੱਸੇ ਵੀ ਸਾਂਝੇ ਕੀਤੇ। ਭਾਰਤ-ਚੀਨ ਸਰਹੱਦੀ ਮੁੱਦੇ ‘ਤੇ ਵਿਰੋਧੀ ਦਲਾਂ ਵੱਲੋਂ ਚੁੱਕੇ ਜਾਂਦੇ ਸਵਾਲਾਂ ਬਾਰੇ ਰਾਜਨਾਥ ਨੇ ਕਿਹਾ ਕਿ ਉਹ ਕਦੇ ਇਨ੍ਹਾਂ ਸਵਾਲਾਂ ਤੋਂ ਪਰੇਸ਼ਾਨ ਨਹੀਂ ਹੋਏ। ਰਾਜਨਾਥ ਨੇ ਅਗਨੀਵੀਰ ਯੋਜਨਾ ਦਾ ਬਚਾਅ ਕਰਦਿਆਂ ਕਿਹਾ ਕਿ ਨੌਜਵਾਨਾਂ ਦੀ ਭਰਤੀ ਨਾਲ ਜੋਖ਼ਮ ਲੈਣ ਦੀ ਭਾਵਨਾ ਵਧੇਗੀ ਅਤੇ ਤਕਨੀਕ ਨਾਲ ਲੈਸ ਹਥਿਆਰਬੰਦ ਬਲ ਤਿਆਰ ਹੋਣਗੇ।

## ਪੰਨੂ ਮਾਮਲੇ ਦੀ ਜਾਂਚ ‘ਚ ਭਾਰਤ ਦੇ ਆਪਣੇ ਸੁਰੱਖਿਆ ਹਿੱਤ ਸ਼ਾਮਲ: ਜੈਸ਼ੰਕਰ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਵਿਚ ਸਰਕਾਰੀ ਅਧਿਕਾਰੀ ਦੀ ਕਥਿਤ ਸ਼ਮੂਲੀਅਤ ਦੀ ਜਾਂਚ ਵਿਚ ਭਾਰਤ ਦੇ ਕੌਮੀ ਸੁਰੱਖਿਆ ਹਿੱਤ ਜੁੜੇ ਹਨ। ਭਾਰਤ ਵਿਚ ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਦੇ ਬਿਆਨ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ, ‘ਅਸੀਂ ਇਸ ਦੀ ਜਾਂਚ ਕਰ ਰਹੇ ਹਾਂ ਕਿਉਂਕਿ ਸਾਡਾ ਮੰਨਣਾ ਹੈ ਕਿ ਇਸ ਜਾਂਚ ਵਿਚ ਸਾਡੇ ਆਪਣੇ ਕੌਮੀ ਸੁਰੱਖਿਆ ਹਿੱਤ ਸ਼ਾਮਲ ਹਨ।’ ਗਾਰਸੇਟੀ ਨੇ ਕਿਹਾ ਸੀ ਕਿ ਕਿਸੇ ਹੋਰ ਦੇਸ਼ ਦੇ ਨਾਗਰਿਕ ਦੀ ਹੱਤਿਆ ਕਰਨ ਦੀ ਕੋਸ਼ਿਸ਼ ਵਿਚ ਸਰਕਾਰੀ ਅਧਿਕਾਰੀ ਦੀ ਸ਼ਮੂਲੀਅਤ ‘ਅਸਵੀਕਾਰਨਯੋਗ’ ਹੈ। ਸ੍ਰੀ ਜੈਸ਼ੰਕਰ ਨੇ ਕਿਹਾ ਕਿ ਅਮਰੀਕੀ ਰਾਜਦੂਤ ਉਨ੍ਹਾਂ ਦੀ ਸਰਕਾਰ ਦੀ ਸੋਚ ਜਾਂ ਸਥਿਤੀ ਦੇ ਮੁਤਾਬਕ ਜੋ ਵੀ ਸਹੀ ਹੈ, ਉਹੀ ਕਹਿਣਗੇ। ਉਨ੍ਹਾਂ ਕਿਹਾ, ‘ਮੇਰੀ ਸਰਕਾਰ ਦਾ ਰੁਖ਼ ਇਹ ਹੈ ਕਿ ਇਸ ਵਿਸ਼ੇਸ਼ ਮਾਮਲੇ ਵਿਚ ਸਾਨੂੰ ਕੁਝ ਜਾਣਕਾਰੀ ਮਿਲੀ ਹੈ, ਜਿਸ ਦੀ ਅਸੀਂ ਜਾਂਚ ਕਰ ਰਹੇ ਹਾਂ।’

# ਰਿਸ਼ੀ ਸੂਨਕ ਦੀ ਕੰਜ਼ਰਵੇਟਿਵ ਪਾਰਟੀ ਨੂੰ ਵੱਡੀ ਹਾਰ ਦੇ ਸੰਕੇਤ

**ਲੰਡਨ:** ਸਿਵਲ ਸੁਸਾਇਟੀ ਕੰਪੇਨ ਆਰਗੇਨਾਈਜੇਸ਼ਨ ਵੱਲੋਂ ਜਾਰੀ ਕੀਤੇ ਗਏ ਸਰਵੇ ਤੋਂ ਸੰਕੇਤ ਮਿਲਿਆ ਹੈ ਕਿ ਇਸ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਆਮ ਚੋਣਾਂ ਵਿਚ ਹਾਕਮ ਕੰਜ਼ਰਵੇਟਿਵ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇੱਥੋਂ ਤੱਕ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਉੱਤਰੀ ਯਾਰਕਸ਼ਾਇਰ ਵਿਚੋਂ ਆਪਣੀ ਸੀਟ ਬਚਾਉਣੀ ਮੁਸ਼ਕਲ ਹੋ ਜਾਵੇਗੀ। ਇਹ ਸਰਵੇਖਣ ਬੈਸਟ ਫਾਰ ਬ੍ਰਿਟੇਨ ਵੱਲੋਂ 15,029 ਵਿਅਕਤੀਆਂ ‘ਤੇ ਕੀਤਾ ਗਿਆ ਜਿਸ ਵਿਚ ਵਿਰੋਧੀ ਧਿਰ ਲੇਬਰ ਪਾਰਟੀ ਨੂੰ 45 ਫੀਸਦੀ ਵੋਟ ਸ਼ੇਅਰ ਨਾਲ ਕੰਜ਼ਰਵੇਟਰਾਂ ‘ਤੇ 19 ਅੰਕਾਂ ਨਾਲ ਲੀਡ ਲੈਂਦੇ ਹੋਏ ਦਿਖਾਇਆ ਗਿਆ ਹੈ। ਇਸ ਸਰਵੇਖਣ ਵਿਚ ਹਾਕਮ ਧਿਰ ਨੂੰ ਸੌ ਤੋਂ ਵੱਧ ਸੀਟਾਂ ਹਾਸਲ ਹੋ ਸਕਦੀਆਂ ਹਨ ਜਦਕਿ ਵਿਰੋਧੀ ਲੇਬਰ ਪਾਰਟੀ 468 ਸੀਟਾਂ ਜਿੱਤ ਸਕਦੀ ਹੈ। ਇਹ ਆਮ ਚੋਣਾਂ ਵਿਚ ਕੰਜ਼ਰਵੇਟਿਵਾਂ ਲਈ ਹੁਣ ਤੱਕ ਦਾ ਸਭ ਤੋਂ ਮਾੜਾ ਨਤੀਜਾ ਸਾਬਤ ਹੋਵੇਗਾ।



# ਦਿਲ ਦਾ ਦੌਰਾ ਪੈਣ ਕਾਰਨ ਮੁਖ਼ਤਾਰ ਅੰਸਾਰੀ ਦੀ ਮੌਤ

**ਬਾਂਦਾ (ਯੂਪੀ):** ਗੈਂਗਸਟਰ ਤੋਂ ਸਿਆਸਤਦਾਨ ਬਣੇ ਮੁਖ਼ਤਾਰ ਅੰਸਾਰੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਸ ਨੂੰ ਸਿਹਤ ਵਿਗੜਨ ਮਗਰੋਂ ਬਾਂਦਾ ਦੇ ਮੈਡੀਕਲ ਕਾਲਜ ਲਿਆਂਦਾ ਗਿਆ ਹੈ।

ਅੰਸਾਰੀ ਦੇ ਵਕੀਲ ਨੇ ਦਾਅਵਾ ਕੀਤਾ ਕਿ ਸਾਬਕਾ ਵਿਧਾਇਕ ਨੂੰ ਬੋਲਣ ਵਿਚ ਮੁਸ਼ਕਲ ਆ ਰਹੀ ਸੀ। ਅੰਸਾਰੀ ਮਊ ਤੋਂ ਪੰਜ ਵਾਰ ਵਿਧਾਇਕ ਰਹੇ ਹਨ ਤੇ ਇਨ੍ਹਾਂ ਵਿਚੋਂ ਦੋ ਵਾਰ ਉਹ ਬਸਪਾ ਦੀ ਟਿਕਟ ‘ਤੇ ਚੋਣ ਜਿੱਤੇ ਸਨ। ਅੰਸਾਰੀ ਨੇ ਆਖਰੀ ਅਸੈਂਬਲੀ ਚੋਣ 2017 ਵਿਚ ਲੜੀ ਸੀ।

# ਕਿਸਾਨਾਂ ਨੇ ਸਾਇਲੋ 'ਚ ਕਣਕ ਭੰਡਾਰਨ ਖਿਲਾਫ ਮੋਰਚਾ ਖੋਲ੍ਹਿਆ



**ਮਾਨਸਾ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ 9 ਜ਼ਿਲ੍ਹਿਆਂ ਵਿਚ ਸਾਇਲੋ (ਗੋਦਾਮਾਂ) ਵਿਚ ਕਣਕ ਭੰਡਾਰਨ ਦੀ ਖੁੱਲ੍ਹ 'ਚ ਖ਼ਿਲਾਫ਼ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਮੋਰਚਾ ਖੋਲ੍ਹਦਿਆਂ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ ਹੈ। ਜਥੇਬੰਦੀ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ 8 ਅਪਰੈਲ ਨੂੰ ਉਕਤ ਫੈਸਲੇ ਖ਼ਿਲਾਫ਼ ਚੰਡੀਗੜ੍ਹ ਵਿਚ ਕੀਤੀ ਜਾ ਰਹੀ ਸੂਬਾਈ ਰੈਲੀ ਲਈ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ।

ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੋਸ਼ ਲਾਇਆ ਕਿ ਇਹ ਫੈਸਲਾ ਖੇਤੀ ਮੰਡੀਆਂ 'ਤੇ ਸਾਮਰਾਜੀ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣ ਦੀ ਸ਼ੁਰੂਆਤ ਹੈ ਜਿਸ ਦੇ ਪਹਿਲੇ ਹੱਲੇ ਹੀ 7.25 ਲੱਖ ਟਨ ਕਣਕ ਦੀ ਖਰੀਦ ਉਨ੍ਹਾਂ ਦੇ ਹਵਾਲੇ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਫ਼ੈਸਲੇ ਰਾਹੀਂ ਪੰਜਾਬ ਸਰਕਾਰ, ਕੇਂਦਰ ਸਰਕਾਰ ਨਾਲੋਂ ਵੀ ਅੱਗੇ ਵਧ ਕੇ ਕਾਰਪੋਰੇਟਾਂ ਪ੍ਰਤੀ ਗੂੜ੍ਹੀ ਸਾਂਝ ਵਿਖਾਉਣ ਲੱਗੀ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਉਕਤ ਫੈਸਲਾ ਲਾਗੂ ਹੋਣ ਨਾਲ ਜਿੱਥੇ ਮੰਡੀਆਂ ਦੇ ਨਿੱਜੀਕਰਨ ਰਾਹੀਂ ਐਮ.ਐਸ.ਪੀ. ਉਤੇ ਖਰੀਦੀਆਂ ਜਾ ਰਹੀਆਂ ਦੋ-ਤਿੰਨ ਫ਼ਸਲਾਂ ਦੀ ਸਰਕਾਰੀ ਖਰੀਦ ਠੱਪ ਹੋਣ ਦਾ ਰਾਹ ਪੱਧਰਾ ਹੋਵੇਗਾ, ਉਥੇ ਹੀ ਸਾਇਲੋ ਪ੍ਰਬੰਧਾਂ ਕਾਰਨ ਹਜ਼ਾਰਾਂ ਪੱਲੇਦਾਰਾਂ ਅਤੇ ਲੱਖਾਂ ਮੰਡੀ ਮਜ਼ਦੂਰਾਂ ਤੋਂ ਇਲਾਵਾ ਹਜ਼ਾਰਾਂ ਟਰੱਕ ਆਪਰੇਟਰਾਂ ਦਾ ਰੁਜ਼ਗਾਰ ਵੀ ਖ਼ਤਮ ਹੋਵੇਗਾ। ਇਸ ਦੌਰਾਨ ਉਨ੍ਹਾਂ ਕਿਸਾਨਾਂ-ਮਜ਼ਦੂਰਾਂ ਤੇ ਟਰੱਕ ਅਪਰੇਟਰਾਂ ਨੂੰ ਰੈਲੀ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਵਿਚੋਂ ਦੋ ਕਾਨੂੰਨਾਂ ਨੂੰ ਪੰਜਾਬ ਅੰਦਰ ਲਾਗੂ ਕਰਨ ਦੇ ਕਦਮ ਚੁੱਕ ਲਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚੋਂ 26 ਮੰਡੀਆਂ ਨੂੰ ਖ਼ਤਮ ਕਰਨ ਦੇ ਫੈਸਲੇ ਲੈ ਕੇ ਅਡਾਨੀ ਵਰਗੇ ਵੱਡੇ ਸਰਮਾਏਦਾਰਾਂ ਦੇ 9 ਸਾਇਲੋ ਗੁਦਾਮਾਂ ਨੂੰ ਕਣਕ ਖਰੀਦਣ, ਸਟੋਰ ਕਰਨ ਤੇ ਪ੍ਰੋਸੈਸ ਕਰਨ ਦੇ ਅਧਿਕਾਰ ਦੇ ਦਿੱਤੇ ਹਨ। ਇਸ ਦਾ ਸਿੱਧਾ ਅਰਥ ਇਹੀ ਹੈ ਕਿ ਮੋਦੀ ਸਰਕਾਰ ਵੱਲੋਂ ਸਰਕਾਰੀ ਮੰਡੀਆਂ ਨੂੰ ਖ਼ਤਮ ਕਰਨ ਦਾ ਲਿਆਂਦਾ ਕਾਨੂੰਨ ਅਤੇ ਕਾਰਪੋਰੇਟ ਵਪਾਰੀਆਂ ਨੂੰ ਮਨ ਚਾਹਿਆ ਅਨਾਜ ਖਰੀਦਣ ਤੇ ਸਟੋਰ ਕਰਨ ਦੀਆਂ ਖੁੱਲ੍ਹਾਂ ਦਿੰਦੇ ਕਾਨੂੰਨ ਨੂੰ ਲਾਗੂ ਕੀਤਾ ਜਾ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਦਾ ਦਾਅਵਾ ਕਰਨ ਵਾਲੀ ਆਪ ਪਾਰਟੀ ਦੀ ਸਰਕਾਰ ਦਾ ਕਾਰਪੋਰੇਟ ਪੱਖੀ ਅਸਲ ਚਿਹਰਾ ਸਾਹਮਣੇ ਆ ਗਿਆ ਹੈ ਅਤੇ ਉਹ ਵੀ ਦੇਸੀ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੀ ਸੇਵਾ ਹਿੱਤ ਮੋਦੀ ਸਰਕਾਰ ਦੇ ਪੈਰ 'ਤੇ ਪੈਰ ਧਰ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਦੇ ਵਿਧਾਇਕਾਂ ਨੂੰ ਪੱਤਰਾਂ ਰਾਹੀਂ ਇਹ ਚਿਤਾਵਨੀ ਦਿੱਤੀ ਜਾਵੇਗੀ ਕਿ ਜਾਂ ਤਾਂ ਸਰਕਾਰ ਫੈਸਲਾ ਫੌਰੀ ਵਾਪਸ ਲਵੇ ਜਾਂ ਫਿਰ ਚੋਣਾਂ ਦੇ ਇਨ੍ਹਾਂ ਦਿਨਾਂ ਵਿਚ ਕਿਸਾਨਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਕਿਸਾਨਾਂ ਤੇ ਲੋਕ ਹਿਤਾਂ ਨਾਲ ਕਮਾਈ ਜਾ ਰਹੀ ਇਹ ਦੁਸ਼ਮਣੀ ਪੰਜਾਬ ਸਰਕਾਰ ਨੂੰ ਮਹਿੰਗੀ ਪਵੇਗੀ ਤੇ ਉਸ ਨੂੰ ਇਸ ਦੀ ਭਾਰੀ ਕੀਮਤ 'ਤਾਰਨੀ ਪਵੇਗੀ।

## ਮੰਡੀਆਂ ਨੂੰ ਪੂੰਜੀਪਤੀਆਂ ਹਵਾਲੇ ਕਰ ਰਹੀ ਹੈ ਸਰਕਾਰ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮੂਹ ਕਿਸਾਨ ਜਥੇਬੰਦੀਆਂ ਨੂੰ ਆਮ ਆਦਮੀ ਪਾਰਟੀ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਹੁਣ ਪੰਜਾਬ ਦੀਆਂ ਅਨਾਜ ਮੰਡੀਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ ਜੋ ਕਿ ਪੰਜਾਬ ਦੇ ਕਿਸਾਨਾਂ ਅਤੇ ਸਮੂਹ ਪੰਜਾਬੀਆਂ ਨਾਲ ਧੋਖਾ ਹੈ। ਬਾਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਜਾਣਬੁੱਝ ਕੇ ਸੂਬੇ ਵਿਚ ਸਰਕਾਰੀ ਖਰੀਦ ਮੰਡੀਆਂ ਨੂੰ ਕਾਰਪੋਰੇਟ ਦੇ ਹਵਾਲੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪੰਜਾਬ ਵਿਚ ਚੱਲ ਰਹੇ ਇਸ ਸਿਸਟਮ ਨੂੰ ਰੋਕਣ ਵਾਸਤੇ ਇਕਜੁੱਟ ਹੋਣਾ ਪਵੇਗਾ ਕਿਉਂਕਿ ਇਸ ਨਾਲ ਤਿੰਨ ਖੇਤੀ ਕਾਨੂੰਨ ਵੇਲੇ ਹੋਈਆਂ ਸ਼ਹਾਦਤਾਂ ਦਾ ਮੁੱਲ ਖ਼ਤਮ ਹੋ ਜਾਵੇਗਾ ਤੇ ਸੂਬੇ ਵਿਚ ਅਨਾਜ ਖਰੀਦ ਮੰਡੀਆਂ ਦਾ ਨਿੱਜੀਕਰਨ ਸ਼ੁਰੂ ਹੋਵੇਗਾ।

## ਪੂੰਜੀਪਤੀ ਆਪਣੀ ਮਰਜ਼ੀ ਨਾਲ ਖਰੀਦਣਗੇ ਫ਼ਸਲ: ਚੰਨੀ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਜਿਨ੍ਹਾਂ ਕਾਲੇ ਕਾਨੂੰਨਾਂ ਨੂੰ ਭਾਰਤ ਭਰ ਦੇ ਕਿਸਾਨਾਂ ਨੇ ਇਕੱਠੇ ਹੋ ਕੇ ਕੇਂਦਰ ਸਰਕਾਰ ਤੋਂ ਰੱਦ ਕਰਵਾਇਆ ਸੀ, ਉਸ ਕਾਲੇ ਕਾਨੂੰਨ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਬ ਸਰਕਾਰ ਨੇ ਸੂਬੇ ਅੰਦਰ ਲਾਗੂ ਕਰ ਦਿੱਤਾ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਜਾਰੀ ਚਿੱਠੀ ਮੀਡੀਆ ਨੂੰ ਵਿਖਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੇ ਸਾਇਲੋਜ਼ ਨੂੰ ਮੰਡੀ ਐਲਾਨ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਹੁਣ ਕਿਸਾਨ ਮੰਡੀ ਦੀ ਬਜਾਏ ਸਿੱਧਾ ਸਾਇਲੋ ਵਿਚ ਜਾ ਕੇ ਆਪਣੀ ਕਣਕ ਵੇਚ ਸਕਦਾ ਹੈ।

# ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਮੌਤ



**ਹੁਸ਼ਿਆਰਪੁਰ:** ਕਸਬਾ ਭੰਗਾਲਾ ਨੇੜਲੇ ਪਿੰਡ ਗੁਰਦਾਸਪੁਰ ਦੇ ਨੌਜਵਾਨ ਦੀ ਅਮਰੀਕਾ ਵਿਚ ਦਿਲ ਦਾ ਦੌਰਾ ਪੈ ਜਾਣ ਕਾਰਨ ਮੌਤ ਹੋ ਗਈ। ਨੌਜਵਾਨ ਕਰੀਬ 13 ਸਾਲ ਪਹਿਲਾਂ ਵਿਦੇਸ਼ ਗਿਆ ਸੀ ਅਤੇ ਟਰਾਲਾ ਚਲਾਉਣ ਦਾ ਕੰਮ ਕਰਦਾ ਸੀ। ਮ੍ਰਿਤਕ ਨੌਜਵਾਨ ਦੇ ਛੋਟੇ ਭਰਾ ਕੰਵਲਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਹਰਪ੍ਰੀਤ ਸਿੰਘ ਗੋਲੀ (32 ਸਾਲ) ਕਰੀਬ 13 ਸਾਲ ਪਹਿਲਾਂ 2011 ਵਿਚ ਅਮਰੀਕਾ ਰੋਜ਼ੀ ਰੋਟੀ ਕਮਾਉਣ ਲਈ ਗਿਆ ਸੀ। ਉਹ ਲਾਸ ਏਂਜਲਸ ਵਿਚ ਰਹਿੰਦਾ ਸੀ ਅਤੇ ਟਰੱਕ ਚਲਾਉਂਦਾ ਸੀ। ਉਸ ਦੀ ਆਪਣੀ ਮਾਂ ਨਾਲ ਗੱਲਬਾਤ ਹੋਈ ਸੀ ਅਤੇ ਉਸ ਨੇ ਦੱਸਿਆ ਸੀ ਕਿ ਉਸ ਦੀ ਸਿਹਤ ਕੁਝ ਠੀਕ ਨਹੀਂ ਹੈ। ਇਸ ਤੋਂ ਬਾਅਦ ਸਿਹਤ ਵਿਚ ਸੁਧਾਰ ਨਾ ਹੋਣ ਕਾਰਨ ਹਰਪ੍ਰੀਤ ਸਿੰਘ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ।

ਪਰਿਵਾਰ ਨੇ ਦੱਸਿਆ ਕਿ ਮੁੱਢਲੀ ਜਾਣਕਾਰੀ ਵਿਚ ਮੌਤ ਦਾ ਕਾਰਨ ਦਿਲ ਦੀ ਧੜਕਣ ਰੁਕਣਾ ਦੱਸਿਆ ਜਾ ਰਿਹਾ ਹੈ। ਮੌਤ ਬਾਰੇ ਪਤਾ ਲੱਗਦਿਆਂ ਹੀ ਪਰਿਵਾਰ ਤੇ ਪਿੰਡ ਵਾਸੀ ਸੋਗ ਵਿੱਚ ਹਨ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਵਿਦੇਸ਼ ਮੰਤਰਾਲੇ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਪੁੱਤਰ ਦੀ ਮ੍ਰਿਤਕ ਦੇਹ ਪਿੰਡ ਪੁਜਾਈ ਜਾਵੇ ਤਾਂ ਜੋ ਉਹ ਆਪਣੇ ਪੁੱਤਰ ਦਾ ਦਾਹ ਸਸਕਾਰ ਕਰ ਸਕਣ।

# ਪੰਜਾਬ 'ਚ ਡੂੰਘਾ ਹੋਣ ਲੱਗਾ ਧਰਤੀ ਹੇਠਲੇ ਪਾਣੀ ਦਾ ਸੰਕਟ



**ਅੰਮ੍ਰਿਤਸਰ:** ਪੰਜਾਬ ਵਿਚ ਪਿਛਲੇ ਕੁਝ ਸਾਲਾਂ ਤੋਂ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਇਕ ਰਿਪੋਰਟ ਅਨੁਸਾਰ 114 ਬਲਾਕ ਅਤੇ 3 ਸ਼ਹਿਰੀ ਖੇਤਰ ਗੰਭੀਰ ਸਥਿਤੀ ਵਿਚ ਪਹੁੰਚ ਗਏ ਹਨ। ਇਸ ਬਾਰੇ ਪੀ.ਏ.ਯੂ. ਦੇ ਫਸਲ ਵਿਭਾਗ ਦੇ ਵਿਗਿਆਨੀਆਂ ਸੁਖਪ੍ਰੀਤ ਸਿੰਘ, ਵਿਨੈ ਕੁਮਾਰ ਸਿੱਧੂ ਅਤੇ ਅਜਮੇਰ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਝੋਨੇ ਹੇਠ ਰਕਬਾ ਜੋ 1960-61 ਵਿਚ 2.27 ਲੱਖ ਹੈਕਟੇਅਰ ਸੀ, ਸਾਲ 2022-23 ਵਿਚ ਵਧ ਕੇ 31.68 ਲੱਖ ਹੈਕਟੇਅਰ ਹੋ ਗਿਆ।

ਇਸੇ ਤਰ੍ਹਾਂ ਟਿਊਬਵੈੱਲਾਂ ਦੀ ਗਿਣਤੀ ਵੀ 70 ਹਜ਼ਾਰ ਤੋਂ ਵਧ ਕੇ 14.82 ਲੱਖ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਪਾਣੀ ਦੀ ਸਾਲਾਨਾ ਉਪਲੱਬਧਤਾ 53 ਬਿਲੀਅਨ ਕਿਊਬਿਕ ਮੀਟਰ ਹੈ ਜਦਕਿ ਮੰਗ 60 ਬੀ.ਸੀ.ਐਮ. ਹੈ। ਇਸ ਫਰਕ ਨੂੰ ਪੂਰਾ ਕਰਨ ਲਈ ਧਰਤੀ ਹੇਠਲੇ ਡੂੰਘੇ ਪਾਣੀ ਦੇ ਸਰੋਤਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਇਕ ਰਿਪੋਰਟ ਅਨੁਸਾਰ ਸੂਬੇ ਵਿਚ 114 ਬਲਾਕ ਅਤੇ 3 ਸ਼ਹਿਰੀ ਖੇਤਰ ਅਤਿ-ਨਾਜ਼ੁਕ ਸਥਿਤੀ ਵਿਚ ਪਹੁੰਚ ਗਏ ਹਨ। ਮਾਹਿਰਾਂ ਨੇ ਕਿਹਾ ਕਿ ਸਾਉਣੀ ਸੀਜ਼ਨ ਵਿਚ 80 ਫੀਸਦੀ ਪਾਣੀ ਦੀ ਖਪਤ ਝੋਨੇ ਦੀ ਖੇਤੀ ਵਿਚ ਹੁੰਦੀ ਹੈ। ਪਾਣੀ ਬਚਾਉਣ ਲਈ ਝੋਨੇ ਹੇਠਲਾ ਕੁਝ ਰਕਬਾ ਨਰਮਾ, ਬਾਸਮਤੀ, ਮੱਕੀ, ਦਾਲਾਂ ਹੇਠ ਲਿਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨ ਪੀ.ਏ.ਯੂ. ਵੱਲੋਂ ਪ੍ਰਮਾਣਿਤ ਝੋਨੇ ਦੀਆਂ ਕਿਸਮਾਂ ਪੀ.ਆਰ-121, 126, 128, 129, 130 ਅਤੇ ਪੀ.ਆਰ 131 ਨੂੰ ਤਰਜੀਹ ਦੇਣ ਤਾਂ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

# ਮੋਗਾ ਵਿਚ ਛੇ ਸੀਨੀਅਰ ਅਕਾਲੀ ਆਗੂਆਂ ਨੇ ਪਾਰਟੀ ਛੱਡੀ

**ਮੋਗਾ:** ਪੰਜਾਬ 'ਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ 'ਚ ਭਾਵੇਂ ਏਕੇ ਦੀ ਮੁਹਿੰਮ ਜ਼ੋਰ ਫੜ ਰਹੀ ਹੈ ਪਰ ਸਿੱਖਾਂ ਦੀ ਸਭ ਤੋਂ ਪੁਰਾਣੀ ਨੁਮਾਇੰਦਾ ਇਹ ਸਿਆਸੀ ਜਮਾਤ ਆਪਣੀ ਹੋਂਦ ਦੇ ਸਭ ਤੋਂ ਗੰਭੀਰ ਸੰਕਟ ਦੇ ਦੌਰ 'ਚ ਲੰਘ ਰਹੀ ਹੈ। ਇੱਥੇ ਪਾਰਟੀ ਦੇ ਦੋ ਸਰਕਲ ਜਥੇਦਾਰਾਂ ਅਤੇ ਚਾਰ ਹੋਰ ਸੀਨੀਅਰ ਆਗੂਆਂ ਨੇ ਉਨ੍ਹਾਂ ਨਾਲ ਭੇਦਭਾਵ ਕਰਨ ਦੇ ਦੋਸ਼ ਲਗਾਉਂਦੇ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਹੈ।

ਮੋਗਾ ਵਿਧਾਨ ਸਭਾ ਹਲਕਾ ਅਬਜ਼ਰਵਰ ਕੌਂਸਲਰ ਗੋਵਰਧਨ ਪੋਪਲੀ ਨੇ ਕਿਹਾ ਕਿ ਉਨ੍ਹਾਂ ਸਮੇਤ ਸਾਬਕਾ ਕੌਂਸਲਰ ਤੇ ਪਾਰਟੀ ਦੇ ਸ਼ਹਿਰੀ ਪ੍ਰਧਾਨ ਪ੍ਰੇਮ ਚੱਕੀਵਾਲਾ, ਸਾਬਕਾ ਕੌਂਸਲਰ ਦੀਪਇੰਦਰ ਸਿੰਘ ਸੰਧੂ, ਸਾਬਕਾ ਕੌਂਸਲਰ ਕਾਲਾ ਬਜਾਜ ਤੇ ਦੋਵੇਂ ਸਰਕਲ ਜਥੇਦਾਰ ਟਕਸਾਲੀ ਅਕਾਲੀ ਹਨ। ਉਨ੍ਹਾਂ ਪਾਰਟੀ ਆਗੂਆਂ 'ਤੇ ਭੇਦਭਾਵ ਕਰਨ ਦਾ ਦੋਸ਼ ਲਗਾਉਂਦੇ ਹੋਏ ਪਾਰਟੀ ਛੱਡਣ ਦਾ ਐਲਾਨ ਕੀਤਾ ਹੈ। ਇਸ ਮੌਕੇ ਕਿਸੇ ਹੋਰ ਪਾਰਟੀ ਵਿਚ ਸ਼ਾਮਲ ਹੋਣ ਬਾਰੇ ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿਚ ਆਪਣੇ ਸਾਥੀ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਭਵਿੱਖ ਦੀ ਰਣਨੀਤੀ ਤੈਅ ਕਰਨਗੇ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਸਿਧਾਂਤਾਂ ਨਾਲ ਜੁੜੀ ਪਾਰਟੀ ਹੈ ਤੇ ਇਸ ਦੀਆਂ ਕੁਰਬਾਨੀਆਂ ਬੇਮਿਸਾਲ ਹਨ। ਪਾਰਟੀ ਵਿਚ ਨਿਮਰਤਾ ਦੀ ਥਾਂ ਹੁਣ ਟਕਸਾਲੀਆਂ ਨੂੰ ਪਛਾੜ ਕੇ ਨਵੇਂ ਚਿਹਰੇ ਅੱਗੇ ਲਿਆਉਣ ਦਾ ਸਭਿਆਚਾਰ ਭਾਰੂ ਹੋ ਗਿਆ। ਜ਼ਿਕਰਯੋਗ ਹੈ ਕਿ ਇਹ ਸਾਰੇ ਆਗੂ ਪਾਰਟੀ ਵੱਲੋਂ ਕਰੀਬ 7 ਮਹੀਨੇ ਪਹਿਲਾਂ ਇੱਥੋਂ ਐਲਾਨੇ ਅਹੁਦੇਦਾਰਾਂ ਦੀ ਸੂਚੀ ਤੋਂ ਨਾਰਾਜ਼ ਚੱਲੇ ਆ ਰਹੇ ਹਨ। ਉਨ੍ਹਾਂ ਦੀ ਨਾਰਾਜ਼ਗੀ ਦੂਰ ਕਰਨ ਲਈ ਪਹਿਲਾਂ ਵੀ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਪ੍ਰੇਮ ਚੱਕੀਵਾਲਾ ਦੇ ਘਰ ਉਨ੍ਹਾਂ ਦੇ ਭਰਾ ਦੇ ਦੇਹਾਂਤ ਬਹਾਨੇ ਉਨ੍ਹਾਂ ਨੂੰ ਮਨਾਉਣ ਲਈ ਆਏ ਸਨ। ਕੌਂਸਲਰ ਗਵਰਧਨ ਪੋਪਲੀ ਨੇ ਕਿਹਾ ਕਿ 21 ਮਾਰਚ ਨੂੰ ਹਲਕੇ ਵਿਚ 'ਪੰਜਾਬ ਬਚਾਓ ਯਾਤਰਾ' ਦੌਰਾਨ ਉਨ੍ਹਾਂ ਇਥੇ ਪਾਰਟੀ ਵਰਕਰਾਂ ਦਾ ਭਾਰੀ ਇਕੱਠ ਰੱਖਿਆ ਸੀ ਪਰ ਪਾਰਟੀ ਪ੍ਰਧਾਨ ਉਨ੍ਹਾਂ ਅਤੇ ਹੋਰ ਵਰਕਰਾਂ ਦੇ ਗਿਲੇ ਸ਼ਿਕਵੇ ਸੁਣਨ ਲਈ ਨਹੀਂ ਪੁੱਜੇ ਤੇ ਇਸ ਤੋਂ ਤਲਖ਼ੀ ਹੋਰ ਵਧ ਗਈ।

# ਆਦਮਪੁਰ ਹਵਾਈ ਅੱਡੇ ਤੋਂ ਨਾਂਦੇੜ ਸਾਹਿਬ ਲਈ ਉਡਾਣ ਸ਼ੁਰੂ



**ਜਲੰਧਰ:** ਆਦਮਪੁਰ ਹਵਾਈ ਅੱਡੇ ਤੋਂ ਉਡਾਣ ਸੇਵਾ ਸ਼ੁਰੂ ਹੋ ਗਈ ਹੈ। ਤਕਰੀਬਨ ਚਾਰ ਸਾਲਾਂ ਬਾਅਦ ਆਦਮਪੁਰ ਤੋਂ ਨਾਂਦੇੜ ਸਾਹਿਬ ਲਈ ਜਹਾਜ਼ ਨੇ ਪਹਿਲੀ ਉਡਾਣ ਭਰੀ। ਇਸ ਦਾ ਪਹਿਲਾ ਸਟਾਪ ਹਿੰਡਨ ਏਅਰਪੋਰਟ 'ਤੇ ਰੱਖਿਆ ਗਿਆ ਹੈ। ਉਥੋਂ ਉਕਤ ਫਲਾਈਟ ਨਾਂਦੇੜ ਸਾਹਿਬ ਲਈ ਰਵਾਨਾ ਹੋਵੇਗੀ। ਦੋਆਬਾ ਪਰਵਾਸੀ ਭਾਰਤੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ ਤੇ ਇਸ ਲਈ ਆਦਮਪੁਰ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਹੋਣ ਨਾਲ ਉਨ੍ਹਾਂ ਨੂੰ ਕਾਫੀ ਫਾਇਦਾ ਮਿਲੇਗਾ।

ਹੁਣ ਲੋਕਾਂ ਨੂੰ ਦਿੱਲੀ ਜਾਣ ਲਈ 9 ਘੰਟੇ ਦਾ ਸਫਰ ਨਹੀਂ ਕਰਨਾ ਪਵੇਗਾ। ਉਪਰੋਕਤ ਰੂਟ ਫਲਾਈਟ ਰਾਹੀਂ ਇਹ ਸਫਰ ਸਿਰਫ ਇਕ ਘੰਟੇ ਵਿਚ ਪੂਰਾ ਹੋਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਇਕਾਨਮੀ ਕਲਾਸ ਦਾ ਕਿਰਾਇਆ ਟੈਕਸ ਸਮੇਤ 2300 ਰੁਪਏ ਦੇ ਕਰੀਬ ਹੈ। ਕੇਂਦਰ ਸਰਕਾਰ ਵੱਲੋਂ ਕਰੀਬ ਦੋ ਹਫ਼ਤੇ ਪਹਿਲਾਂ ਆਦਮਪੁਰ ਹਵਾਈ ਅੱਡੇ 'ਤੇ ਸਟਾਫ਼ ਦੀ ਨਿਯੁਕਤੀ ਕੀਤੀ ਗਈ ਸੀ ਜਿਸ ਤੋਂ ਬਾਅਦ ਉਡਾਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਹਵਾਈ ਅੱਡੇ ਤੋਂ ਹਿੰਡਨ, ਸ੍ਰੀ ਨਾਂਦੇੜ ਸਾਹਿਬ, ਬੈਂਗਲੁਰੂ, ਕੋਲਕਾਤਾ ਅਤੇ ਗੋਆ ਲਈ ਉਡਾਣਾਂ ਦੇ ਰੂਟ ਅਲਾਟ ਕੀਤੇ ਗਏ ਹਨ। ਇਸ ਤੋਂ ਪਹਿਲਾਂ ਆਦਮਪੁਰ ਹਵਾਈ ਅੱਡੇ ਨੂੰ 2 ਮਾਰਚ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰੋਗਰਾਮ ਤੋਂ ਬਾਅਦ ਖੋਲ੍ਹਿਆ ਗਿਆ ਸੀ। ਪੀ.ਐਮ. ਮੋਦੀ ਨੇ ਭਾਰਤ ਵਿਚ ਕਈ ਹਵਾਈ ਅੱਡਿਆਂ ਦਾ ਉਦਘਾਟਨ ਕੀਤਾ ਸੀ ਜਿਸ ਵਿਚ ਆਦਮਪੁਰ ਏਅਰਪੋਰਟ ਵੀ ਸ਼ਾਮਲ ਸੀ।

# ਪੀ.ਐਚ.ਡੀ. ਦਾਖਲਿਆਂ ਲਈ ਨੈੱਟ ਸਕੋਰ ਵਰਤਣ ਦੀ ਖੁੱਲ੍ਹ

**ਨਵੀਂ ਦਿੱਲੀ:** ਵਿਦਿਅਕ ਸਾਲ 2024-25 ਤੋਂ ਕੌਮੀ ਯੋਗਤਾ ਟੈਸਟ (ਨੈੱਟ) ਵਿਚ ਲਏ ਨੰਬਰਾਂ ਨੂੰ ਪੀ.ਐਚ.ਡੀ. ਦਾਖਲਿਆਂ ਲਈ ਵਰਤਿਆ ਜਾ ਸਕੇਗਾ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਕਿਹਾ ਕਿ ਯੂਨੀਵਰਸਿਟੀਆਂ ਤੇ ਉੱਚ ਸਿੱਖਿਆ ਸੰਸਥਾਵਾਂ ਵੱਲੋਂ ਵੱਖਰੇ ਦਾਖਲਾ ਟੈਸਟ ਲੈਣ ਦੀ ਲੋੜ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਨੈੱਟ ਪ੍ਰੀਖਿਆ ਸਾਲ ਵਿਚ ਦੋ ਵਾਰ- ਜੂਨ ਤੇ ਦਸੰਬਰ ਵਿਚ ਲਈ ਜਾਂਦੀ ਹੈ ਤੇ ਮੌਜੂਦਾ ਸਮੇਂ ਇਸ ਵਿਚੋਂ ਲਏ ਜਾਂਦੇ ਨੰਬਰਾਂ (ਸਕੋਰ) ਨੂੰ ਜੂਨੀਅਰ ਰਿਸਰਚ ਫੈਲੋਸ਼ਿਪ (ਜੇ.ਆਰ.ਐਫ.) ਹਾਸਲ ਕਰਨ ਲਈ ਵਰਤਿਆ ਜਾਂਦਾ ਹੈ। ਜਿਨ੍ਹਾਂ ਉਮੀਦਵਾਰਾਂ ਕੋਲ ਮਾਸਟਰਜ਼ ਡਿਗਰੀ ਦੇ ਨਾਲ ਜੇ.ਆਰ.ਐਫ. ਵੀ ਹੈ ਉਹ ਸਹਾਇਕ ਪ੍ਰੋਫੈਸਰ ਦੀ ਨਿਯੁਕਤੀ ਲਈ ਯੋਗ ਹਨ। ਕਮਿਸ਼ਨ ਵੱਲੋਂ ਪ੍ਰੀਖਿਆ ਵਿਚਲੀਆਂ ਵਿਵਸਥਾ 'ਤੇ ਨਜ਼ਰਸਾਨੀ ਲਈ ਮਾਹਿਰਾਂ ਦੀ ਬਣਾਈ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਇਹ ਫੈਸਲਾ ਕੀਤਾ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 6 ਅਪਰੈਲ, 2024*

# ਕਿਸਾਨ ਅੰਦੋਲਨ ਅਤੇ ਸਰਕਾਰਾਂ

*ਇਹ ਭਾਵੇਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਹੈ ਜਾਂ ਪੰਜਾਬ ਦੀ ਕੋਈ ਵੀ ਸਰਕਾਰ, ਇਨ੍ਹਾਂ ਦਾ ਕਿਸਾਨਾਂ ਵੱਲ ਰਵੱਈਆ ਸ਼ੱਕੀ ਹੀ ਰਿਹਾ ਹੈ। ਮੋਦੀ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਜੋ ਕੁਝ ਕਿਸਾਨਾਂ ਨਾਲ ਕਰਨ ਦਾ ਯਤਨ ਕੀਤਾ, ਉਸ ਨਾਲ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਪਰ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਨੇ ਵੀ ਕਿਸਾਨਾਂ ਨਾਲ ਕੋਈ ਘੱਟ ਨਹੀਂ ਗੁਜ਼ਾਰੀ ਹੈ। ਪੰਜਾਬ ਵਿਚ ਅੱਜ-ਕੱਲ੍ਹ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਇਸ ਦੀ ਅਗਵਾਈ ਭਗਵੰਤ ਮਾਨ ਕਰ ਰਹੇ ਹਨ। ਕਿਸਾਨ ਮਸਲਿਆਂ ਬਾਰੇ ਉਹ ਅਕਸਰ ਕੇਂਦਰ ਸਰਕਾਰ 'ਤੇ ਤਨਜ਼ ਵੀ ਕਸਦੇ ਰਹਿੰਦੇ ਹਨ; ਉਂਝ, ਕਿਸਾਨਾਂ ਵੱਲ ਉਨ੍ਹਾਂ ਦਾ ਰਵੱਈਆ ਵੀ ਕੇਂਦਰ ਸਰਕਾਰ ਵਾਲਾ ਹੀ ਹੈ। ਹੁਣ ਕਿਸਾਨਾਂ ਦੇ ਤਿੱਖੇ ਵਿਰੋਧ ਤੋਂ ਬਾਅਦ ਉਨ੍ਹਾਂ ਨੂੰ ਸਾਇਲੋਜ਼ ਵਾਲਾ ਫੈਸਲਾ ਉਵੇਂ ਹੀ ਵਾਪਸ ਲੈਣਾ ਪਿਆ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣੇ ਪੈ ਗਏ ਸਨ। ਜਦੋਂ ਸਾਇਲੋਜ਼ (ਗੁਦਾਮਾਂ) ਬਾਰੇ ਰੌਲਾ ਪਿਆ ਤਾਂ ਇਹ ਗੱਲ ਵੀ ਸਾਹਮਣੇ ਆਈ ਕਿ ਸੂਬੇ ਵਿਚ ਸਾਇਲੋਜ਼ ਨੂੰ ਮੰਡੀ ਯਾਰਡ (ਖਰੀਦ ਕੇਂਦਰ) ਐਲਾਨਣ 'ਚ ਕੋਈ ਵੀ ਸਰਕਾਰ ਪਿੱਛੇ ਨਹੀਂ ਰਹੀ। ਸਾਇਲੋਜ਼ ਨੂੰ ਮੰਡੀ ਯਾਰਡ ਐਲਾਨਣ ਦੀ ਪਹਿਲ ਸ਼੍ਰੋਮਣੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਹੋਈ ਸੀ ਅਤੇ ਕਾਂਗਰਸ ਸਰਕਾਰ ਨੇ ਵੀ ਇਸ ਰਵਾਇਤ ਨੂੰ ਜਾਰੀ ਰੱਖਿਆ ਸੀ। ਪੰਜਾਬ ਮੰਡੀ ਬੋਰਡ ਨੇ 15 ਮਾਰਚ ਨੂੰ 11 ਸਾਇਲੋਜ਼ ਨੂੰ ਮੰਡੀ ਯਾਰਡ ਐਲਾਨਿਆ ਸੀ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ 11 ਨਵੰਬਰ 2013 ਤੋਂ 27 ਜੁਲਾਈ 2015 ਤੱਕ ਪੰਜ ਸਾਇਲੋਜ਼ ਨੂੰ ਮੰਡੀ ਯਾਰਡ ਐਲਾਨਿਆ ਸੀ। ਕਾਂਗਰਸ ਸਰਕਾਰ ਨੇ 19 ਅਪਰੈਲ 2017 ਤੋਂ ਲੈ ਕੇ 16 ਅਪਰੈਲ 2021 ਤੱਕ ਛੇ ਸਟੀਲ ਸਾਇਲੋਜ਼ ਨੂੰ ਮੰਡੀ ਯਾਰਡ ਐਲਾਨਿਆ ਸੀ।*

*ਯਾਦ ਰਹੇ ਕਿ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਸਮੇਂ ਅਨਾਜ ਭੰਡਾਰਨ ਦੀ ਸਾਲ 2000 'ਚ ਬਣੀ ਕੌਮੀ ਨੀਤੀ ਤਹਿਤ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਵੱਲੋਂ ਗਲੋਬਲ ਟੈਂਡਰ ਕੀਤੇ ਗਏ ਸਨ ਅਤੇ ਸਭ ਤੋਂ ਪਹਿਲੇ ਪਲਾਂਟ ਸਾਲ 2007 ਵਿਚ ਚਾਲੂ ਹੋ ਗਏ ਸਨ। ਇਨ੍ਹਾਂ ਦੀ ਮਿਆਦ 20 ਸਾਲ ਮਿਥੀ ਗਈ। ਪੰਜਾਬ ਅਤੇ ਹਰਿਆਣਾ ਵਿਚ 13 ਕੰਪਨੀਆਂ ਨੂੰ ਅਨਾਜ ਭੰਡਾਰਨ ਦਾ ਕੰਮ ਦਿੱਤਾ ਗਿਆ ਹੈ ਅਤੇ ਦੋਵੇਂ ਸੂਬਿਆਂ ਵਿਚ ਹੁਣ ਤੱਕ ਡੇਢ ਦਰਜਨ ਦੇ ਕਰੀਬ ਸਾਇਲੋਜ਼ ਬਣ ਚੁੱਕੇ ਹਨ। ਸਟੀਲ ਸਾਇਲੋਜ਼ ਸਕੀਮ ਵਿਚ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਗੱਫੇ ਮਿਲੇ ਹਨ। ਕਨਸੋਅ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ-ਹਰਿਆਣਾ 'ਚ ਕੇਵਲ ਇੱਕੋ ਕਾਰਪੋਰੇਟ ਨੂੰ ਅਨਾਜ ਭੰਡਾਰ ਕਰਨ ਲਈ ਮਹਿੰਗਾ ਭਾਅ ਦਿੱਤਾ ਹੈ। ਉਂਝ, ਇੰਨਾ ਜ਼ਰੂਰ ਹੈ ਕਿ ਨਵੇਂ ਆਧੁਨਿਕ ਸਾਇਲੋ ਪਲਾਂਟਾਂ 'ਚ ਅਨਾਜ ਭੰਡਾਰਨ ਨਾਲ ਅਨਾਜ ਦੀ ਚੋਰੀ ਅਤੇ ਖਰਾਬਾ ਘਟਿਆ ਹੈ ਪਰ ਕਿਸਾਨਾਂ ਨੂੰ ਖਦਸ਼ਾ ਹੈ ਕਿ ਸਾਇਲੋਜ਼ ਅਖੀਰ ਵਿਚ ਖਰੀਦ ਕੇਂਦਰਾਂ ਨੂੰ ਖਤਮ ਕਰ ਦੇਣਗੇ ਅਤੇ ਕਾਰਪੋਰੇਟ ਦਾ ਮੰਡੀ 'ਤੇ ਗਲਬਾ ਵਧ ਜਾਵੇਗਾ। ਇਸੇ ਕਰ ਕੇ ਜਦੋਂ ਹੀ ਪੰਜਾਬ ਸਰਕਾਰ ਨੇ ਸਾਇਲੋਜ਼ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ, ਸੰਯੁਕਤ ਕਿਸਾਨ ਮੋਰਚੇ ਨੇ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ। ਇਨ੍ਹਾਂ ਸਾਇਲੋਜ਼ ਵਿਚ ਪ੍ਰਤੀ ਟਨ ਕਿਰਾਇਆ ਸਾਲਾਨਾ 792 ਰੁਪਏ ਤੋਂ ਲੈ ਕੇ 2000 ਰੁਪਏ ਤੱਕ ਦਿੱਤਾ ਗਿਆ ਹੈ ਜਦੋਂ ਕਿ ਕਵਰਿੰਗ ਗੁਦਾਮਾਂ ਵਿਚ ਕਿਰਾਇਆ 96 ਰੁਪਏ ਸਾਲਾਨਾ ਤੋਂ ਲੈ ਕੇ 422 ਰੁਪਏ ਪ੍ਰਤੀ ਟਨ ਦਿੱਤਾ ਜਾਂਦਾ ਹੈ। ਇਸੇ ਲਈ ਦੋਸ਼ ਲਗਦੇ ਹਨ ਕਿ ਕੇਂਦਰ ਸਰਕਾਰ ਕਿਤੇ ਵੱਧ ਕਿਰਾਇਆ ਦੇ ਕੇ ਕਾਰਪੋਰੇਟਾਂ ਦੀ ਜੇਬ ਭਰ ਰਹੀ ਹੈ।*

*ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਸਪਸ਼ਟ ਕਿਹਾ ਹੈ ਕਿ ਪੰਜਾਬ ਸਰਕਾਰ ਦਾ ਫੈਸਲਾ ਵੀ ਕੇਂਦਰ ਸਰਕਾਰ ਦੀਆਂ ਨੀਤੀਆਂ ਅਨੁਸਾਰ ਹੀ ਹੈ। ਕੇਂਦਰ ਸਰਕਾਰ ਨੂੰ ਭਾਵੇਂ ਮਿਸਾਲੀ ਅਤੇ ਇਤਿਹਾਸਕ ਅੰਦੋਲਨ ਕਰਕੇ ਤਿੰਨ ਖੇਤੀ ਕਾਨੂੰਨ ਵਾਪਸ ਲੈਣੇ ਪਏ ਪਰ ਕੇਂਦਰ ਸਰਕਾਰ ਅਜੇ ਵੀ ਉਸੇ ਨੀਤੀ ਉਤੇ ਚੱਲ ਰਹੀ ਹੈ ਜਿਸ ਤਹਿਤ ਖੇਤੀ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨਾ ਹੈ। ਅਸਲ ਵਿਚ ਸਾਇਲੋਜ਼ ਸਮੇਤ ਖੇਤੀ ਬਾਰੇ ਜਿੰਨੀਆਂ ਵੀ ਸਕੀਮਾਂ ਘੜੀਆਂ ਜਾ ਰਹੀਆਂ ਹਨ, ਉਨ੍ਹਾਂ ਦਾ ਅੰਤਮ ਸਿੱਟਾ ਖੇਤੀ ਖੇਤਰ ਵਿਚ ਕਾਰਪੋਰੇਟਾਂ ਦਾ ਦਾਖਲਾ ਹੈ। ਹੁਣ ਇਹ ਵੀ ਕਿਹਾ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਇਲੋਜ਼ ਬਾਰੇ ਫੈਸਲਾ ਚੋਣਾਂ ਦੇ ਮੱਦੇਨਜ਼ਰ ਵਾਪਸ ਲਿਆ ਹੈ। ਇਸ ਤੋਂ ਪਹਿਲਾਂ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਖਿਲਾਫ ਸੰਘਰਸ਼ ਵਿੱਢਣ ਦਾ ਐਲਾਨ ਕਰ ਦਿੱਤਾ ਸੀ। ਸਰਕਾਰ ਹਫਤਾ ਭਰ ਤਾਂ ਖਾਮੋਸ਼ ਰਹੀ ਪਰ ਜਿਉਂ-ਜਿਉਂ ਕਿਸਾਨ ਜਥੇਬੰਦੀਆਂ ਨੇ ਸਰਗਰਮੀ ਫੜੀ, ਇਸ ਨੇ ਇਹ ਫੈਸਲਾ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਮੋਦੀ ਸਰਕਾਰ ਨੇ ਵੀ ਅਜਿਹੇ ਦਬਾਅ ਕਰ ਕੇ ਹੀ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ। ਇਸੇ ਲਈ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨੂੰ ਹੁਣ ਸੁਚੇਤ ਹੋਣ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਆਪਣੇ ਸੰਘਰਸ਼ ਨੂੰ ਹੋਰ ਵਿਸ਼ਾਲ ਬਣਾਉਣਾ ਚਾਹੀਦਾ ਹੈ ਕਿਉਂਕਿ ਸਰਕਾਰਾਂ ਨੀਤੀ ਦੇ ਪੱਧਰ 'ਤੇ ਕਾਰਪੋਰੇਟਾਂ ਦੇ ਹੱਕ ਵਿਚ ਫੈਸਲਾ ਕਰ ਚੁੱਕੀਆਂ ਹਨ ਅਤੇ ਇਹ ਮਾੜਾ-ਮੋਟਾ ਰੂਪ ਬਦਲ ਕੇ ਉਹੀ ਫੈਸਲੇ ਲੈ ਕੇ ਫਿਰ ਆ ਧਮਕਦੀਆਂ ਹਨ। ਹੁਣ ਸਭ ਤੋਂ ਪਹਿਲਾਂ ਤਾਂ ਏਕਤਾ ਕਰਨੀ ਚਾਹੀਦੀ ਹੈ ਅਤੇ ਫਿਰ ਨੀਤੀ ਦੇ ਪੱਧਰ 'ਤੇ ਸਰਕਾਰਾਂ ਨੂੰ ਲੜਾਈ ਦੇਣ ਲਈ ਕੋਈ ਵਿਉਂਤਬੰਦੀ ਕਰਨੀ ਚਾਹੀਦੀ ਹੈ। ਕਿਸਾਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਬਹੁਤ ਲੰਮੀ ਲੜਾਈ ਹੈ ਅਤੇ ਇਹ ਏਕੇ ਦੇ ਸਿਰ 'ਤੇ ਹੀ ਲੜੀ ਜਾ ਸਕਦੀ ਹੈ। ਇਤਿਹਾਸਕ ਕਿਸਾਨ ਅੰਦੋਲਨ ਨੇ ਵੀ ਇਹੀ ਸਾਬਤ ਕੀਤਾ ਸੀ। ਇਸ ਲਈ ਕਿਸਾਨ ਜਥੇਬੰਦੀਆਂ ਨੂੰ ਹੁਣ ਨਵੇਂ ਸਿਰਿਓਂ ਵਿਉਂਤਬੰਦੀ ਕਰਨ ਲਈ ਕਮਰ ਕਸਣੀ ਚਾਹੀਦੀ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਿਸਮਾਂ ਕੈਂਡੀਡੇਟਾਂ ਦੀਆਂ

*ਚੋਣਾਂ ਵਿਚ ਕੋਈ ਏਸ ਲਈ 'ਖੜ੍ਹਾ' ਹੁੰਦਾ ਦੋ ਨੰਬਰ ਦੀ ਮਾਇਆ ਲੁਟਾਉਣ ਦੇ ਲਈ।*
*ਕਈ ਇਸੇ ਹੀ ਮਕਸਦ ਲਈ ਚੋਣ ਲੜਦੇ ਆਪਣੇ 'ਦਲ' ਦਾ ਨੱਕ ਬਚਾਉਣ ਦੇ ਲਈ।*
*ਕਈ 'ਕੀਮਤ ਪੁਆਉਣ' ਲਈ ਸੋਚਦੇ ਐ ਕੋਈ ਆਏ ਗਾ ਮੈਨੂੰ 'ਬਿਠਾਉਣ' ਦੇ ਲਈ।*
*'ਨਾਂ ਚਮਕਾਉਣ' ਲਈ ਮੀਡੀਏ ਵਿਚ ਬਹੁਤੇ ਖੜ੍ਹਦੇ ਵੋਟਾਂ ਵਿਚ 'ਫੰਡ' ਉਗ੍ਰਾਹੁਣ ਦੇ ਲਈ।*
*'ਚੁੱਕੇ ਹੋਏ' ਵੀ ਕਈਆਂ ਦੇ ਆਣ ਖੜ੍ਹਦੇ 'ਕਾਨਾ ਟਿੰਡ' ਦੇ ਵਿਚ ਫਸਾਉਣ ਦੇ ਲਈ।*
*ਹੋਣੀ ਜਿੱਤ ਨਹੀਂ 'ਪੱਕਾ' ਇਹ ਜਾਣਦੇ ਵੀ ਖੜ੍ਹ ਜਾਂਦੇ ਕੋਈ 'ਦੂਜਾ' ਹਰਾਉਣ ਦੇ ਲਈ!*

# ਪੰਜਾਬ ਦੀਆਂ ਦਲ ਬਦਲੀਆਂ ਅਤੇ ਸਿਆਸਤ ਦਾ ਨਿਘਾਰ

***ਭਾਜਪਾ ਨੇ 'ਕਾਂਗਰਸ ਮੁਕਤ ਭਾਰਤ' ਦੇ ਨਾਅਰੇ ਤਹਿਤ ਕਾਂਗਰਸ ਨੂੰ ਦੱਬ ਕੇ ਖੋਰਾ ਲਾਇਆ। ਹੁਣ ਨਾਅਰਾ ਉਹੀ ਹੈ, ਬਸ ਫਰਕ ਇਹ ਹੈ ਕਿ ਕਾਂਗਰਸ ਦੀ ਥਾਂ 'ਇੰਡੀਆ' ਗੱਠਜੋੜ ਦਾ ਹਿੱਸਾ ਪਾਰਟੀਆਂ ਹਨ। ਉਂਝ, ਹਕੀਕਤ ਇਹ ਵੀ ਹੈ ਕਿ ਹੋਰ ਪਾਰਟੀਆਂ ਦੇ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਜੋ ਰਸਤਾ ਭਾਜਪਾ ਨੇ ਅਖਤਿਆਰ ਕੀਤਾ ਹੈ, 'ਆਪ' ਵੀ ਤਕਰੀਬਨ ਉਸੇ ਰਸਤੇ ਜਾ ਰਹੀ ਹੈ।***

ਭਾਰਤ ਵਿਚ ਲੋਕ ਸਭਾ ਚੋਣਾਂ ਦੇ ਭਖੇ ਮੈਦਾਨ ਵਿਚ ਕਿਤੇ ਵੀ ਵਿਚਾਰਧਾਰਕ ਲੜਾਈ, ਇਮਾਨਦਾਰੀ, ਲੋਕ ਹਿੱਤਾਂ ਦੀ ਗੱਲ ਨਜ਼ਰ ਨਹੀਂ ਆ ਰਹੀ। ਦੇਸ਼ ਦੀ 'ਸੱਤਾ' 'ਤੇ ਕਾਬਜ਼ ਭਾਜਪਾ ਲਗਾਤਾਰ ਤੀਸਰੀ ਵਾਰ ਚੋਣ ਜਿੱਤਣ ਦੀ ਬਜਾਇ ਹਥਿਆਉਣ ਲਈ ਕਿਸੇ ਵੀ ਹੱਦ ਤੱਕ ਜਾ ਰਹੀ ਹੈ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਇਸ ਚੋਣ ਪ੍ਰਕਿਰਿਆ ਦੌਰਾਨ ਰਾਜਨੀਤਕ ਪਾਰਟੀਆਂ ਤੋਂ ਵੱਧ ਸਰਗਰਮ ਤਾਂ ਕੇਂਦਰੀ ਏਜੰਸੀਆਂ ਹਨ।

ਵਿਰੋਧੀ ਧਿਰਾਂ ਦੀ ਇਸ ਗੱਲ ਵਿਚ ਦਮ ਹੈ ਕਿ ਭਾਜਪਾ ਚੋਣ ਜਿੱਤਣ ਲਈ ਉਨ੍ਹਾਂ ਦੇ ਆਗੂਆਂ ਨੂੰ ਕੇਂਦਰੀ ਏਜੰਸੀਆਂ ਦਾ ਡਰਾਵਾ ਜਾਂ ਲਾਲਚ ਦੇ ਕੇ ਆਪਣੇ ਵੱਲ ਖਿੱਚ ਰਹੀ ਹੈ ਪਰ ਸਿੱਕੇ ਦਾ ਦੂਜਾ ਪਹਿਲੂ ਵੀ ਓਨਾ ਹੀ ਮਹੱਤਵਪੂਰਨ ਹੈ ਕਿ ਵਿਰੋਧੀ ਧਿਰਾਂ ਦਾ ਖਾਸਾ ਵੀ ਕਿਸੇ ਵਿਚਾਰਧਾਰਾ ਦੀ ਪੈਦਾਇਸ਼ ਨਹੀਂ;



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਉਹਨਾਂ ਵੀ 'ਸੱਤਾ' ਉੱਪਰ ਕਾਬਜ਼ ਹੋਣ ਲਈ ਇੱਧਰੋਂ-ਉੱਧਰੋਂ ਉਮੀਦਵਾਰ ਲੈ ਕੇ ਚੋਣਾਂ ਲੜੀਆਂ ਹਨ। ਜੇ ਕੋਈ ਪਾਰਟੀ ਲੋਕ ਮੁੱਦਿਆਂ 'ਤੇ ਕਿਸੇ ਵਿਚਾਰਧਾਰਾ ਉੱਪਰ ਪਹਿਰਾ ਦਿੰਦੀ ਹੈ ਤਾਂ ਉਸ ਨੂੰ ਤੋੜਨਾ ਐਨਾ ਸੌਖਾ ਨਹੀਂ ਹੁੰਦਾ।

ਪੂਰੇ ਦੇਸ਼ ਵਿਚੋਂ ਜੇਕਰ ਸਿਰਫ ਪੰਜਾਬ ਵਿਚ ਚੱਲ ਰਹੀਆਂ ਚੋਣ ਸਰਗਰਮੀਆਂ ਦਾ ਲੇਖਾ-ਜੋਖਾ ਕਰੀਏ ਤਾਂ ਸਮਝ ਪੈਂਦਾ ਹੈ ਕਿ ਇਹ ਚੋਣਾਂ ਲੋਕ ਮੁੱਦਿਆਂ ਦੀ ਬਜਾਇ ਆਪਸੀ ਚਿੱਕੜ ਉਛਾਲੀ ਤੱਕ ਸੀਮਤ ਹਨ। ਅਤਿ ਦੀ ਬੇਰੁਜ਼ਗਾਰੀ, ਕਿਸਾਨ ਮਜ਼ਦੂਰ ਖੁਦਕੁਸ਼ੀਆਂ, ਨਸ਼ਿਆਂ ਤੇ ਬੇਲੋੜੇ ਪਰਵਾਸ ਦਾ ਸਾਹਮਣਾ ਕਰ ਰਹੇ ਪੰਜਾਬ ਸਿਰ ਕਰਜ਼ੇ ਦੀ ਪੰਡ ਦਿਨੋ-ਦਿਨ ਭਾਰੀ ਹੋ ਰਹੀ ਹੈ ਪਰ ਹਾਕਮ ਜਮਾਤ ਦੀਆਂ ਪਾਰਟੀਆਂ ਇਹਨਾਂ ਮੁੱਦਿਆਂ ਨੂੰ ਸੰਬੋਧਨ ਹੋਣ ਦੀ ਬਜਾਇ ਜਾਇਜ਼-ਨਾਜਾਇਜ਼ ਢੰਗ ਨਾਲ ਚੋਣਾਂ ਜਿੱਤਣ ਲਈ ਕਾਹਲੀਆਂ ਹਨ।

ਭਾਜਪਾ ਪੰਜਾਬ 'ਚ ਹੁਣ ਤੱਕ 6 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ ਜਿਨ੍ਹਾਂ ਵਿਚੋਂ ਤਿੰਨ ਵਿਰੋਧੀ ਪਾਰਟੀਆਂ ਦੇ ਮੌਜੂਦਾ ਸੰਸਦ ਮੈਂਬਰ ਹਨ। ਭਾਜਪਾ ਨੇ ਆਪਣੇ ਕਾਡਰ ਵਿਚੋਂ ਉਮੀਦਵਾਰ ਬਣਾਉਣ ਦੀ ਬਜਾਇ 'ਆਪ' ਦੇ ਜਲੰਧਰ ਤੋਂ ਸੰਸਦ ਮੈਂਬਰ ਸੁਸ਼ੀਲ ਰਿੰਕੂ, ਕਾਂਗਰਸ ਦੀ ਪਟਿਆਲਾ ਤੋਂ ਐੱਮਪੀ ਪ੍ਰਨੀਤ ਕੌਰ ਅਤੇ ਲੁਧਿਆਣਾ ਤੋਂ ਐੱਮਪੀ ਰਵਨੀਤ ਬਿੱਟੂ ਪਾਰਟੀ ਵਿਚ ਸ਼ਾਮਲ ਕਰ ਕੇ ਇਨ੍ਹਾਂ ਹੀ ਹਲਕਿਆਂ ਤੋਂ ਉਮੀਦਵਾਰ ਬਣਾ ਲਿਆ ਹੈ।

'ਆਪ' ਦੇ ਪੂਰੇ ਦੇਸ਼ ਵਿਚੋਂ ਇਕਲੌਤੇ ਲੋਕ ਸਭਾ ਮੈਂਬਰ ਅਤੇ ਜਲੰਧਰ ਤੋਂ ਪਾਰਟੀ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਪੱਛਮੀ ਤੋਂ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਜਦ ਭਾਜਪਾ ਵਿਚ ਸ਼ਾਮਲ ਹੋਏ ਤਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਤਨਜ਼ ਕਸਦਿਆਂ ਸੋਸ਼ਲ ਮੀਡੀਆ 'ਤੇ ਕੁਝ ਸਤਰਾਂ ਲਿਖੀਆਂ ਪਰ ਉਹੀ ਰਿੰਕੂ ਜਿਸ ਦਿਨ ਕਾਂਗਰਸ ਛੱਡ ਕੇ 'ਆਪ' ਵਿਚ ਆਇਆ ਸੀ, ਉਸ ਦਿਨ ਉਹ ਮਹਾਨ ਕਿਵੇਂ ਸੀ? ਜਿਸ ਸੁਸ਼ੀਲ ਰਿੰਕੂ ਨੂੰ ਹੁਣ ਮੋਦੀ ਸਰਕਾਰ ਬਹੁਤ ਚੰਗੀ ਲੱਗਦੀ ਹੈ, ਉਸ ਰਿੰਕੂ ਨੂੰ ਵੀ ਪੁੱਛਣਾ ਬਣਦਾ ਹੈ ਕਿ ਕੁਝ ਮਹੀਨੇ ਪਹਿਲਾਂ ਉਸੇ ਸਰਕਾਰ ਖਿਲਾਫ ਲੋਕ ਸਭਾ ਵਿਚ ਕੀਤੇ ਰੋਸ ਪ੍ਰਦਰਸ਼ਨ ਕਾਰਨ ਉਸ ਨੂੰ ਸਦਨ ਤੋਂ ਮੁਅੱਤਲ ਵੀ ਕਰ ਦਿੱਤਾ ਗਿਆ ਸੀ।

ਇਹ ਮੁੱਖ ਧਾਰਾ ਸਿਆਸਤ ਦਾ ਨਿਘਾਰ ਹੀ ਕਿਹਾ ਜਾ ਸਕਦਾ ਹੈ ਕਿ ਸੁਸ਼ੀਲ ਕੁਮਾਰ ਰਿੰਕੂ ਨੇ 2022 ਵਿਚ ਹੋਈ ਚੋਣ ਕਾਂਗਰਸ ਵੱਲੋਂ ਲੜੀ, 2023 ਵਿਚ ਹੋਈ ਉਪ ਚੋਣ 'ਆਪ' ਵੱਲੋਂ ਲੜੀ ਤੇ ਹੁਣ 2024 ਵਿਚ ਹੋ ਰਹੀ ਚੋਣ ਭਾਜਪਾ ਵੱਲੋਂ ਲੜੇਗਾ। ਸ਼ੀਤਲ ਅੰਗੁਰਾਲ 2022 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਦਾ ਵਫਾਦਾਰ ਸਿਪਾਹੀ ਸੀ ਪਰ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਉਹ ਆਮ ਆਦਮੀ ਵਿਚ ਸ਼ਾਮਲ ਹੁੰਦਾ ਹੈ ਤੇ ਵਿਧਾਇਕ ਬਣਦਾ ਹੈ। ਜਲੰਧਰ ਦੇ ਵੋਟਰਾਂ ਦਾ ਸ਼ਸ਼ੋਪੰਜ ਵਿਚ ਹੋਣਾ ਸੁਭਾਵਿਕ ਹੈ ਕਿਉਂਕਿ 2022 ਵਿਚ ਰਿੰਕੂ ਤੇ ਅੰਗੁਰਾਲ ਇੱਕ ਦੂਜੇ ਖਿਲਾਫ ਚੋਣ ਲੜ ਰਹੇ ਸਨ ਤੇ ਇੱਕ ਦੂਜੇ ਖਿਲਾਫ ਇਲਜ਼ਾਮ ਵੀ ਲਗਾ ਰਹੇ ਸਨ; 2023 ਵਿਚ ਦੋਵੇਂ ਇਕੱਠੇ ਹੋ ਕੇ ਵੋਟਰਾਂ ਕੋਲ ਗਏ ਕਿ 'ਆਪ' ਨੂੰ ਵੋਟ ਪਾਓ ਲੇਕਿਨ ਹੁਣ ਸਾਲ ਬਾਅਦ ਦੋਵੇਂ ਫਿਰ ਇਕੱਠੇ ਹੀ ਜਾਣਗੇ ਤੇ ਕਹਿਣਗੇ ਕਿ ਭਾਜਪਾ ਨੂੰ ਵੋਟ ਪਾਓ!

ਰਵਨੀਤ ਸਿੰਘ ਬਿੱਟੂ ਦਾ ਪਰਿਵਾਰ ਪੰਜਾਬ ਵਿਚ ਕਾਂਗਰਸ ਦੇ ਟਕਸਾਲੀ ਪਰਿਵਾਰਾਂ ਵਿਚੋਂ ਇਕ ਹੈ। ਉਸ ਨੇ ਕਾਂਗਰਸ ਦੀ ਸਰਕਾਰ ਦੌਰਾਨ ਆਪਣੇ ਭਰਾ ਨੂੰ ਡੀਐੱਸਪੀ ਭਰਤੀ ਕਰਵਾਉਣ ਤੋਂ ਲੈ ਕੇ ਅਨੇਕਾਂ ਜਾਇਜ਼-ਨਾਜਾਇਜ਼ ਕੰਮ ਕਰਵਾਏ। ਇਤਿਹਾਸਕ ਕਿਸਾਨ ਅੰਦੋਲਨ ਸਮੇਂ ਬਿੱਟੂ ਮੋਦੀ ਸਰਕਾਰ ਖਿਲਾਫ ਦਿੱਲੀ ਵਿਚ ਮੋਰਚਾ ਲਾ ਕੇ ਕਿਸਾਨ ਪੱਖੀ ਹੋਣ ਦਾ ਦਾਅਵਾ ਕਰਦਾ ਰਿਹਾ। ਪਿਛਲੇ ਦਿਨੀਂ ਇਕ ਮੀਡੀਆ ਅਦਾਰੇ ਨਾਲ ਇੰਟਰਵਿਊ ਦੌਰਾਨ ਬਿੱਟੂ ਭਾਜਪਾ ਆਗੂਆਂ ਖਿਲਾਫ ਬੁੜਕ-ਬੁੜਕ ਬੋਲ ਰਿਹਾ ਸੀ ਪਰ ਹੁਣ ਅਚਾਨਕ ਉਸ ਨੂੰ ਭਾਜਪਾ ਵਿਚ ਅਜਿਹਾ ਕੀ ਦਿਸ ਗਿਆ ਕਿ ਉਹ ਭਾਜਪਾ ਉਮੀਦਵਾਰ ਬਣ ਗਿਆ ਹੈ? ਇਹ ਵੀ ਜਾਣਕਾਰੀ ਮਿਲੀ ਹੈ ਕਿ ਕਾਂਗਰਸ ਵੱਲੋਂ ਪੰਜਾਬ ਵਿਚ ਕਰਵਾਏ ਅੰਦਰੂਨੀ ਸਰਵੇਖਣ ਵਿਚ ਬਿੱਟੂ ਦੀ ਸੀਟ ਖਤਰੇ ਵਿਚ ਨਜ਼ਰ ਆ ਰਹੀ ਸੀ।

ਕਾਂਗਰਸ ਦੇ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਭਾਵੇਂ ਕੈਪਟਨ ਦੀ ਭਾਜਪਾ ਵਿਚ ਸ਼ਮੂਲੀਅਤ ਸਮੇਂ ਤੋਂ ਹੀ ਭਾਜਪਾ ਨਾਲ ਹੈ ਪਰ ਉਸ ਨੇ ਲੋਕ ਸਭਾ ਮੈਂਬਰੀ ਖੁੱਸ ਜਾਣ ਦੇ ਡਰੋਂ ਸਿਆਸੀ ਮੌਕਾਪ੍ਰਸਤੀ ਕਰਦਿਆਂ ਕਾਂਗਰਸ ਤੋਂ ਹੁਣ ਚੋਣਾਂ ਦੇ ਦਿਨਾਂ ਵਿਚ ਭਾਜਪਾ ਵਿਚ ਸ਼ਮੂਲੀਅਤ ਕੀਤੀ ਹੈ। ਪਿਛਲੇ ਦੋ-ਢਾਈ ਸਾਲਾਂ ਦਰਮਿਆਨ ਕੈਪਟਨ ਦੇ ਪਰਿਵਾਰ ਤੋਂ ਇਲਾਵਾ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਸਾਬਕਾ ਵਿਧਾਇਕ ਕੇਵਲ ਢਿੱਲੋਂ, ਫਤਿਹ ਜੰਗ ਸਿੰਘ ਬਾਜਵਾ, ਸਾਬਕਾ ਵਿਧਾਇਕ ਬਲਵਿੰਦਰ ਸਿੰਘ ਲਾਡੀ, ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਮੇਤ ਦਰਜਨਾਂ ਕਾਂਗਰਸੀ ਲੀਡਰ ਭਾਜਪਾ ਵਿਚ ਜਾ ਚੁੱਕੇ ਹਨ। ਇਹ ਭਾਜਪਾ ਦੀ ਸਿਰੇ ਦੀ ਮੌਕਾਪ੍ਰਸਤੀ ਹੀ ਕਹੀ ਜਾ ਸਕਦੀ ਹੈ ਕਿ ਉਸ ਨੇ ਸਾਰੀ ਉਮਰ ਕਾਂਗਰਸ ਦੀ ਲੀਡਰਸ਼ਿਪ ਵਿਚ ਰਹੇ ਸੁਨੀਲ ਜਾਖੜ ਨੂੰ ਪਾਰਟੀ ਦਾ ਪ੍ਰਧਾਨ ਥਾਪਿਆ ਹੋਇਆ ਹੈ।

'ਆਪ' ਮੰਤਰੀ ਅਤੇ ਦਿੱਲੀ ਸਰਕਾਰ ਦੇ ਮੰਤਰੀ ਸੌਰਭ ਭਾਰਦਵਾਜ ਨੇ ਭਾਜਪਾ 'ਤੇ ਅਪ੍ਰੇਸ਼ਨ ਲੋਟਸ ਤਹਿਤ 'ਆਪ' ਵਿਧਾਇਕਾਂ ਨੂੰ ਲਾਲਚ ਦੇਣ ਦੇ ਦੋਸ਼ ਲਗਾਏ ਹਨ। ਇਸ ਮਾਮਲੇ ਨੂੰ 'ਆਪ' ਦੇ ਤਿੰਨ ਵਿਧਾਇਕਾਂ ਰਜਿੰਦਰ ਪਾਲ ਕੌਰ ਛੀਨਾ, ਜਗਦੀਪ ਕੰਬੋਜ ਅਤੇ ਅਮਨਦੀਪ ਮੁਸਾਫਿਰ ਨੇ ਪ੍ਰੈੱਸ ਕਾਨਫਰੰਸ ਕਰ ਕੇ ਉਭਾਰਿਆ ਹੈ ਕਿ ਭਾਜਪਾ ਵਿਧਾਇਕਾਂ ਨੂੰ ਵੱਡੇ ਅਹੁਦੇ, ਲੋਕ ਸਭਾ ਚੋਣਾਂ ਲਈ ਟਿਕਟਾਂ ਤੇ ਜਾਂ ਫਿਰ ਪੈਸਿਆਂ ਦਾ ਲਾਲਚ ਦੇ ਰਹੀ ਹੈ। ਇਹ ਮਸਲਾ ਇਸ ਕਰ ਕੇ ਦਿਲਚਸਪ ਹੈ ਕਿਉਂਕਿ ਕੁਝ ਮਹੀਨੇ ਪਹਿਲਾਂ ਇਸੇ ਤਰ੍ਹਾਂ ਦੇ ਇਲਜ਼ਾਮ ਲਾਉਣ ਵਾਲੇ 'ਆਪ' ਵਿਧਾਇਕਾਂ ਵਿਚੋਂ ਇਕ, ਸ਼ੀਤਲ ਅੰਗੁਰਾਲ ਹੁਣ ਭਾਜਪਾ ਵਿਚ ਸ਼ਾਮਲ ਹੋ ਚੁੱਕਾ ਹੈ। ਉਸ ਨੇ ਹੁਣ 'ਆਪ' ਲੀਡਰਸ਼ਿਪ ਖਿਲਾਫ ਇਲਜ਼ਾਮ ਲਗਾ ਦਿੱਤਾ ਹੈ- "ਸਾਨੂੰ ਅਪਰੇਸ਼ਨ ਲੋਟਸ ਸਬੰਧੀ ਡੀਜੀਪੀ ਪੰਜਾਬ ਨੂੰ ਸ਼ਿਕਾਇਤ ਕਰਨ ਲਈ ਮਜਬੂਰ ਕੀਤਾ ਗਿਆ ਸੀ।" ਇਹ ਹਕੀਕਤ ਹੈ ਕਿ ਭਾਜਪਾ ਨੇ ਮਹਾਰਾਸ਼ਟਰ ਸਮੇਤ ਕਈ ਸੂਬਿਆਂ ਵਿਚ ਵਿਰੋਧੀ ਧਿਰ ਦੀ ਸਰਕਾਰ ਤੋੜ ਕਰ ਕੇ ਆਪਣੀਆਂ ਸਰਕਾਰਾਂ ਬਣਾਈਆਂ ਹਨ ਪਰ ਕੀ 'ਆਪ' ਨੇ ਕਦੇ ਅਜਿਹੀ ਭੰਨ-ਤੋੜ ਨਹੀਂ ਕੀਤੀ?

ਹਕੀਕਤ ਇਹ ਹੈ ਕਿ ਬਾਕੀ ਪਾਰਟੀਆਂ ਦੇ ਮੌਜੂਦਾ ਅਤੇ ਸਾਬਕਾ ਵਿਧਾਇਕਾਂ/ਸੰਸਦ ਮੈਂਬਰਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਜੋ ਰਸਤਾ ਭਾਜਪਾ ਨੇ ਅਖਤਿਆਰ ਕੀਤਾ ਹੈ, ਘੱਟ ਜਾਂ ਵੱਧ ਰੂਪ ਵਿਚ ਲੱਗਭੱਗ ਉਹੀ ਰਸਤਾ 'ਆਪ' ਨੇ ਵੀ ਅਪਣਾਇਆ ਹੋਇਆ ਹੈ। ਪਿਛਲੇ ਦਿਨੀਂ ਕਾਂਗਰਸ ਵਿਧਾਇਕ ਰਾਜ ਕੁਮਾਰ ਚੱਬੇਵਾਲ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰ ਕੇ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੇ ਹੂ-ਬ-ਹੂ ਉਹੀ ਕੰਮ ਕੀਤਾ ਹੈ ਜੋ ਭਾਜਪਾ ਨੇ ਅੰਗੁਰਾਲ ਨੂੰ ਸ਼ਾਮਲ ਕਰ ਕੇ ਕੀਤਾ ਹੈ। ਅਜੇ ਕੁਝ ਹਫਤੇ ਪਹਿਲਾਂ ਪੰਜਾਬ ਵਿਧਾਨ ਸਭਾ ਇਜਲਾਸ ਦੌਰਾਨ ਇਸੇ ਰਾਜ ਕੁਮਾਰ ਚੱਬੇਵਾਲ ਨੇ ਆਮ ਆਦਮੀ ਪਾਰਟੀ ਖਿਲਾਫ ਸਭ ਤੋਂ ਵੱਧ ਹਮਲਾਵਰ ਰੁਖ ਅਖਤਿਆਰ ਕੀਤਾ ਹੋਇਆ ਸੀ। 'ਆਪ' ਨੇ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ ਨੂੰ ਉਮੀਦਵਾਰ ਬਣਾਇਆ ਹੈ, ਇਹ ਜੀਪੀ 'ਆਪ' ਉਮੀਦਵਾਰ ਬਣਨ ਤੋਂ ਕੁਝ ਦਿਨ ਪਹਿਲਾਂ ਤੱਕ ਕਾਂਗਰਸ ਦਾ ਕੱਟੜ ਸਿਪਾਹੀ ਸੀ। ਲੋਕਾਂ ਨੂੰ ਸਭ ਤੋਂ ਵੱਧ ਹੈਰਾਨੀ 'ਆਪ' ਤੋਂ ਹੋ ਰਹੀ ਹੈ ਕਿ ਜੇ ਕਾਂਗਰਸ ਵਰਗੀਆਂ ਪਾਰਟੀਆਂ ਦੇ ਲੀਡਰਾਂ ਨੂੰ ਟਿਕਟਾਂ ਦੇ ਕੇ ਹੀ ਲੀਡਰ ਬਣਾਉਣਾ ਹੈ ਤਾਂ ਫਿਰ 'ਬਦਲਾਅ' ਕੀ ਹੈ?

ਇਹ ਵੀ ਤੱਥ ਹੈ ਕਿ ਅੱਜ ਤੱਕ ਪੰਜਾਬ ਵਿਚ ਭਾਜਪਾ ਦੇ ਪੈਰ ਨਹੀਂ ਲੱਗੇ। ਜਦ ਸ਼੍ਰੋਮਣੀ ਅਕਾਲੀ ਦਲ ਦੀ ਕਮਾਂਡ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਆਈ ਤਾਂ ਉਨ੍ਹਾਂ ਆਪਣੇ ਕੁਝ ਮੁਫਾਦਾਂ ਲਈ 1996 ਤੋਂ ਭਾਜਪਾ ਨੂੰ 'ਬਿਨਾਂ ਸ਼ਰਤ ਹਮਾਇਤ' ਦਿੱਤੀ। ਇਸ ਕਦਮ ਨਾਲ ਬਾਦਲ ਪਰਿਵਾਰ ਦੀ ਕੇਂਦਰੀ ਰਾਜਨੀਤੀ ਵਿਚ ਹਾਜ਼ਰੀ ਲੱਗਣ ਲੱਗ ਗਈ ਅਤੇ ਭਾਜਪਾ ਪੰਜਾਬ ਦੀ ਸੱਤਾ ਵਿਚ ਭਾਗੀਦਾਰ ਬਣ ਗਈ ਲੇਕਿਨ ਪੰਜਾਬ ਵਿਚ ਜਿੰਨੀ ਵਾਰ ਵੀ ਅਕਾਲੀ-ਭਾਜਪਾ ਸਰਕਾਰਾਂ ਬਣੀਆਂ, ਉਨ੍ਹਾਂ ਵਿਚ ਭਾਜਪਾ ਦੀ ਸਿਆਸੀ ਸਥਿਤੀ ਸਿਰਫ ਜੂਨੀਅਰ ਭਾਈਵਾਲ ਵਾਲੀ ਹੀ ਨਹੀਂ ਰਹੀ ਸਗੋਂ ਭਾਜਪਾ ਦੀ ਸੂਬਾਈ ਲੀਡਰਸ਼ਿਪ ਨੂੰ ਕੋਈ ਵੀ ਤਵੱਜੋ ਹੀ ਨਹੀਂ ਦਿੱਤੀ ਗਈ। ਭਾਜਪਾ ਲੀਡਰਸ਼ਿਪ ਵੱਲੋਂ ਸਾਰੀ ਤਾਕਤ ਝੋਕਣ ਦੇ ਬਾਵਜੂਦ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਸਿਰਫ ਦੋ ਸੀਟਾਂ ਮਿਲੀਆਂ। ਇਸ ਤੋਂ ਬਾਅਦ ਭਾਜਪਾ ਨੇ ਕਾਂਗਰਸ ਲੀਡਰਸ਼ਿਪ ਦੇ ਵੱਡੇ ਹਿੱਸੇ ਸਮੇਤ ਕੁਝ ਅਕਾਲੀ ਅਤੇ 'ਆਪ' ਦੇ ਕਈ ਆਗੂ ਪਾਰਟੀ ਵਿਚ ਸ਼ਾਮਲ ਕਰ ਲਏ।

ਭਾਜਪਾ ਨੇ ਕੁਝ ਸਾਲ ਪਹਿਲਾਂ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦਿੱਤਾ ਸੀ ਜਿਸ ਤਹਿਤ ਕਾਂਗਰਸ ਨੂੰ ਦੱਬ ਕੇ ਖੋਰਾ ਲਾਇਆ ਗਿਆ। ਹੁਣ ਭਾਜਪਾ ਦਾ ਨਾਅਰਾ ਉਹੀ ਹੈ, ਬਸ ਫਰਕ ਇਹ ਪਿਆ ਹੈ ਕਿ ਕਾਂਗਰਸ ਦੀ ਥਾਂ 'ਇੰਡੀਆ' ਗੱਠਜੋੜ ਦਾ ਹਿੱਸਾ ਪਾਰਟੀਆਂ ਹਨ। ਹੁਣ ਭਾਜਪਾ ਪੰਜਾਬ ਵਿਚ 'ਆਪ' ਤੇ ਕਾਂਗਰਸ ਨੂੰ ਖੋਰਾ ਲਾ ਰਹੀ ਹੈ ਅਤੇ ਅਕਾਲੀ ਦਲ (ਬਾਦਲ) ਨੂੰ ਮਜ਼ਬੂਤ ਕਰਨ ਵੱਲ ਡੱਕਾ ਸੁੱਟ ਰਹੀ ਹੈ; ਉਦਾਹਰਨ ਵਜੋਂ ਢੀਂਡਸਾ ਪਰਿਵਾਰ ਅਤੇ ਜਗੀਰ ਕੌਰ ਦੀ ਅਕਾਲੀ ਦਲ ਵਿਚ ਵਾਪਸੀ ਭਾਜਪਾ ਕਰ ਕੇ ਹੀ ਸੰਭਵ ਹੋਈ ਹੈ। ਅਕਾਲੀ ਦਲ ਅਤੇ ਭਾਜਪਾ ਚੋਣ ਇਕੱਲੇ-ਇਕੱਲੇ ਜ਼ਰੂਰ ਲੜ ਰਹੇ ਹਨ ਪਰ ਇਨ੍ਹਾਂ ਨੂੰ ਲੋੜ ਲੱਗੀ ਤਾਂ ਇਕੱਠੇ ਹੋਣ ਨੂੰ ਦੇਰੀ ਨਹੀਂ ਕਰਨਗੇ।

'ਆਪ' ਦੇ ਸਾਬਕਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੀ ਕਾਂਗਰਸ ਵਿਚ ਸ਼ਮੂਲੀਅਤ ਨੂੰ ਕਿਸੇ ਵੀ ਪੱਖ ਤੋਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਹੈ। ਇਹ ਦਲੀਲ ਤਾਂ ਠੀਕ ਹੈ ਕਿ ਇਸ ਸਮੇਂ ਭਾਜਪਾ ਨੂੰ ਹਰਾਉਣਾ ਜ਼ਰੂਰੀ ਹੈ ਪਰ ਭਾਜਪਾ ਨੂੰ ਹਰਾਉਣ ਲਈ ਦਲ-ਬਦਲੀਆਂ ਕਰ ਕੇ ਕਾਂਗਰਸ ਵਰਗੀ ਪਾਰਟੀ ਵਿਚ ਸ਼ਮੂਲੀਅਤ ਕਰ ਲੈਣਾ ਵੀ ਕਿਸੇ ਪੱਖੋਂ ਸਿਆਣਪ ਨਹੀਂ। ਵੈਸੇ ਖੱਬੇ ਪੱਖੀ ਜਮਹੂਰੀ ਕੈਂਪ ਲਈ ਵੀ ਇਹ ਚਿੰਤਨ ਦਾ ਸਵਾਲ ਹੈ ਕਿ ਇਸ ਚੋਣ ਵਿਚ ਲੋਕਾਂ ਦੇ ਪੱਖ ਵਿਚ ਖੜ੍ਹ ਕੇ ਉਹ ਕੀ ਭੂਮਿਕਾ ਅਦਾ ਕਰ ਸਕਦੇ ਹਨ।

# ਕਿਸਾਨ ਅੰਦੋਲਨ ਅਤੇ ਸੰਘ ਬ੍ਰਿਗੇਡ ਦੀ ਬੁਖਲਾਹਟ



**ਐੱਸ.ਕੇ.ਐੱਮ. ਦਾ ਸੱਦਾ ਆਰ.ਐੱਸ.ਐੱਸ.-ਭਾਜਪਾ ਨੂੰ ਚੁਭਣਾ ਸੁਭਾਵਿਕ ਹੈ ਜੋ ਚੋਣ ਸਿਆਸਤ ਅੰਦਰ ਵਿਰੋਧੀ ਧਿਰ ਦੀ ਬੇਹੱਦ ਪਤਲੀ ਹਾਲਤ ਦੇ ਮੱਦੇਨਜ਼ਰ '400 ਦਾ ਅੰਕੜਾ' ਪਾਰ ਕਰਨ ਦੀਆਂ ਥਾਪੀਆਂ ਮਾਰ ਰਹੀ ਹੈ ਅਤੇ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਹੀ ਆਪਣੇ 'ਪੋਸਟਰ ਬੁਆਇ' ਮੋਦੀ ਨੂੰ ਜੇਤੂ ਦੇ ਰੂਪ 'ਚ ਪੇਸ਼ ਕਰ ਰਹੀ ਹੈ। ਹੁਣ ਉਨ੍ਹਾਂ ਦੀ ਚਿੰਤਾ ਇਹ ਹੈ ਕਿ ਹਕੂਮਤ ਦੇ ਚੁਤਰਫ਼ੇ ਹਮਲਿਆਂ ਦੀ ਬੌਂਦਲਾਈ ਵਿਰੋਧੀ-ਧਿਰ ਆਪਣੀ ਦੀਵਾਲੀਆ ਸਿਆਸਤ ਕਾਰਨ ਹੁਕਮਰਾਨ ਧਿਰ ਲਈ ਕੋਈ ਬਹੁਤੀ ਵੱਡੀ ਚੁਣੌਤੀ ਨਹੀਂ ਹੈ, ਇਹ ਐੱਸ.ਕੇ.ਐੱਮ. ਵਰਗੇ ਅੰਦੋਲਨ ਹੀ ਹਨ ਜੋ ਸੰਘ ਬ੍ਰਿਗੇਡ ਦੇ ਗ਼ੁਬਾਰੇ ਦੀ ਫੂਕ ਕੱਢਣ ਅਤੇ ਮਿਹਨਤਕਸ਼ ਅਵਾਮ ਨੂੰ ਉਨ੍ਹਾਂ ਦੇ ਅਸਲ ਮੁੱਦਿਆਂ ਬਾਰੇ ਜਾਗਰੂਕ ਕਰ ਕੇ ਉਨ੍ਹਾਂ ਦੀ ਬਣੀ-ਬਣਾਈ ਖੇਡ ਵਿਗਾੜ ਰਹੇ ਹਨ। ਇਹੀ ਆਰ.ਐੱਸ.ਐੱਸ. ਦੇ ਕਿਸਾਨਾਂ ਤੋਂ ਖ਼ਫਾ ਹੋਣ ਅਤੇ ਇਕ ਵਾਰ ਫਿਰ 'ਸਵੈਮਸੇਵਕਾਂ' ਨੂੰ ਸ਼ਾਂਤਮਈ ਕਿਸਾਨ ਅੰਦੋਲਨ ਨੂੰ ਭੰਡਣ ਲਈ ਤਾਇਨਾਤ ਕਰਨ ਦੀ ਮੁੱਖ ਵਜ੍ਹਾ ਹੈ।**

ਹਾਲ ਹੀ ਵਿਚ ਸੰਯੁਕਤ ਕਿਸਾਨ ਮੋਰਚੇ (ਐੱਸ.ਕੇ.ਐੱਮ.) ਨੇ ਹੱਥ-ਪਰਚਾ ਜਾਰੀ ਕੀਤਾ ਹੈ- ਆਰ.ਐੱਸ.ਐੱਸ. ਕਿਸਾਨਾਂ ਤੋਂ ਖ਼ਫਾ ਕਿਉਂ ਹੈ? ਇਹ ਆਰ.ਐੱਸ.ਐੱਸ. ਦੇ ਰਾਜਨੀਤਕ ਵਿੰਗ ਭਾਜਪਾ ਦਾ ਪਰਦਾਫਾਸ਼ ਕਰਨ, ਇਸ ਵਿਰੁੱਧ ਲੋਕ-ਰਾਇ ਖੜ੍ਹੀ ਕਰਨ, ਇਸ ਨੂੰ ਸਬਕ ਸਿਖਾਉਣ ਅਤੇ ਆਪਣੀਆਂ ਮੰਗਾਂ ਉੱਪਰ ਵੱਡਾ ਅੰਦੋਲਨ ਉਸਾਰਨ ਲਈ ਸ਼ੁਰੂ ਕੀਤੀ ਮੁਹਿੰਮ ਦੇ ਹਿੱਸੇ ਵਜੋਂ ਤਿਆਰ ਕੀਤਾ ਗਿਆ ਹੈ। ਇਹ ਸੰਘ ਦੇ ਕੂੜ ਪ੍ਰਚਾਰ ਦਾ ਤੱਥਪੂਰਨ ਜਵਾਬ ਹੈ ਅਤੇ ਅਵਾਮ ਨੂੰ ਜਾਗਰੂਕ ਕਰਨ ਦੇ ਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਹੈ। ਸੰਘ ਬ੍ਰਿਗੇਡ ਦੇ ਦੰਭ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਨੂੰ ਬੇਪਰਦ ਕਰਨਾ ਇਸ ਕਰ ਕੇ ਵੀ ਜ਼ਰੂਰੀ ਹੈ ਕਿਉਂਕਿ ਪਿਛਲੇ ਦਿਨੀਂ ਆਰ.ਐੱਸ.ਐੱਸ. ਨੇ ਪੰਜਾਬ ਦੇ ਕਿਸਾਨਾਂ ਨੂੰ 'ਭੰਨ-ਤੋੜਵਾਦੀ ਤਾਕਤਾਂ' ਕਰਾਰ ਦੇ ਕੇ ਕਿਸਾਨ ਸੰਘਰਸ਼ ਨੂੰ ਬਦਨਾਮ ਕਰਨ ਦੀ ਦੁਸ਼ਟ ਹਰਕਤ ਉਸ ਵਕਤ ਕੀਤੀ ਹੈ ਜਦੋਂ ਕੁਝ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਪੰਜਾਬ ਤੇ ਹਰਿਆਣਾ ਦੇ ਕਿਸਾਨ ਆਪਣੀਆਂ ਮੰਗਾਂ ਮੰਨਵਾਉਣ ਲਈ ਅੰਤਰ-ਰਾਜੀ ਹੱਦਾਂ ਉੱਪਰ ਪੱਕੇ ਮੋਰਚੇ ਲਾਈ ਬੈਠੇ ਹਨ ਅਤੇ ਕਿਸਾਨ ਅੰਦੋਲਨ ਵੱਲੋਂ ਉਠਾਏ ਜਾ ਰਹੇ ਮੁੱਦਿਆਂ-ਮੰਗਾਂ ਦੀ ਚਰਚਾ ਪੂਰੇ ਮੁਲਕ 'ਚ ਹੋ ਰਹੀ ਹੈ।

15-17 ਮਾਰਚ 2024 ਨੂੰ ਨਾਗਪੁਰ ਵਿਚ ਸੰਘ ਦੀ 'ਆਲ ਇੰਡੀਆ ਪ੍ਰਤੀਨਿਧੀ ਸਭਾ' ਦੀ ਤਿੰਨ ਰੋਜ਼ਾ ਇਕੱਤਰਤਾ ਹੋਈ ਜਿੱਥੇ ਸੰਘ ਦੇ ਜਨਰਲ ਸਕੱਤਰ ਦੱਤਾਤ੍ਰੇਆ ਹੌਸਬਲੇ ਵੱਲੋਂ ਪੇਸ਼ ਕੀਤੀ ਸਾਲਾਨਾ ਰਿਪੋਰਟ ਵਿਚ ਕਿਸਾਨ ਅੰਦੋਲਨ ਵਿਰੁੱਧ ਖ਼ਾਸ ਨਿਸ਼ਾਨਾ ਸੇਧਿਆ ਗਿਆ। ਰਿਪੋਰਟ ਇੱਥੋਂ ਤੱਕ ਕਹਿੰਦੀ ਹੈ ਕਿ "ਪੰਜਾਬ ਵਿਚ ਵੱਖਵਾਦੀ ਦਹਿਸ਼ਤਵਾਦ ਨੇ ਭਿਆਨਕ ਸਿਰ ਚੁੱਕ ਲਿਆ ਹੈ। ਲੋਕ ਸਭਾ ਚੋਣਾਂ ਤੋਂ ਐਨ ਦੋ ਮਹੀਨੇ ਪਹਿਲਾਂ ਕਿਸਾਨ ਅੰਦੋਲਨ ਦੇ ਬਹਾਨੇ ਪੰਜਾਬ ਵਿਚ ਅਰਾਜਕਤਾ ਫੈਲਾਉਣ ਦੀਆਂ ਕੋਸ਼ਿਸ਼ਾਂ ਮੁੜ ਸ਼ੁਰੂ ਹੋ ਗਈਆਂ ਹਨ।"

ਯਾਦ ਰਹੇ ਕਿ ਇਹ ਕੂੜ-ਪ੍ਰਚਾਰ ਇਕੱਲੇ ਕਿਸਾਨਾਂ ਵਿਰੁੱਧ ਨਹੀਂ ਹੈ। ਰਿਪੋਰਟ ਦੇ ਆਖ਼ਰੀ ਹਿੱਸੇ 'ਰਾਸ਼ਟਰੀ ਦ੍ਰਿਸ਼' ਵਿਚ ਹਰ ਉਸ ਘਟਨਾ ਜਾਂ ਮੁੱਦੇ ਦੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ ਜੋ ਆਰ.ਐੱਸ.ਐੱਸ.-ਭਾਜਪਾ ਦੀ ਘਿਨਾਉਣੀ ਪਾਟਕ-ਪਾਊ ਸਿਆਸਤ ਦਾ ਨਤੀਜਾ ਸੀ ਅਤੇ ਜਿਸ ਦੇ ਕਾਰਨ ਆਮ ਲੋਕਾਂ ਨੂੰ ਭਿਆਨਕ ਕਤਲੇਆਮ, ਜਿਨਸੀ ਹਿੰਸਾ ਅਤੇ ਤਬਾਹੀ ਦਾ ਸੰਤਾਪ ਝੱਲਣਾ ਪਿਆ। ਮਿਸਾਲ ਵਜੋਂ ਮਨੀਪੁਰ ਵਿਚ ਦੋ ਭਾਈਚਾਰਿਆਂ- ਮੈਤਈ ਤੇ ਕੁਕੀ, ਦਰਮਿਆਨ ਚੱਲ ਰਹੀਆਂ ਖ਼ੂਨੀ ਝੜਪਾਂ ਸਬੰਧੀ ਕਿਹਾ ਗਿਆ ਕਿ ਇਸ ਨਾਲ ਦੋ ਹਿੱਸਿਆਂ ਦਰਮਿਆਨ 'ਬੇਵਿਸ਼ਵਾਸੀ' ਪੈਦਾ ਹੋਈ ਜਿਸ ਨੇ 'ਡੂੰਘੇ ਜ਼ਖ਼ਮ' ਦਿੱਤੇ; ਸਭ ਨੂੰ ਪਤਾ ਹੈ ਕਿ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਨੇ ਸਾਜ਼ਿਸ਼ ਤਹਿਤ ਇਹ ਖ਼ੂਨੀ ਟਕਰਾਅ ਖੜ੍ਹਾ ਕੀਤਾ ਅਤੇ ਅਫ਼ਵਾਹਾਂ ਫੈਲਾ ਕੇ ਭਾਈਚਾਰਿਆਂ ਨੂੰ ਇਕ ਦੂਜੇ ਦੇ ਲਹੂ ਦੇ ਤਿਹਾਏ ਬਣਾਇਆ। ਸੰਦੇਸ਼ਖਲੀ (ਪੱਛਮੀ ਬੰਗਾਲ) ਦੀਆਂ ਘਟਨਾਵਾਂ ਬਾਰੇ ਵੀ ਇਸੇ ਤਰ੍ਹਾਂ ਮਗਰਮੱਛ ਦੇ ਹੰਝੂ ਵਹਾਏ ਗਏ ਕਿ 'ਸੈਂਕੜੇ ਮਾਵਾਂ ਤੇ ਭੈਣਾਂ ਵਿਰੁੱਧ ਕੀਤੇ ਜ਼ੁਲਮਾਂ ਨਾਲ ਸਮੁੱਚੇ ਸਮਾਜ ਦੀ ਜ਼ਮੀਰ ਵਲੂੰਧਰੀ ਗਈ ਹੈ।' ਇਹ ਹਿੰਸਾ ਵੀ ਮੂਲ ਰੂਪ 'ਚ ਸੰਘ ਦੀ ਸਿਆਸਤ ਦਾ ਨਤੀਜਾ ਹੈ।

ਦੂਜੇ ਪਾਸੇ, ਇਸੇ ਰਿਪੋਰਟ ਵਿਚ ਰਾਮ ਮੰਦਰ ਦੇ ਨਾਂ ਹੇਠ ਕੀਤੀ ਜਾ ਰਹੀ ਘਿਨਾਉਣੀ ਸਿਆਸਤ ਦੀ ਜੈ-ਜੈਕਾਰ ਕਰਦੇ ਹੋਏ ਇੱਥੋਂ ਤੱਕ ਕਿਹਾ ਗਿਆ ਹੈ ਕਿ ਸਾਲ 2024 ਨੂੰ ਅਯੁੱਧਿਆ ਵਿਚ ਨਵੇਂ ਬਣਾਏ ਵਿਸ਼ਾਲ ਮੰਦਰ ਅੰਦਰ 'ਸ਼੍ਰੀ ਰਾਮ ਲੱਲਾ ਦੀ ਪ੍ਰਾਣ-ਪ੍ਰਤਿਸ਼ਠਾ ਦੇ ਸੁਨਹਿਰੀ ਵਰ੍ਹੇ' ਵਜੋਂ ਸਦਾ ਚੇਤੇ ਰੱਖਿਆ ਜਾਵੇਗਾ; ਭਾਵ, ਸੰਘ ਅਤੇ ਇਸ ਦੇ ਦਹਿਸ਼ਤੀ ਗਰੋਹ ਜੋ ਕੁਝ ਕਰ ਰਹੇ ਹਨ, ਉਹ ਸੁਨਹਿਰੀ ਇਤਿਹਾਸ ਹੈ; ਜੇ ਮਿਹਨਤਕਸ਼ ਤੇ ਹਾਸ਼ੀਏ 'ਤੇ ਧੱਕੇ ਹਿੱਸੇ ਕੋਈ ਹੱਕ-ਜਤਾਈ ਕਰਨ ਤਾਂ ਉਹ ਵੱਖਵਾਦੀ ਦਹਿਸ਼ਤਵਾਦ!

ਮਾਰਚ 2021 'ਚ ਵੀ ਜਦੋਂ ਦਿੱਲੀ ਦੀਆਂ ਬਰੂਹਾਂ 'ਤੇ ਪੂਰੀ ਤਰ੍ਹਾਂ ਜ਼ਾਬਤਾਬੱਧ, ਸ਼ਾਂਤਮਈ ਇਤਿਹਾਸਕ ਅੰਦੋਲਨ ਲੜਿਆ ਜਾ ਰਿਹਾ ਸੀ, ਉਦੋਂ ਵੀ ਸੰਘ ਦੀ 'ਆਲ ਇੰਡੀਆ ਪ੍ਰਤੀਨਿਧੀ ਸਭਾ' ਨੇ ਆਪਣੇ 'ਸਵੈਮਸੇਵਕਾਂ' ਨੂੰ ਅਜਿਹੇ ਹੀ ਕੂੜ ਪ੍ਰਚਾਰ ਨਾਲ ਲੈਸ ਕਰ ਕੇ ਪੂਰੇ ਮੁਲਕ ਵਿਚ ਕਿਸਾਨ ਅੰਦੋਲਨ ਨੂੰ ਭੰਡਣ ਲਈ ਭੇਜਿਆ ਸੀ। ਉਦੋਂ ਵੀ ਇਹ ਪ੍ਰਚਾਰਿਆ ਗਿਆ ਸੀ ਕਿ 'ਰਾਸ਼ਟਰ ਵਿਰੋਧੀ ਅਤੇ ਸਮਾਜ ਵਿਰੋਧੀ' ਤਾਕਤਾਂ ਕਿਸਾਨ ਅੰਦੋਲਨ ਦੇ ਮਸਲੇ ਨੂੰ ਹੱਲ ਕਰਨ ਦੀਆਂ ਕੋਸ਼ਿਸ਼ਾਂ ਨੂੰ ਸਫ਼ਲ ਨਹੀਂ ਹੋਣ ਦਿੰਦੀਆਂ; ਕਿ ਅੰਦੋਲਨ ਦਾ ਲਮਕਣਾ ਕਿਸੇ ਦੇ ਹਿਤ 'ਚ ਨਹੀਂ ਹੈ। ਪੂਰੀ ਦੁਨੀਆ ਜਾਣਦੀ ਸੀ ਕਿ ਅੰਦੋਲਨ ਸਿਰਫ਼ ਤੇ ਸਿਰਫ਼ ਭਗਵਾ ਹਕੂਮਤ ਦੀ ਤਿੰਨ ਖੇਤੀ ਕਾਨੂੰਨ ਵਾਪਸ ਨਾ ਲੈਣ ਦੀ ਜ਼ਿੱਦ ਕਾਰਨ ਲਮਕਿਆ ਸੀ। ਜਦੋਂ ਓੜਕ ਕਿਸਾਨਾਂ ਦੇ ਅਡੋਲ ਇਰਾਦਿਆਂ ਨੂੰ ਦੇਖਦਿਆਂ ਮੋਦੀ ਵਜ਼ਾਰਤ ਨੇ ਤਿੰਨੇ ਕਾਨੂੰਨ ਵਾਪਸ ਲੈ ਲਏ ਤਾਂ ਕਿਸਾਨ ਵੀ ਘਰਾਂ ਨੂੰ ਪਰਤ ਗਏ। ਸੰਘ ਬ੍ਰਿਗੇਡ, ਖ਼ਾਸ ਕਰ ਕੇ ਮੋਦੀ ਨੂੰ ਘੋਰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਜਿਸ ਦਾ ਇਹ ਗੁੱਡਾ ਬੰਨ੍ਹਿਆ ਗਿਆ ਸੀ ਕਿ ਉਹ ਕਦੇ ਮੂੰਹੋਂ ਕੱਢੇ ਬੋਲ ਵਾਪਸ ਨਹੀਂ ਲੈਂਦਾ।

ਸੰਘ ਦੇ ਉਪਰੋਕਤ ਝੂਠ ਨੂੰ ਪੜ੍ਹ-ਸੁਣ ਕੇ ਕੋਈ ਵੀ ਬੰਦਾ ਇਹ ਸੋਚੇਗਾ ਕਿ ਕਿਸਾਨ ਤਾਂ ਸੱਚਮੁੱਚ ਦੇਸ਼ਧ੍ਰੋਹੀ ਹਨ ਜੋ ਤਰੱਕੀ ਦੀਆਂ ਮੰਜ਼ਲਾਂ ਮਾਰ ਰਹੇ ਭਾਰਤ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦਾ ਸਮਾਜ ਵਿਰੋਧੀ ਜੁਰਮ ਕਰ ਰਹੇ ਹਨ! ਪਰ ਪਹਿਲੇ ਅਤੇ ਹੁਣ ਵਾਲੇ ਕਿਸਾਨ ਅੰਦੋਲਨ ਦੇ ਤੱਥਾਂ ਤੋਂ ਜਾਣੂ ਹਰ ਜਾਗਰੂਕ ਵਿਅਕਤੀ ਜਾਣਦਾ ਹੈ ਕਿ ਚਾਹੇ ਐੱਸ.ਕੇ.ਐੱਮ. ਵੱਲੋਂ ਲਗਾਤਾਰ ਕੀਤਾ ਜਾ ਰਿਹਾ ਅੰਦੋਲਨ ਹੈ, ਜਾਂ ਕਥਿਤ 'ਗ਼ੈਰ-ਰਾਜਨੀਤਕ' ਪੰਧੇਰ-ਡੱਲੇਵਾਲ ਧੜੇ ਵੱਲੋਂ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਲਗਾਏ ਮੌਜੂਦਾ ਪੱਕੇ ਮੋਰਚੇ ਹਨ, ਇਹ ਉਸ ਸਮਝੌਤੇ ਨੂੰ ਲਾਗੂ ਕਰਵਾਉਣ ਲਈ ਹਨ ਜੋ ਮੋਦੀ ਵਜ਼ਾਰਤ ਨੇ 9 ਦਸੰਬਰ 2021 ਨੂੰ ਸੰਘਰਸ਼ਸ਼ੀਲ ਕਿਸਾਨਾਂ ਨਾਲ ਕੀਤਾ ਸੀ ਅਤੇ ਜਿਸ ਸਮਝੌਤੇ ਤਹਿਤ ਐੱਸ.ਕੇ.ਐੱਮ. ਨੇ ਦਿੱਲੀ ਦੀਆਂ ਬਰੂਹਾਂ ਉੱਪਰ ਸਵਾ ਸਾਲ ਤੋਂ ਲੜਿਆ ਜਾ ਰਿਹਾ ਮਹਾਂ ਅੰਦੋਲਨ 'ਮੁਲਤਵੀ' ਕੀਤਾ ਸੀ। ਕੇਂਦਰ ਸਰਕਾਰ ਦਾ ਵਿਸ਼ਵਾਸਘਾਤ ਜੱਗ ਜ਼ਾਹਿਰ ਹੈ ਕਿਉਂਕਿ ਨਾ ਤਾਂ ਮੋਦੀ ਵਜ਼ਾਰਤ ਨੇ ਐੱਮ.ਐੱਸ.ਪੀ. ਦੀ ਗਾਰੰਟੀ ਦਿੰਦਾ ਕਾਨੂੰਨ ਬਣਾਉਣ ਦੀ ਦਿਸ਼ਾ 'ਚ ਕੋਈ ਪਹਿਲਕਦਮੀ ਕੀਤੀ ਹੈ ਜੋ ਅੰਦੋਲਨ ਦੀ ਮੁੱਖ ਮੰਗ ਸੀ, ਨਾ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਹਨ; ਅੱਠ ਸਾਲਾਂ (2014-2022) 'ਚ ਹੀ 100474 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ। ਇਸੇ ਤਰ੍ਹਾਂ, ਨਾ ਮੋਦੀ ਵਜ਼ਾਰਤ ਵੱਲੋਂ ਕਿਸਾਨਾਂ ਦੀ ਬਿਜਲੀ ਦਾ ਨਿੱਜੀਕਰਨ ਬੰਦ ਕਰਨ ਦੀ ਮੰਗ ਵਿਚਾਰੀ ਗਈ ਅਤੇ ਨਾ ਹੁਕਮਰਾਨ ਧਿਰ ਲਖੀਮਪੁਰ ਖੀਰੀ 'ਚ ਕਿਸਾਨਾਂ ਦੇ ਕਤਲਾਂ ਦੇ ਮੁੱਖ ਸੂਤਰਧਾਰ ਕੇਂਦਰੀ ਗ੍ਰਹਿ (ਰਾਜ) ਮੰਤਰੀ ਅਜੇ ਮਿਸ਼ਰਾ ਟੈਨੀ ਨੂੰ ਬਚਾਉਣ ਤੋਂ ਪਿੱਛੇ ਹਟ ਰਹੀ ਹੈ।

ਇਸੇ ਸਿਲਸਿਲੇ 'ਚ ਐੱਸ.ਕੇ.ਐੱਮ. ਨੇ 14 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ 'ਮਹਾਪੰਚਾਇਤ' ਕਰ ਕੇ 'ਭਾਜਪਾ ਦੀ ਪੋਲ ਖੋਲ੍ਹੋ, ਵਿਰੋਧ ਕਰੋ, ਸਜ਼ਾ ਦਿਓ' ਦਾ ਐਲਾਨ ਕੀਤਾ ਅਤੇ ਪੂਰੇ ਮੁਲਕ 'ਚ ਵਿਆਪਕ ਵਿਰੋਧ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ। ਕਿਸਾਨਾਂ ਨੇ ਇਹ ਹਕੀਕਤ ਸਮਝ ਲਈ ਹੈ ਕਿ ਕਾਰਪੋਰੇਟ ਕੰਪਨੀਆਂ ਦੇ 14.68 ਲੱਖ ਕਰੋੜ ਰੁਪਏ ਦੇ ਕਰਜੇ ਮੁਆਫ਼ ਕਰਨ ਵਾਲੀ ਹਕੂਮਤ ਕਿਸਾਨਾਂ ਦੀਆਂ ਫ਼ਸਲਾਂ ਐੱਮ.ਐੱਸ.ਪੀ. ਉੱਪਰ ਖ਼ਰੀਦਣ ਦੀ ਕਾਨੂੰਨੀ ਗਾਰੰਟੀ ਅਤੇ ਖੇਤੀ ਕਰਜ਼ੇ ਮੁਆਫ਼ ਕਰਨ ਦੀਆਂ ਮੁੱਖ ਮੰਗਾਂ ਉੱਪਰ ਸੰਜੀਦਗੀ ਨਾਲ ਵਿਚਾਰ ਨਹੀਂ ਕਰੇਗੀ। ਅੰਦੋਲਨ ਦਾ ਦਬਾਅ ਹੀ ਸਰਕਾਰ ਨੂੰ ਇਨ੍ਹਾਂ ਮੰਗਾਂ ਉੱਪਰ ਚਰਚਾ ਕਰਨ ਲਈ ਮਜਬੂਰ ਕਰ ਸਕਦਾ ਹੈ।

> ***15-17 ਮਾਰਚ 2024 ਨੂੰ ਨਾਗਪੁਰ ਵਿਚ ਸੰਘ ਦੀ 'ਆਲ ਇੰਡੀਆ ਪ੍ਰਤੀਨਿਧੀ ਸਭਾ' ਦੀ ਤਿੰਨ ਰੋਜ਼ਾ ਇਕੱਤਰਤਾ ਹੋਈ ਜਿੱਥੇ ਸੰਘ ਦੇ ਜਨਰਲ ਸਕੱਤਰ ਦੱਤਾਤ੍ਰੇਆ ਹੌਸਬਲੇ ਵੱਲੋਂ ਪੇਸ਼ ਕੀਤੀ ਸਾਲਾਨਾ ਰਿਪੋਰਟ ਵਿਚ ਕਿਸਾਨ ਅੰਦੋਲਨ ਵਿਰੁੱਧ ਖ਼ਾਸ ਨਿਸ਼ਾਨਾ ਸੇਧਿਆ ਗਿਆ। ਰਿਪੋਰਟ ਇੱਥੋਂ ਤੱਕ ਕਹਿੰਦੀ ਹੈ ਕਿ "ਪੰਜਾਬ ਵਿਚ ਵੱਖਵਾਦੀ ਦਹਿਸ਼ਤਵਾਦ ਨੇ ਭਿਆਨਕ ਸਿਰ ਚੁੱਕ ਲਿਆ ਹੈ।"***

ਅਵਾਮ ਦੇ ਅਸਲ ਮੁੱਦਿਆਂ ਪ੍ਰਤੀ ਭਗਵਾ ਹਕੂਮਤ ਦਾ ਰਵੱਈਆ ਇਸ ਕਦਰ ਘੋਰ ਵਿਰੋਧੀ ਹੈ ਕਿ ਆਰ.ਐੱਸ.ਐੱਸ. ਦੇ ਕਿਸਾਨ ਵਿੰਗ, ਭਾਰਤੀ ਕਿਸਾਨ ਸੰਘ, ਨੂੰ ਵੀ ਕੇਂਦਰ ਸਰਕਾਰ ਵਿਰੁੱਧ ਪਾਖੰਡੀ ਬਿਆਨ ਦੇਣੇ ਪੈਂਦੇ ਹਨ। ਜਿਉਂ ਹੀ ਕਿਸਾਨ ਜਥੇਬੰਦੀਆਂ ਅੰਦੋਲਨ ਦੀ ਪਹਿਲਕਦਮੀ ਕਰਦੀਆਂ ਹਨ ਤਾਂ 'ਭਾਰਤੀ ਕਿਸਾਨ ਸੰਘ' ਦੇ ਆਗੂ ਆਪਣੇ ਰਾਜਨੀਤਕ ਆਕਾਵਾਂ ਦੀ ਹਮਾਇਤ 'ਚ ਕਿਸਾਨਾਂ ਅੰਦਰ ਘਚੋਲਾ ਖੜ੍ਹਾ ਕਰਨਾ ਸ਼ੁਰੂ ਕਰ ਦਿੰਦੇ ਹਨ। ਪਿਛਲੇ ਦਿਨੀਂ ਸ਼ੰਭੂ ਮੋਰਚਾ ਲੱਗਣ ਸਮੇਂ 'ਕਿਸਾਨ ਸੰਘ' ਦੇ ਆਗੂਆਂ ਨੂੰ ਕਹਿਣਾ ਪਿਆ, "ਜਦੋਂ ਮੁਲਕ ਦੀਆਂ ਕਿਸਾਨ ਜਥੇਬੰਦੀਆਂ ਜ਼ਾਬਤਾਬੱਧ ਅਤੇ ਸ਼ਾਂਤਮਈ ਤਰੀਕੇ ਨਾਲ ਦਿੱਲੀ ਆ ਕੇ ਉਚਿਤ ਮੰਚਾਂ ਅੱਗੇ ਕਿਸਾਨਾਂ ਦੀਆਂ ਮੰਗਾਂ ਤੇ ਮਸਲੇ ਰੱਖਦੀਆਂ ਹਨ ਤਾਂ ਸਰਕਾਰ ਉਨ੍ਹਾਂ ਨਾਲ ਗੱਲ ਕਰਨਾ ਵੀ ਵਾਜਬ ਨਹੀਂ ਸਮਝਦੀ। ਸਰਕਾਰ ਦਾ ਰਵੱਈਆ ਅਫ਼ਸੋਸਨਾਕ ਹੈ, ਇਹੀ ਵਜ੍ਹਾ ਹੈ ਕਿ ਹਿੰਸਕ ਅੰਦੋਲਨਾਂ ਦੀ ਸੰਭਾਵਨਾ ਵਧ ਜਾਂਦੀ ਹੈ।" ਆਪਣੇ ਬਿਆਨਾਂ ਵਿਚ ਕਿਸਾਨ ਸੰਘ ਦੇ ਆਗੂ ਜੀ.ਐੱਮ. ਬੀਜਾਂ ਉੱਪਰ ਪਾਬੰਦੀ ਲਾਉਣ, ਕਿਸਾਨਾਂ ਨੂੰ ਫ਼ਸਲਾਂ ਦੇ ਲਾਹੇਵੰਦ ਭਾਅ ਦੇਣ, ਮੰਡੀਆਂ ਵਿਚ ਕਿਸਾਨਾਂ ਦੀ ਲੁੱਟ-ਖਸੁੱਟ ਰੋਕਣ ਅਤੇ ਫ਼ਸਲਾਂ ਖ਼ਰੀਦਣ ਲਈ ਭਰਵੀਂ ਨੀਤੀ ਬਣਾਉਣ ਦੀ ਮੰਗ ਕਰਦੇ ਹਨ ਪਰ ਉਸੇ ਜੀਭ ਨਾਲ ਇਨ੍ਹਾਂ ਹੀ ਮੰਗਾਂ ਉੱਪਰ ਹੋ ਰਹੇ ਸ਼ਾਂਤਮਈ ਅੰਦੋਲਨਾਂ ਨੂੰ 'ਹਿੰਸਕ ਅੰਦੋਲਨਾਂ ਦੀ ਸੰਭਾਵਨਾ' ਵਾਲੇ ਕਰਾਰ ਦੇਣ ਦੀ ਬੇਸ਼ਰਮੀ ਵੀ ਕਰਦੇ ਹਨ।

ਇਸ ਬਿਆਨ ਪਿਛਲੀ ਸ਼ੈਤਾਨੀ ਸਾਫ਼ ਨਜ਼ਰ ਪੈਂਦੀ ਹੈ। ਆਰ.ਐੱਸ.ਐੱਸ. ਦਾ ਅਖ਼ਬਾਰ 'ਆਰਗੇਨਾਈਜ਼ਰ' ਆਪਣੇ ਸੰਪਾਦਕੀ ਵਿਚ ਦਾਅਵੇ ਕਰ ਰਿਹਾ ਹੈ ਕਿ ਕਿਸਾਨ 'ਅਣਉਚਿਤ' ਮੰਗਾਂ ਉਠਾ ਕੇ ਲਾਮਬੰਦੀ ਕਰਦੇ ਹਨ ਅਤੇ ਸੜਕਾਂ ਜਾਮ ਕਰਦੇ ਹਨ; ਜਦਕਿ ਕਿਸਾਨ ਸੰਘ ਦੇ ਆਗੂ ਮੰਨ ਰਹੇ ਹਨ ਕਿ ਸਰਕਾਰ ਕਿਸਾਨਾਂ ਦੇ ਮੰਗਾਂ-ਮਸਲਿਆਂ ਉੱਪਰ ਗੱਲਬਾਤ ਕਰਨਾ ਜ਼ਰੂਰੀ ਨਹੀਂ ਸਮਝਦੀ, ਨਾਲ ਹੀ ਉਨ੍ਹਾਂ ਨੇ ਅੰਦੋਲਨਾਂ ਉੱਪਰ 'ਹਿੰਸਕ' ਦਾ ਠੱਪਾ ਵੀ ਲਾ ਦਿੱਤਾ। ਕੌਣ ਨਹੀਂ ਜਾਣਦਾ ਕਿ ਕਿਸਾਨ ਤਾਂ ਆਪਣੇ ਸੰਵਿਧਾਨਕ ਹੱਕ ਦੀ ਵਰਤੋਂ ਕਰਦੇ ਹੋਏ ਸ਼ਾਂਤਮਈ ਤਰੀਕੇ ਨਾਲ ਮੋਰਚਾ ਲਾਉਣ ਲਈ ਦਿੱਲੀ ਨੂੰ ਜਾ ਰਹੇ ਸਨ, ਫਿਰ ਵੀ ਸੰਘ ਬ੍ਰਿਗੇਡ ਦੀ ਖੱਟਰ ਸਰਕਾਰ ਨੇ ਸੰਵਿਧਾਨਕ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਚਿੱਟੇ ਦਿਨ ਰਾਜਕੀ ਦਹਿਸ਼ਤਗਰਦੀ ਕਰਨੀ ਸ਼ੁਰੂ ਕਰ ਦਿੱਤੀ। ਸ਼ਾਂਤਮਈ ਕਿਸਾਨਾਂ ਨੂੰ ਭੜਕਾਉਣ ਲਈ ਹਰ ਹਰਬਾ ਵਰਤਿਆ ਗਿਆ। ਬਾਰਡਰਾਂ ਉੱਪਰ ਸੀਮੈਂਟ ਦੇ ਬੈਰੀਕੇਡ ਉਸਾਰ ਕੇ ਅਤੇ ਕਿੱਲ ਗੱਡ ਕੇ ਕਿਸਾਨ ਕੂਚ ਨੂੰ ਰੋਕਿਆ ਗਿਆ। ਹਕੂਮਤ ਦੀ ਸ਼ਿਸ਼ਕੇਰੀ ਪੁਲਿਸ ਨੇ ਚੱਲਦੀ ਗੱਲਬਾਤ ਦੌਰਾਨ ਹੀ ਪੈਲੇਟ ਗੰਨਾਂ, ਡਰੋਨਾਂ, ਅੱਥਰੂ ਗੈਸ ਦੇ ਗੋਲਿਆਂ ਅਤੇ ਹੋਰ ਹਥਿਆਰਾਂ ਦੀ ਮੱਦਦ ਨਾਲ ਬੇਤਹਾਸ਼ਾ ਗੋਲਾਬਾਰੀ ਕਰ ਕੇ ਰਾਜਕੀ ਦਹਿਸ਼ਤਵਾਦ ਦਾ ਨੰਗਾ ਨਾਚ ਨੱਚਿਆ। ਭਾਰਤੀ ਕਿਸਾਨ ਸੰਘ ਦੇ ਆਗੂਆਂ ਨੂੰ ਖੱਟੜ ਸਰਕਾਰ ਦਾ ਰਾਜਕੀ ਦਹਿਸ਼ਤਵਾਦ ਨਜ਼ਰ ਨਹੀਂ ਆਇਆ ਕਿਉਂਕਿ ਉਨ੍ਹਾਂ ਦੀ ਤਾਂ ਡਿਊਟੀ ਹੀ ਗੁਮਰਾਹਕੁਨ ਬਿਆਨਾਂ ਰਾਹੀਂ ਕਿਸਾਨਾਂ ਨੂੰ ਅੰਦੋਲਨ ਤੋਂ ਦੂਰ ਕਰਨ ਦੀ ਹੈ। ਉਹ ਇਸ ਬਾਰੇ ਵੀ ਚੁੱਪ ਹਨ ਕਿ ਸਵਦੇਸ਼ੀ ਦੇ ਨਾਅਰੇ ਆਰ.ਐੱਸ.ਐੱਸ.-ਭਾਜਪਾ ਲਈ ਮਹਿਜ਼ ਮੁਲਕ ਦੀ ਅਵਾਮ ਦੀਆਂ ਦੇਸ਼ਪ੍ਰੇਮੀ ਭਾਵਨਾਵਾਂ ਨਾਲ ਖਿਲਵਾੜ ਕਰਨ ਦੀ ਰਾਜਨੀਤਕ ਠੱਗੀ ਸੀ ਕਿਉਂਕਿ ਖੁੱਲ੍ਹੀ ਮੰਡੀ ਦੀ ਆਰਥਿਕ ਵਿਵਸਥਾ ਦੇ ਤਹਿਤ ਵਿਦੇਸ਼ੀ ਪੂੰਜੀ ਨਿਵੇਸ਼ ਲਈ ਮੁਲਕ ਦੀ ਆਰਥਿਕਤਾ ਦੇ ਦਰਵਾਜ਼ੇ ਖੋਲ੍ਹਣ ਅਤੇ ਮੁਲਕ ਦੇ ਵਡਮੁੱਲੇ ਵਸੀਲੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਬੇਕਿਰਕ ਫ਼ੈਸਲੇ ਭਗਵਾ ਹਕੂਮਤ ਨੇ ਕੀਤੇ ਹਨ। ਸਵਦੇਸ਼ੀ ਦੇ ਪਰਦੇ ਹੇਠ ਆਰ.ਐੱਸ.ਐੱਸ.-ਭਾਜਪਾ ਦੀ ਇਸੇ ਕਾਰਪੋਰੇਟ ਚਾਕਰੀ ਨੂੰ ਐੱਸ.ਕੇ.ਐੱਮ. ਨੇ ਤੱਥਾਂ ਸਹਿਤ ਨੰਗਾ ਕੀਤਾ ਹੈ।

ਐੱਸ.ਕੇ.ਐੱਮ. ਦਾ ਸੱਦਾ ਆਰ.ਐੱਸ.ਐੱਸ.-ਭਾਜਪਾ ਨੂੰ ਚੁਭਣਾ ਸੁਭਾਵਿਕ ਹੈ ਜੋ ਚੋਣ ਸਿਆਸਤ ਅੰਦਰ ਵਿਰੋਧੀ ਧਿਰ ਦੀ ਬੇਹੱਦ ਪਤਲੀ ਹਾਲਤ ਦੇ ਮੱਦੇਨਜ਼ਰ '400 ਦਾ ਅੰਕੜਾ' ਪਾਰ ਕਰਨ ਦੀਆਂ ਥਾਪੀਆਂ ਮਾਰ ਰਹੀ ਹੈ ਅਤੇ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਹੀ ਆਪਣੇ 'ਪੋਸਟਰ ਬੁਆਇ' ਮੋਦੀ ਨੂੰ ਜੇਤੂ ਦੇ ਰੂਪ 'ਚ ਪੇਸ਼ ਕਰ ਰਹੀ ਹੈ। ਹੁਣ ਉਨ੍ਹਾਂ ਦੀ ਚਿੰਤਾ ਇਹ ਹੈ ਕਿ ਹਕੂਮਤ ਦੇ ਚੁਤਰਫ਼ੇ ਹਮਲਿਆਂ ਦੀ ਬੌਂਦਲਾਈ ਵਿਰੋਧੀ-ਧਿਰ ਆਪਣੀ ਦੀਵਾਲੀਆ ਸਿਆਸਤ ਕਾਰਨ ਹੁਕਮਰਾਨ ਧਿਰ ਲਈ ਕੋਈ ਬਹੁਤੀ ਵੱਡੀ ਚੁਣੌਤੀ ਨਹੀਂ ਹੈ, ਇਹ ਐੱਸ.ਕੇ.ਐੱਮ. ਵਰਗੇ ਅੰਦੋਲਨ ਹੀ ਹਨ ਜੋ ਸੰਘ ਬ੍ਰਿਗੇਡ ਦੇ ਗ਼ੁਬਾਰੇ ਦੀ ਫੂਕ ਕੱਢਣ ਅਤੇ ਮਿਹਨਤਕਸ਼ ਅਵਾਮ ਨੂੰ ਉਨ੍ਹਾਂ ਦੇ ਅਸਲ ਮੁੱਦਿਆਂ ਬਾਰੇ ਜਾਗਰੂਕ ਕਰ ਕੇ ਉਨ੍ਹਾਂ ਦੀ ਬਣੀ-ਬਣਾਈ ਖੇਡ ਵਿਗਾੜ ਰਹੇ ਹਨ। ਇਹੀ ਆਰ.ਐੱਸ.ਐੱਸ. ਦੇ ਕਿਸਾਨਾਂ ਤੋਂ ਖ਼ਫਾ ਹੋਣ ਅਤੇ ਇਕ ਵਾਰ ਫਿਰ 'ਸਵੈਮਸੇਵਕਾਂ' ਨੂੰ ਸ਼ਾਂਤਮਈ ਕਿਸਾਨ ਅੰਦੋਲਨ ਨੂੰ ਭੰਡਣ ਲਈ ਤਾਇਨਾਤ ਕਰਨ ਦੀ ਮੁੱਖ ਵਜ੍ਹਾ ਹੈ।

# ਚਿਹਰਾ ਪਛਾਨਣ ਵਾਲੀ ਤਕਨਾਲੋਜੀ ਦਾ ਖਮਿਆਜ਼ਾ ਭੁਗਤ ਰਹੇ ਫਲਸਤੀਨੀ

***ਤਲ ਅਵੀਵ ਤੋਂ ਸ਼ੀਰਾ ਫ੍ਰੈਂਕਲ ਨੇ 'ਦਿ ਨਿਊਯਾਰਕ ਟਾਈਮਜ਼' ਲਈ ਆਪਣੀ ਇਸ ਰਿਪੋਰਟ ਵਿਚ ਇਜ਼ਰਾਈਲ ਵੱਲੋਂ ਫਲਸਤੀਨੀਆਂ ਦੀ ਨਿਗਰਾਨੀ ਲਈ ਚਿਹਰੇ ਦੀ ਸ਼ਨਾਖਤ ਕਰਨ ਵਾਲੀ ਤਕਨਾਲੋਜੀ ਦੀ ਦੁਰਵਰਤੋਂ ਬਾਰੇ ਅੱਖਾਂ ਖੋਲ੍ਹਣ ਵਾਲੇ ਖੁਲਾਸੇ ਕੀਤੇ ਹਨ। ਸ਼ੀਰਾ ਫ੍ਰੈਂਕਲ ਸਾਨ ਫਰਾਂਸਿਸਕੋ ਸਥਿਤ ਰਿਪੋਰਟਰ ਹੈ ਜੋ ਫੇਸਬੁੱਕ, ਇੰਸਟਾਗ੍ਰਾਮ, ਟਿਕਟੌਕ, ਯੂਟਿਊਬ, ਟੈਲੀਗ੍ਰਾਮ ਅਤੇ ਵੱਟਸਐਪ ਸਮੇਤ ਸੋਸ਼ਲ ਮੀਡੀਆ ਕੰਪਨੀਆਂ ਉੱਪਰ ਕੇਂਦਰਤ ਕਰਦੇ ਹੋਏ ਰਿਪੋਰਟਿੰਗ ਕਰਦੀ ਹੈ ਕਿ ਤਕਨਾਲੋਜੀ ਦੇ ਰੋਜ਼ਮੱਰਾ ਜ਼ਿੰਦਗੀ ਉੱਪਰ ਕੀ ਅਸਰ ਪੈ ਰਹੇ ਹਨ। ਇਸ ਵਿਚ ਟੈੱਕ ਰਿਪੋਰਟਰ ਕਸ਼ਮੀਰ ਹਿਲ ਦਾ ਵੀ ਯੋਗਦਾਨ ਹੈ। ਇਸ ਰਿਪੋਰਟ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

19 ਨਵੰਬਰ ਨੂੰ ਗਾਜ਼ਾ ਦੇ ਕੇਂਦਰੀ ਰਾਜਮਾਰਗ ਉੱਪਰਲੀ ਇਜ਼ਰਾਇਲੀ ਫ਼ੌਜੀ ਚੌਕੀ ਕੋਲੋਂ ਲੰਘਣ 'ਤੇ ਮਿੰਟਾਂ 'ਚ ਹੀ ਫ਼ਲਸਤੀਨੀ ਕਵੀ ਮੁਸਾਬ ਅਬੂ ਤੋਹਾ ਨੂੰ ਭੀੜ ਵਿਚੋਂ ਬਾਹਰ ਆਉਣ ਲਈ ਕਿਹਾ ਗਿਆ। ਉਹਨੇ ਗੋਦੀ ਚੁੱਕੇ ਆਪਣੇ 3 ਸਾਲਾ ਪੁੱਤਰ ਨੂੰ ਹੇਠਾਂ ਉਤਾਰ ਦਿੱਤਾ ਅਤੇ ਫ਼ੌਜੀ ਜੀਪ ਦੇ ਅੱਗੇ ਬੈਠ ਗਿਆ।

ਅੱਧੇ ਘੰਟੇ ਬਾਅਦ, ਮੁਸਾਬ ਅਬੂ ਤੋਹਾ ਨੇ ਸੁਣਿਆ ਕਿ ਉਸ ਦਾ ਨਾਂ ਬੋਲਿਆ ਜਾ ਰਿਹਾ ਹੈ। ਫਿਰ ਉਸ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਗਈ ਅਤੇ ਉਸ ਨੂੰ ਪੁੱਛਗਿੱਛ ਕਰਨ ਲਈ ਲੈ ਗਏ।



**ਸ਼ੀਰਾ ਫ੍ਰੈਂਕਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਇਸ 31 ਸਾਲਾ ਫ਼ਲਸਤੀਨੀ ਕਵੀ ਨੇ ਕਿਹਾ, "ਮੈਨੂੰ ਨਹੀਂ ਪਤਾ ਸੀ ਕਿ ਕੀ ਹੋ ਰਿਹਾ ਹੈ ਜਾਂ ਉਹ ਅਚਾਨਕ ਮੇਰਾ ਪੂਰਾ ਕਾਨੂੰਨੀ ਨਾਮ ਕਿਵੇਂ ਜਾਣ ਸਕਦੇ ਹਨ।" ਉਸ ਨੇ ਦੱਸਿਆ ਕਿ ਉਸ ਦਾ (ਕਥਿਤ) ਦਹਿਸ਼ਤਵਾਦੀ ਸਮੂਹ ਹਮਾਸ ਨਾਲ ਕੋਈ ਸਬੰਧ ਨਹੀਂ ਸੀ। ਕਿਹਾ ਗਿਆ ਕਿ ਉਹ ਗਾਜ਼ਾ ਛੱਡ ਕੇ ਮਿਸਰ ਜਾਣ ਦੀ ਕੋਸ਼ਿਸ਼ 'ਚ ਸੀ।

ਤਿੰਨ ਇਜ਼ਰਾਇਲੀ ਖ਼ੁਫ਼ੀਆ ਅਧਿਕਾਰੀਆਂ ਜਿਨ੍ਹਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਗੱਲ ਕੀਤੀ, ਅਨੁਸਾਰ ਇਹ ਸਾਹਮਣੇ ਆਇਆ ਹੈ ਕਿ ਮੁਸਾਬ ਅਬੂ ਤੋਹਾ ਚਿਹਰੇ ਦੀ ਪਛਾਣ ਕਰਨ ਵਾਲੀ ਤਕਨਾਲੋਜੀ ਵਾਲੇ ਕੈਮਰਿਆਂ ਦੀ ਰੇਂਜ ਵਿਚ ਚਲਾ ਗਿਆ ਸੀ; ਉਸ ਦੇ ਚਿਹਰੇ ਨੂੰ ਸਕੈਨ ਕਰਨ ਅਤੇ ਉਸ ਦੀ ਪਛਾਣ ਕੀਤੇ ਜਾਣ ਤੋਂ ਬਾਅਦ, ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਪ੍ਰੋਗਰਾਮ ਨੇ ਖੋਜ ਲਿਆ ਕਿ ਕਵੀ ਦਾ ਨਾਮ ਇਜ਼ਰਾਇਲ ਦੀ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿਚ ਸੀ।

ਮੁਸਾਬ ਅਬੂ ਤੋਹਾ ਉਨ੍ਹਾਂ ਸੈਂਕੜੇ ਫਲਸਤੀਨੀਆਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਪਿਛਲੇ ਸਾਲ ਦੇ ਅਖ਼ੀਰ 'ਚ ਇਜ਼ਰਾਈਲ ਵੱਲੋਂ ਗਾਜ਼ਾ ਵਿਚ ਸ਼ੁਰੂ ਕੀਤੇ ਗਏ ਅਗਿਆਤ ਚਿਹਰੇ ਦੀ ਪਛਾਣ ਕਰਨ ਵਾਲੇ ਪ੍ਰੋਗਰਾਮ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ। ਇਜ਼ਰਾਇਲੀ ਖ਼ੁਫ਼ੀਆ ਅਫਸਰਾਂ, ਫ਼ੌਜੀ ਅਧਿਕਾਰੀਆਂ ਅਤੇ ਸਿਪਾਹੀਆਂ ਅਨੁਸਾਰ, ਵਿਆਪਕ ਪੱਧਰ 'ਤੇ ਨਿਗਰਾਨੀ ਅਤੇ ਫ਼ਲਸਤੀਨੀਆਂ ਦੇ ਚਿਹਰਿਆਂ ਦੇ ਡਿਜੀਟਲ ਵੇਰਵੇ ਉਨ੍ਹਾਂ ਦੀ ਜਾਣਕਾਰੀ ਜਾਂ ਸਹਿਮਤੀ ਤੋਂ ਬਿਨਾਂ ਹੀ ਸੰਗ੍ਰਹਿ ਅਤੇ ਸੂਚੀਬੱਧ ਕਰਨ ਲਈ ਕੀਤੀ ਜਾ ਰਹੀ ਹੈ। ਖ਼ੁਫ਼ੀਆ ਅਧਿਕਾਰੀਆਂ ਨੇ ਦੱਸਿਆ ਕਿ ਇਸ ਤਕਨਾਲੋਜੀ ਦੀ ਵਰਤੋਂ ਸ਼ੁਰੂ 'ਚ ਗਾਜ਼ਾ ਵਿਚ ਇਜ਼ਰਾਇਲੀਆਂ ਦੀ ਭਾਲ ਕਰਨ ਲਈ ਕੀਤਾ ਗਿਆ ਸੀ ਜਿਨ੍ਹਾਂ ਨੂੰ 7 ਅਕਤੂਬਰ ਨੂੰ ਸਰਹੱਦ ਪਾਰ ਦੇ ਛਾਪਿਆਂ ਦੌਰਾਨ ਹਮਾਸ ਦੁਆਰਾ ਬੰਦੀ ਬਣਾ ਲਿਆ ਗਿਆ ਸੀ। ਇਜ਼ਰਾਈਲ ਦੁਆਰਾ ਗਾਜ਼ਾ ਵਿਚ ਜ਼ਮੀਨੀ ਹਮਲਾ ਕਰਨ ਤੋਂ ਬਾਅਦ, ਇਹ ਹਮਾਸ ਜਾਂ ਹੋਰ ਦਹਿਸ਼ਤਵਾਦੀ ਸਮੂਹਾਂ ਨਾਲ ਸਬੰਧ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਜੜ੍ਹੋਂ ਉਖਾੜਨ ਦੇ ਪ੍ਰੋਗਰਾਮ 'ਚ ਬਦਲ ਗਿਆ। ਇਕ ਅਧਿਕਾਰੀ ਦਾ ਕਹਿਣਾ ਹੈ ਕਿ ਕਈ ਵਾਰ ਤਾਂ ਤਕਨਾਲੋਜੀ ਨਾਗਰਿਕਾਂ ਨੂੰ ਗ਼ਲਤ ਹੀ ਹਮਾਸ ਦੇ ਭਗੌੜੇ ਅਤਿਵਾਦੀਆਂ ਵਜੋਂ ਚਿੰਨ੍ਹਤ ਕਰ ਦਿੰਦੀ ਹੈ।

ਚਾਰ ਖ਼ੁਫ਼ੀਆ ਅਧਿਕਾਰੀਆਂ ਨੇ ਦੱਸਿਆ ਕਿ ਚਿਹਰੇ ਦੀ ਪਛਾਣ ਦਾ ਪ੍ਰੋਗਰਾਮ ਇਜ਼ਰਾਈਲ ਦੀ ਫ਼ੌਜੀ ਖ਼ੁਫ਼ੀਆ ਯੂਨਿਟ ਦੁਆਰਾ ਸੰਚਾਲਤ ਕੀਤਾ ਜਾ ਰਿਹਾ ਹੈ ਅਤੇ ਇਸ ਵਿਚ ਸਾਈਬਰ ਖ਼ੁਫ਼ੀਆ ਡਿਵੀਜ਼ਨ ਯੂਨਿਟ 8200 ਵੀ ਸ਼ਾਮਲ ਹੈ। ਇਹ ਪ੍ਰੋਗਰਾਮ ਨਿੱਜੀ ਇਜ਼ਰਾਇਲੀ ਕੰਪਨੀ 'ਕੋਰਸਾਈਟ' ਦੀ ਤਕਨਾਲੋਜੀ ਉੱਪਰ ਆਧਾਰਿਤ ਹੈ। ਇਹ ਗੂਗਲ ਫੋਟੋਜ਼ ਤਕਨਾਲੋਜੀ ਦੀ ਵਰਤੋਂ ਵੀ ਕਰਦਾ ਹੈ। ਇਉਂ ਤਕਨਾਲੋਜੀ ਦੀ ਸਾਂਝੀ ਮਦਦ ਨਾਲ ਇਜ਼ਰਾਈਲ ਭੀੜ ਅਤੇ ਦਾਣੇਦਾਰ ਡਰੋਨ ਫੁਟੇਜ ਵਿਚੋਂ ਵੀ ਚਿਹਰੇ ਚੁਣਨ ਦੇ ਸਮਰੱਥ ਬਣ ਗਿਆ ਹੈ।



*ਨਿਗਰਾਨੀ ਕਰ ਰਹੇ ਕੈਮਰੇ ਨੇੜੇ ਖੜ੍ਹਾ ਇਜ਼ਰਾਇਲੀ ਫੌਜੀ।*

***ਮੁਸਾਬ ਅਬੂ ਤੋਹਾ ਉਨ੍ਹਾਂ ਸੈਂਕੜੇ ਫਲਸਤੀਨੀਆਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਪਿਛਲੇ ਸਾਲ ਦੇ ਅਖ਼ੀਰ 'ਚ ਇਜ਼ਰਾਈਲ ਵੱਲੋਂ ਗਾਜ਼ਾ ਵਿਚ ਸ਼ੁਰੂ ਕੀਤੇ ਗਏ ਅਗਿਆਤ ਚਿਹਰੇ ਦੀ ਪਛਾਣ ਕਰਨ ਵਾਲੇ ਪ੍ਰੋਗਰਾਮ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ। ਇਜ਼ਰਾਇਲੀ ਖ਼ੁਫ਼ੀਆ ਅਫਸਰਾਂ, ਫ਼ੌਜੀ ਅਧਿਕਾਰੀਆਂ ਅਤੇ ਸਿਪਾਹੀਆਂ ਅਨੁਸਾਰ, ਵਿਆਪਕ ਪੱਧਰ 'ਤੇ ਨਿਗਰਾਨੀ ਅਤੇ ਫ਼ਲਸਤੀਨੀਆਂ ਦੇ ਚਿਹਰਿਆਂ ਦੇ ਡਿਜੀਟਲ ਵੇਰਵੇ ਉਨ੍ਹਾਂ ਦੀ ਜਾਣਕਾਰੀ ਜਾਂ ਸਹਿਮਤੀ ਤੋਂ ਬਿਨਾਂ ਹੀ ਸੰਗ੍ਰਹਿ ਅਤੇ ਸੂਚੀਬੱਧ ਕਰਨ ਲਈ ਕੀਤੀ ਜਾ ਰਹੀ ਹੈ।***

ਪ੍ਰੋਗਰਾਮ ਦੇ ਜਾਣਕਾਰ ਤਿੰਨ ਜਣਿਆਂ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਚਿੰਤਾਵਾਂ ਕਾਰਨ ਬੋਲ ਰਹੇ ਹਨ ਕਿ ਇਹ ਇਜ਼ਰਾਈਲ ਵੱਲੋਂ ਸਮੇਂ ਅਤੇ ਸਰੋਤਾਂ ਦੀ ਦੁਰਵਰਤੋਂ ਹੈ।

ਇਜ਼ਰਾਇਲੀ ਫ਼ੌਜ ਦੇ ਬੁਲਾਰੇ ਨੇ ਗਾਜ਼ਾ ਵਿਚ ਚੱਲ ਰਹੀ ਗਤੀਵਿਧੀ 'ਤੇ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਪਰ ਕਿਹਾ ਕਿ "ਜੋ ਲੋਕ ਯੁੱਧ ਵਿਚ ਸ਼ਾਮਲ ਨਹੀਂ, ਫੌਜ ਉਨ੍ਹਾਂ ਦੇ ਨੁਕਸਾਨ ਨੂੰ ਘੱਟ ਕਰਨ ਲਈ ਮਹੱਤਵਪੂਰਨ ਕੋਸ਼ਿਸ਼ਾਂ ਕਰਦੇ ਹੋਏ ਹੀ ਲੋੜੀਂਦੀਆਂ ਸੁਰੱਖਿਆ ਅਤੇ ਖ਼ੁਫ਼ੀਆ ਕਾਰਵਾਈਆਂ ਕਰਦੀ ਹੈ।" ਉਸ ਅਨੁਸਾਰ, "ਇਸ ਪ੍ਰਸੰਗ 'ਚ ਅਸੀਂ ਆਪਣੀਆਂ ਸੰਚਾਲਨ ਅਤੇ ਖੁਫੀਆ ਸਮਰੱਥਾਵਾਂ ਦਾ ਜ਼ਿਕਰ ਨਹੀਂ ਕਰ ਸਕਦੇ।"

ਤੇਜ਼ੀ ਨਾਲ ਵਿਕਸਤ ਹੋ ਰਹੀ ਆਧੁਨਿਕ ਏ.ਆਈ. ਪ੍ਰਣਾਲੀ ਕਾਰਨ ਚਿਹਰੇ ਦੀ ਪਛਾਣ ਕਰਨ ਵਾਲੀ ਤਕਨਾਲੋਜੀ ਹਾਲੀਆ ਸਾਲਾਂ ਵਿਚ ਦੁਨੀਆ ਭਰ ਵਿਚ ਫੈਲ ਗਈ ਹੈ। ਕੁਝ ਮੁਲਕ ਤਾਂ ਹਵਾਈ ਸਫ਼ਰ ਨੂੰ ਸੌਖਾ ਬਣਾਉਣ ਲਈ ਇਸ ਤਕਨਾਲੋਜੀ ਦੀ ਵਰਤੋਂ ਕਰਦੇ ਹਨ, ਚੀਨ ਅਤੇ ਰੂਸ ਨੇ ਘੱਟਗਿਣਤੀ ਸਮੂਹਾਂ ਦੇ ਵਿਰੁੱਧ ਅਤੇ ਅਸਹਿਮਤੀ ਨੂੰ ਦਬਾਉਣ ਲਈ ਇਸ ਦੀ ਵਰਤੋਂ ਕੀਤੀ ਹੈ। ਗਾਜ਼ਾ ਵਿਚ ਇਜ਼ਰਾਈਲ ਦੁਆਰਾ ਚਿਹਰੇ ਦੀ ਪਛਾਣ ਦਾ ਇਸਤੇਮਾਲ ਯੁੱਧ ਵਿਚ ਤਕਨਾਲੋਜੀ ਦੀ ਵਰਤੋਂ ਦੇ ਰੂਪ 'ਚ ਸਾਹਮਣੇ ਆਇਆ ਹੈ।

ਐਮਨੈਸਟੀ ਇੰਟਰਨੈਸ਼ਨਲ ਦੇ ਖੋਜਕਰਤਾ ਮਾਤ ਮਹਿਮੂਦੀ ਨੇ ਕਿਹਾ ਕਿ ਇਜ਼ਰਾਈਲ ਵੱਲੋਂ ਚਿਹਰੇ ਦੀ ਪਛਾਣ ਦੀ ਵਰਤੋਂ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਨਾਲ "ਫ਼ਲਸਤੀਨੀਆਂ ਦਾ ਪੂਰੀ ਤਰ੍ਹਾਂ ਅਮਾਨਵੀਕਰਨ" ਕੀਤਾ ਸਕਦਾ ਹੈ ਜਿੱਥੇ ਉਨ੍ਹਾਂ ਨੂੰ ਵਿਅਕਤੀਆਂ ਦੇ ਰੂਪ 'ਚ ਨਹੀਂ ਦੇਖਿਆ ਗਿਆ। ਉਸ ਨੇ ਅੱਗੇ ਕਿਹਾ ਕਿ ਜਦੋਂ ਤਕਨਾਲੋਜੀ ਕਿਸੇ ਵਿਅਕਤੀ ਦੀ ਸ਼ਨਾਖਤ ਦਹਿਸ਼ਤਵਾਦੀ ਸਮੂਹ ਦਾ ਹਿੱਸਾ ਹੋਣ ਦੇ ਰੂਪ 'ਚ ਕਰਦੀ ਹੈ ਤਾਂ ਇਜ਼ਰਾਇਲੀ ਫ਼ੌਜੀਆਂ ਵੱਲੋਂ ਤਕਨਾਲੋਜੀ 'ਤੇ ਸਵਾਲ ਉਠਾਉਣ ਦੀ ਸੰਭਾਵਨਾ ਨਹੀਂ ਹੈ ਭਾਵੇਂ ਤਕਨਾਲੋਜੀ ਗ਼ਲਤੀਆਂ ਕਰਦੀ ਹੈ।

ਐਮਨੈਸਟੀ ਦੀ ਰਿਪੋਰਟ ਅਨੁਸਾਰ, ਪਿਛਲੇ ਸਾਲ ਇਜ਼ਰਾਈਲ ਨੇ ਪਹਿਲਾਂ ਪੱਛਮੀ ਕੰਢੇ ਅਤੇ ਪੂਰਬੀ ਯੇਰੂਸ਼ਲਮ ਵਿਚ ਚਿਹਰੇ ਦੀ ਪਛਾਣ ਦੀ ਵਰਤੋਂ ਕੀਤੀ ਸੀ ਪਰ ਗਾਜ਼ਾ ਵਿਚ ਇਹ ਕੋਸ਼ਿਸ਼ ਹੋਰ ਅੱਗੇ ਵਧਦੀ ਗਈ। ਐਮਨੈਸਟੀ ਦੀ ਰਿਪੋਰਟ ਅਨੁਸਾਰ, ਪੱਛਮੀ ਕੰਢੇ ਅਤੇ ਪੂਰਬੀ ਯੇਰੂਸ਼ਲਮ ਵਿਚ ਇਜ਼ਰਾਇਲੀਆਂ ਕੋਲ ਬਲੂ ਵੁਲਫ ਨਾਂ ਦੀ ਘਰੇਲੂ ਚਿਹਰਾ ਸ਼ਨਾਖਤ ਪ੍ਰਣਾਲੀ ਹੈ। ਪੱਛਮੀ ਕੰਢੇ ਦੇ ਸ਼ਹਿਰਾਂ ਜਿਵੇਂ ਹੈਬਰੋਨ ਵਿਚ ਚੈੱਕ-ਪੁਆਇੰਟਾਂ 'ਤੇ ਲੰਘਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਫ਼ਲਸਤੀਨੀਆਂ ਨੂੰ ਹਾਈ-ਰੈਜ਼ੋਲੂਸ਼ਨ ਕੈਮਰਿਆਂ ਦੁਆਰਾ ਸਕੈਨ ਕੀਤਾ ਜਾਂਦਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਫ਼ੌਜੀ ਫ਼ਲਸਤੀਨੀਆਂ ਦੇ ਚਿਹਰਿਆਂ ਨੂੰ ਸਕੈਨ ਕਰਨ ਅਤੇ ਉਨ੍ਹਾਂ ਨੂੰ ਡੇਟਾਬੇਸ ਵਿਚ ਜੋੜਨ ਲਈ ਸਮਾਰਟ ਫੋਨ ਐਪਸ ਦੀ ਵਰਤੋਂ ਵੀ ਕਰਦੇ ਹਨ।

ਗਾਜ਼ਾ ਜਿਥੋਂ ਇਜ਼ਰਾਈਲ 2005 ਵਿਚ ਪਿੱਛੇ ਹਟ ਗਿਆ ਸੀ, ਵਿਚ ਚਿਹਰੇ ਦੀ ਸ਼ਨਾਖਤ ਕਰਨ ਵਾਲੀ ਕੋਈ ਤਕਨਾਲੋਜੀ ਮੌਜੂਦ ਨਹੀਂ ਸੀ। ਇਜ਼ਰਾਇਲੀ ਖ਼ੁਫ਼ੀਆ ਅਧਿਕਾਰੀਆਂ ਨੇ ਕਿਹਾ ਕਿ ਗਾਜ਼ਾ ਵਿਚ ਹਮਾਸ ਦੀ ਨਿਗਰਾਨੀ ਫੋਨ ਲਾਈਨਾਂ ਨੂੰ ਟੈਪ ਕਰਨ, ਫ਼ਲਸਤੀਨੀ ਕੈਦੀਆਂ ਤੋਂ ਪੁੱਛਗਿੱਛ ਕਰਨ, ਡਰੋਨ ਫੁਟੇਜ ਹਾਸਲ ਕਰਨ, ਨਿੱਜੀ ਸੋਸ਼ਲ ਮੀਡੀਆ ਖ਼ਾਤਿਆਂ ਤੱਕ ਪਹੁੰਚ ਪ੍ਰਾਪਤ ਕਰਨ ਅਤੇ ਦੂਰਸੰਚਾਰ ਪ੍ਰਣਾਲੀਆਂ ਨੂੰ ਹੈਕ ਕਰਨ ਜ਼ਰੀਏ ਕੀਤੀ ਗਈ। 7 ਅਕਤੂਬਰ ਤੋਂ ਬਾਅਦ ਯੂਨਿਟ 8200 ਵਿਚ ਇਜ਼ਰਾਇਲੀ ਖ਼ੁਫ਼ੀਆ ਅਧਿਕਾਰੀਆਂ ਨੇ ਇਜ਼ਰਾਈਲ ਦੀਆਂ ਸਰਹੱਦਾਂ ਦੀ ਉਲੰਘਣਾ ਕਰਨ ਵਾਲੇ ਹਮਾਸ ਦੇ ਬੰਦੂਕਧਾਰੀਆਂ ਬਾਰੇ ਜਾਣਕਾਰੀ ਲਈ ਉਸ ਨਿਗਰਾਨੀ ਵੱਲ ਰੁਖ ਕੀਤਾ। ਇਕ ਅਧਿਕਾਰੀ ਨੇ ਕਿਹਾ ਕਿ ਯੂਨਿਟ ਨੇ ਸੁਰੱਖਿਆ ਕੈਮਰਿਆਂ ਤੋਂ ਹਮਲਿਆਂ ਦੀ ਫੁਟੇਜ ਲੈਣ ਦੇ ਨਾਲ-ਨਾਲ ਹਮਾਸ ਦੁਆਰਾ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੇ ਵੀਡੀਓਜ਼ ਦੀ ਵੀ ਜਾਂਚ ਕੀਤੀ। ਯੂਨਿਟ ਨੂੰ ਹਮਾਸ ਦੇ ਉਨ੍ਹਾਂ ਮੈਂਬਰਾਂ ਦੀ "ਹਿੱਟ ਲਿਸਟ" ਬਣਾਉਣ ਲਈ ਕਿਹਾ ਗਿਆ ਸੀ ਜਿਨ੍ਹਾਂ ਨੇ ਹਮਲੇ ਵਿਚ ਹਿੱਸਾ ਲਿਆ ਸੀ।

ਤਿੰਨ ਇਜ਼ਰਾਇਲੀ ਖ਼ੁਫ਼ੀਆ ਅਫਸਰਾਂ ਨੇ ਕਿਹਾ ਕਿ ਗਾਜ਼ਾ ਵਿਚ ਚਿਹਰੇ ਦੀ ਪਛਾਣ ਪ੍ਰੋਗਰਾਮ ਲਗਾਉਣ ਲਈ ਫਿਰ ਕੋਰਸਾਈਟ ਦੀ ਮਦਦ ਲਈ ਗਈ। ਕੋਰਸਾਈਟ ਜਿਸ ਦਾ ਸਦਰ-ਮੁਕਾਮ ਤਲ ਅਵੀਵ ਵਿਖੇ ਹੈ, ਆਪਣੀ ਵੈਬਸਾਈਟ ਉੱਪਰ ਕਹਿੰਦੀ ਹੈ ਕਿ ਕਿਸੇ ਦੀ ਸਹੀ ਸ਼ਨਾਖਤ ਕਰਨ ਲਈ ਇਸ ਦੀ ਤਕਨਾਲੋਜੀ ਨੂੰ ਚਿਹਰੇ ਦਾ 50 ਪ੍ਰਤੀਸ਼ਤ ਤੋਂ ਵੀ ਘੱਟ ਦਿਸਦਾ ਹੋਣ ਦੀ ਜ਼ਰੂਰਤ ਪੈਂਦੀ ਹੈ। ਕੋਰਸਾਈਟ ਦੇ ਪ੍ਰਧਾਨ ਰਾਬਰਟ ਵਾਟਸ ਨੇ ਇਸ ਮਹੀਨੇ ਲਿੰਕਡਿਨ 'ਤੇ ਪੋਸਟ ਕੀਤਾ ਸੀ ਕਿ ਚਿਹਰੇ ਦੀ ਪਛਾਣ ਕਰਨ ਵਾਲੀ ਤਕਨਾਲੋਜੀ "ਅਤਿ ਜ਼ਿਆਦਾ ਕੋਣਾਂ, (ਇੱਥੋਂ ਤੱਕ ਕਿ ਡਰੋਨ ਨਾਲ ਵੀ,) ਹਨੇਰੇ, ਮਾੜੀ ਕੁਆਲਿਟੀ ਦੇ ਹੁੰਦਿਆਂ ਵੀ ਕੰਮ ਕਰ ਸਕਦੀ ਹੈ।" ਕੋਰਸਸਾਈਟ ਨੇ ਇਸ ਬਾਰੇ ਕੋਈ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ।

ਇਕ ਅਧਿਕਾਰੀ ਨੇ ਕਿਹਾ ਕਿ ਯੂਨਿਟ 8200 ਦੇ ਸਟਾਫ ਨੇ ਛੇਤੀ ਹੀ ਦੇਖਿਆ ਕਿ ਜੇਕਰ ਫੁਟੇਜ ਦਾਣੇਦਾਰ (ਥੋੜ੍ਹੀ ਖਿੰਡਵੀਂ) ਅਤੇ ਚਿਹਰੇ ਅਸਪਸ਼ਟ ਹਨ ਤਾਂ ਕੋਰਸਾਈਟ ਦੀ ਤਕਨੀਕ ਨੂੰ ਸ਼ਨਾਖਤ ਕਰਨ ਲਈ ਬਹੁਤ ਖੌਝਲਣਾ ਪੈਂਦਾ ਹੈ। ਜਦੋਂ ਫ਼ੌਜ ਨੇ 7 ਅਕਤੂਬਰ ਨੂੰ ਮਾਰੇ ਗਏ ਇਜ਼ਰਾਇਲੀਆਂ ਦੀਆਂ ਲਾਸ਼ਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਤਾਂ ਤਕਨਾਲੋਜੀ ਸਦਾ ਉਨ੍ਹਾਂ ਲੋਕਾਂ ਲਈ ਕਾਰਆਮਦ ਸਾਬਤ ਨਹੀਂ ਹੋਈ ਜਿਨ੍ਹਾਂ ਦੇ ਚਿਹਰੇ ਜ਼ਖ਼ਮੀ ਹੋਏ ਸਨ। ਅਧਿਕਾਰੀ ਨੇ ਕਿਹਾ ਕਿ ਉਦੋਂ ਝੂਠੇ ਪਾਜ਼ਿਟਿਵ ਨਤੀਜੇ ਜਾਂ ਅਜਿਹੇ ਕੇਸ ਵੀ ਸਨ ਜਦੋਂ ਕਿਸੇ ਵਿਅਕਤੀ ਦੀ ਗ਼ਲਤ ਤੌਰ 'ਤੇ ਹਮਾਸ ਨਾਲ ਸਬੰਧਿਤ ਵਜੋਂ ਗ਼ਲਤ ਪਛਾਣ ਕਰ ਦਿੱਤੀ ਗਈ। ਤਿੰਨ ਖ਼ੁਫ਼ੀਆ ਅਫ਼ਸਰਾਂ ਨੇ ਕਿਹਾ, ਕੋਰਸਾਈਟ ਦੀ ਤਕਨਾਲੋਜੀ ਦੇ ਪੂਰਕ ਵਜੋਂ ਇਜ਼ਰਾਇਲੀ ਅਫ਼ਸਰਾਂ ਨੇ ਗੂਗਲ ਫੋਟੋਜ਼ ਤਕਨਾਲੋਜੀ ਦੀ ਵਰਤੋਂ ਕੀਤੀ ਜੋ ਗੂਗਲ ਦੀ ਮੁਫ਼ਤ ਫੋਟੋ ਸ਼ੇਅਰਿੰਗ ਅਤੇ ਸਟੋਰੇਜ ਸਰਵਿਸ ਹੈ। ਗੂਗਲ ਫੋਟੋਜ਼ 'ਤੇ ਜਾਣੇ-ਪਛਾਣੇ ਵਿਅਕਤੀਆਂ ਦਾ ਡੇਟਾਬੇਸ ਅਪਲੋਡ ਕਰ ਕੇ, ਇਜ਼ਰਾਇਲੀ ਅਧਿਕਾਰੀ ਲੋਕਾਂ ਦੀ ਪਛਾਣ ਕਰਨ ਲਈ ਇਸ ਸਰਵਿਸ ਦੇ ਫੋਟੋ ਖੋਜ ਫੰਕਸ਼ਨ ਦੀ ਵਰਤੋਂ ਕਰਨ 'ਚ ਕਾਮਯਾਬ ਹੋਏ।

ਇਕ ਅਧਿਕਾਰੀ ਨੇ ਕਿਹਾ, ਗੂਗਲ ਦੀ ਚਿਹਰਿਆਂ ਨੂੰ ਮਿਲਾਉਣ ਅਤੇ ਲੋਕਾਂ ਦੀ ਪਛਾਣ ਕਰਨ ਦੀ ਸਮਰੱਥਾ ਭਾਵੇਂ ਉਨ੍ਹਾਂ ਦੇ ਚਿਹਰੇ ਦਾ ਸਿਰਫ਼ ਛੋਟਾ ਜਿਹਾ ਹਿੱਸਾ ਹੀ ਦਿਖਾਈ ਦੇ ਰਿਹਾ ਹੋਵੇ, ਹੋਰ ਤਕਨਾਲੋਜੀ ਨਾਲੋਂ ਵਧੀਆ ਸੀ। ਅਫਸਰਾਂ ਨੇ ਕਿਹਾ, ਫ਼ੌਜ ਨੇ ਕੋਰਸਾਈਟ ਦੀ ਵਰਤੋਂ ਜਾਰੀ ਰੱਖੀ ਕਿਉਂਕਿ ਇਸ ਨੂੰ ਆਪਣੀ ਜ਼ਰੂਰਤ ਅਨੁਸਾਰ ਢਾਲਿਆ (ਕਸਟਮਾਈਜ਼ ਕੀਤਾ) ਜਾ ਸਕਦਾ ਸੀ।

ਗੂਗਲ ਦੇ ਬੁਲਾਰੇ ਨੇ ਕਿਹਾ ਕਿ ਗੂਗਲ ਫੋਟੋਜ਼ ਮੁਫ਼ਤ ਖ਼ਪਤਕਾਰ ਉਤਪਾਦ ਹੈ ਜੋ "ਫੋਟੋਆਂ ਵਿਚਲੇ ਬੇਪਛਾਣ ਲੋਕਾਂ ਲਈ ਪਛਾਣ ਮੁਹੱਈਆ ਨਹੀਂ ਕਰਦਾ।"

ਜਦੋਂ ਇਜ਼ਰਾਈਲ ਨੇ ਉੱਥੇ ਫ਼ੌਜੀ ਹਮਲਾ ਕਰ ਕੇ ਆਪਣਾ ਵਿਸਤਾਰ ਕੀਤਾ ਤਾਂ ਗਾਜ਼ਾ ਵਿਚ ਚਿਹਰੇ ਦੀ ਸ਼ਨਾਖਤ ਕਰਨ ਵਾਲਾ ਪ੍ਰੋਗਰਾਮ ਹੋਰ ਵਿਕਸਤ ਹੋ ਗਿਆ। ਗਾਜ਼ਾ ਵਿਚ ਦਾਖ਼ਲ ਹੋਣ ਵਾਲੇ ਇਜ਼ਰਾਇਲੀ ਫ਼ੌਜੀਆਂ ਨੂੰ ਤਕਨੀਕ ਨਾਲ ਲੈਸ ਕੈਮਰੇ ਦਿੱਤੇ ਗਏ। ਫ਼ੌਜੀਆਂ ਨੇ ਮੁੱਖ ਸੜਕਾਂ ਕੋਲ ਆਪਣੀਆਂ ਚੌਕੀਆਂ ਵੀ ਬਣਾ ਲਈਆਂ ਜਿਨ੍ਹਾਂ ਦੀ ਵਰਤੋਂ ਫ਼ਲਸਤੀਨੀ ਲੋਕ ਘਮਸਾਣ ਦੀ ਲੜਾਈ ਵਾਲੇ ਖੇਤਰਾਂ ਤੋਂ ਬਚ ਕੇ ਨਿਕਲਣ ਲਈ ਕਰ ਰਹੇ ਸਨ ਜਿੱਥੇ ਚਿਹਰਿਆਂ ਨੂੰ ਸਕੈਨ ਕਰਨ ਵਾਲੇ ਕੈਮਰੇ ਲਗਾਏ ਗਏ ਸਨ।

ਇਜ਼ਰਾਇਲੀ ਖ਼ੁਫ਼ੀਆ ਅਧਿਕਾਰੀਆਂ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਉਦੇਸ਼ ਇਜ਼ਰਾਇਲੀ ਬੰਧਕਾਂ ਅਤੇ ਨਾਲ ਹੀ ਹਮਾਸ ਲੜਾਕਿਆਂ ਦੀ ਭਾਲ ਕਰਨਾ ਸੀ ਜਿਨ੍ਹਾਂ ਨੂੰ ਫਿਰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਜਾ ਸਕਦਾ ਸੀ।

ਇਕ ਅਧਿਕਾਰੀ ਨੇ ਕਿਹਾ ਕਿ ਕਿਸ ਨੂੰ ਰੋਕਣਾ ਹੈ, ਇਸ ਦੇ ਦਿਸ਼ਾ-ਨਿਰਦੇਸ਼ ਜਾਣਬੁੱਝ ਕੇ ਵਿਆਪਕ ਰੱਖੇ ਗਏ ਸਨ। ਫ਼ਲਸਤੀਨੀ ਕੈਦੀਆਂ ਨੂੰ ਉਨ੍ਹਾਂ ਦੇ ਭਾਈਚਾਰੇ ਦੇ ਲੋਕਾਂ ਦੇ ਨਾਮ ਦੱਸਣ ਲਈ ਕਿਹਾ ਗਿਆ ਜਿਨ੍ਹਾਂ ਬਾਰੇ ਇਜ਼ਰਾਇਲੀ ਅਧਿਕਾਰੀਆਂ ਦਾ ਮੰਨਣਾ ਸੀ ਕਿ ਉਹ ਹਮਾਸ ਦਾ ਹਿੱਸਾ ਹਨ। ਇਜ਼ਰਾਇਲ ਫਿਰ ਉਨ੍ਹਾਂ ਲੋਕਾਂ ਦੀ ਭਾਲ ਕਰੇਗਾ, ਇਸ ਉਮੀਦ ਨਾਲ ਕਿ ਉਨ੍ਹਾਂ ਨੂੰ ਵਧੇਰੇ ਖ਼ੁਫ਼ੀਆ ਜਾਣਕਾਰੀ ਮਿਲੇਗੀ।

ਇਜ਼ਰਾਇਲੀ ਖ਼ੁਫ਼ੀਆ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉੱਤਰੀ ਗਾਜ਼ਾ ਸ਼ਹਿਰ ਬੀਤ ਲਾਹੀਆ ਵਿਚ ਕਿਸੇ ਵਿਅਕਤੀ ਨੇ ਫ਼ਲਸਤੀਨੀ ਕਵੀ ਮੁਸਾਬ ਅਬੂ ਤੋਹਾ ਦਾ ਨਾਮ ਦੱਸਿਆ ਸੀ ਕਿ ਉਹ ਹਮਾਸ ਦਾ ਸੰਚਾਲਕ ਹੈ ਜਿੱਥੇ ਉਹ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਅਫ਼ਸਰਾਂ

*(ਬਾਕੀ ਅਗਲੇ ਸਫੇ 'ਤੇ)*





*ਫਲਸਤੀਨੀ ਸ਼ਾਇਰ ਮੁਸਾਬ ਅਬੂ ਤੋਹਾ ਆਪਣੇ ਪਰਿਵਾਰ ਨਾਲ। ਉਸ ਨੂੰ ਚਿਹਰੇ ਦੀ ਸ਼ਨਾਖਤ ਵਾਲੀ ਤਕਨਾਲੋਜੀ ਦੀ ਖਬਰ ਨਹੀਂ ਸੀ ਅਤੇ (ਸੱਜੇ) ਮੁਸਾਬ ਅਬੂ ਤੋਹਾ।*

# ਪੰਜਾਬੀ ਸਮਾਜ ਵਿਚ ਉਥਲ-ਪੁਥਲ ਦੀ ਦਾਸਤਾਨ

*ਪੰਜਾਬ ਨੂੰ ਇਸ ਸਮੇਂ ਬੜੀ ਸੂਝ ਵਾਲੀ ਰਾਜਸੀ ਅਗਵਾਈ ਦੀ ਲੋੜ ਹੈ ਜੋ ਇਸ ਨੂੰ ਵੱਖ-ਵੱਖ ਸੰਕਟਾਂ ਤੋਂ ਨਿਜਾਤ ਦਿਵਾ ਕੇ ਹਕੀਕੀ ਵਿਕਾਸ ਦੇ ਰਾਹ ਤੋਰ ਸਕੇ। ਪੰਜਾਬ ਨੂੰ ਬਚਾਉਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਕਿਰਤ ਵੱਲ ਮੁੜੀਏ। ਪੰਜਾਬੀ ਸੱਭਿਅਤਾ ਕਿਰਤ ਦੇ ਖਾਸੇ ਨਾਲ ਜੁੜੀ ਹੋਈ ਸੱਭਿਅਤਾ ਸੀ। ਇੱਥੇ ਨੌਜਵਾਨੀ ਦਾ ਕਿਰਤ ਤੋਂ ਕਿਨਾਰਾ ਕਰਨਾ ਵੱਡੀ ਸਮੱਸਿਆ ਬਣ ਗਿਆ ਹੈ। ਕਿਰਤ ਤੋਂ ਟੁੱਟੀ ਨੌਜਵਾਨ ਪੀੜ੍ਹੀ ਨੇ ਜਿੱਥੇ ਖੇਤੀ ਤੋਂ ਕਿਨਾਰਾ ਕਰ ਲਿਆ ਉਥੇ ਇਹ ਨਸ਼ਿਆਂ ਦੀ ਦਲਦਲ ਵਿਚ ਗਰਕ ਹੋਣ ਲੱਗੀ ਹੈ।*





*ਕਿਰਤੀ ਪੰਜਾਬ ਦਾ ਇਕ ਚਿੱਤਰ ਅਤੇ (ਸੱਜੇ) ਵਿਦੇਸ਼ ਉਡਾਰੀ ਮਾਰਨ ਲਈ ਤਿਆਰੀ ਕਰ ਰਹੇ ਪੰਜਾਬ ਦੀ ਇਕ ਤਸਵੀਰ।*

ਕੋਈ ਮੁਸਾਫਿਰ ਸਫ਼ਰ 'ਤੇ ਸੀ। ਰਸਤੇ ਵਿਚ ਛੋਟੀ ਜਿਹੀ ਨਦੀ ਆਈ। ਆਪਣੇ ਸਾਮਾਨ ਸਮੇਤ ਉਹ ਬੰਦਾ ਨਦੀ ਪਾਰ ਕਰਨ ਹੀ ਲੱਗਾ ਸੀ ਕਿ ਉਸ ਨੂੰ ਕੁਝ ਕਦਮ ਦੀ ਦੂਰੀ 'ਤੇ ਨਦੀ ਕੰਢੇ ਚਮਕਦੀ ਚੀਜ਼ ਦਿਖਾਈ ਦਿੱਤੀ। ਉਹ ਆਪਣਾ ਸਾਮਾਨ ਰੱਖ ਕੇ ਉਹ ਚੀਜ਼ ਦੇਖਣ ਚਲਾ ਗਿਆ। ਉਸ ਨੇ ਦੇਖਿਆ, ਸੋਨੇ ਦੀਆਂ ਪੰਜ ਮੋਹਰਾਂ ਸਨ ਜੋ ਕਿਸੇ ਨੇ ਨਦੀ ਦੇ ਤੱਟ 'ਤੇ ਦੱਬ ਦਿੱਤੀਆਂ ਸਨ ਅਤੇ ਛੱਲਾਂ ਨਾਲ ਮਿੱਟੀ



**ਗੁਰਚਰਨ ਸਿੰਘ ਨੂਰਪੁਰ**
**ਫੋਨ+91-98550-51099**

ਖੁਰਨ ਨਾਲ ਦਿਸਣ ਲੱਗ ਪਈਆਂ ਸਨ। ਉਸ ਨੇ ਮੋਹਰਾਂ ਨਦੀ ਦੇ ਪਾਣੀ ਨਾਲ ਧੋਤੀਆਂ, ਝੋਲੇ ਵਿਚ ਪਾਈਆਂ ਅਤੇ ਨਦੀ ਪਾਰ ਕਰਨ ਲੱਗਾ। ਅਜੇ ਉਹ ਪਾਣੀ ਵਿਚ ਉਤਰਿਆ ਹੀ ਸੀ ਕਿ ਉਹਦੇ ਮਨ ਵਿਚ ਖਿਆਲ ਆਇਆ- ਮੋਹਰਾਂ ਤਾਂ ਹੋਰ ਵੀ ਹੋ ਸਕਦੀਆਂ! ਮੈਨੂੰ ਦੇ ਤੱਟ 'ਤੇ ਤੁਰ ਕੇ ਦੇਖਣਾ ਚਾਹੀਦਾ। ਆਪਣੇ ਮਨ ਦੀ ਇਸ ਸੋਚ ਉਡਾਰੀ 'ਤੇ ਉਸ ਨੂੰ ਕੁਝ ਪਲ ਫਖਰ ਵੀ ਮਹਿਸੂਸ ਹੋਇਆ। ਮੋਹਰਾਂ ਵਾਲਾ ਝੋਲਾ ਅਤੇ ਬਾਕੀ ਸਾਮਾਨ ਇੱਕ ਪਾਸੇ ਰੱਖ ਕੇ ਉਹ ਨਦੀ ਦੇ ਕੰਢੇ-ਕੰਢੇ ਤੁਰ ਪਿਆ। ਉਹ ਕਾਫੀ ਦੂਰ ਤੱਕ ਗਿਆ ਪਰ ਕਿਤਿਓਂ ਹੋਰ ਮੋਹਰਾਂ ਨਹੀਂ ਲੱਭੀਆਂ। ਨਿਰਾਸ਼ ਜਿਹਾ ਹੋ ਕੇ ਜਦੋਂ ਵਾਪਸ ਆਇਆ ਤਾਂ ਉਹਦਾ ਮੋਹਰਾਂ ਵਾਲਾ ਝੋਲਾ ਅਤੇ ਬਾਕੀ ਸਮਾਨ ਉਥੋਂ ਗਾਇਬ ਸੀ। ਲਾਲਚ ਨੇ ਉਸ ਨੂੰ ਆਪਣੇ ਸਾਮਾਨ ਤੋਂ ਵੀ ਵਿਰਵਾ ਕਰ ਦਿੱਤਾ।

ਸਾਡੇ ਸਮਾਜ ਦੀ ਬਹੁਗਿਣਤੀ ਦੀ ਹਾਲਤ ਇਸ ਸਮੇਂ ਉਸ ਮੁਸਾਫਿਰ ਵਰਗੀ ਹੈ।

ਅਸੀਂ ਫੜੀਆਂ ਛੱਡ ਕੇ ਉਡਦੀਆਂ ਮਗਰ ਭੱਜ ਰਹੇ ਹਾਂ। ਇਹ ਠੀਕ ਹੈ ਕਿ ਭਾਰਤ ਦੀ ਵਾਗਡੋਰ ਉਨ੍ਹਾਂ ਲੋਕਾਂ ਦੇ ਹੱਥ ਵਿਚ ਰਹੀ ਜਿਨ੍ਹਾਂ ਨੇ ਲੋਕ ਹਿੱਤਾਂ ਦੀ ਬਜਾਇ ਆਪਣੇ ਨਿੱਜੀ ਸਵਾਰਥਾਂ ਅਤੇ ਰਾਜਸੀ ਹਿੱਤਾਂ ਨੂੰ ਪਹਿਲ ਦਿੱਤੀ। ਨਤੀਜੇ ਵਜੋਂ ਸਮਾਜ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋਈਆਂ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਪੈਦਾ ਕੀਤੇ ਅੰਨ ਨਾਲ ਪੂਰੇ ਦੇਸ਼ ਦਾ ਢਿੱਡ ਭਰਦਾ ਆਇਆ ਹੈ। ਇਸ ਨਾਲ ਵੱਖ-ਵੱਖ ਸਮਿਆਂ 'ਤੇ ਹੋਏ ਵਿਤਕਰਿਆਂ ਦੀ ਲੰਮੀ ਦਾਸਤਾਨ ਹੈ। ਹੁਣ ਪੰਜਾਬ ਦੇ ਕਿਸਾਨ ਨੂੰ ਕਿਹਾ ਜਾ ਰਿਹਾ ਹੈ ਕਿ ਜੋ ਅਨਾਜ ਤੁਸੀਂ ਪੈਦਾ ਕਰਦੇ ਹੋ, ਇਸ ਦੀ ਹੁਣ ਸਾਨੂੰ ਲੋੜ ਨਹੀਂ। ਇਸ ਤੋਂ ਵੱਡੀ ਅਕ੍ਰਿਤਘਣਤਾ ਹੋਰ ਕੀ ਹੋ ਸਕਦੀ ਹੈ?

ਜਿਣਸਾਂ ਦੇ ਜੋ ਭਾਅ ਕਿਸਾਨਾਂ ਨੂੰ ਦੇਣੇ ਚਾਹੀਦੇ ਸਨ, ਉਹ ਨਹੀਂ ਮਿਲਦੇ। ਕਣਕ ਝੋਨੇ ਦੇ ਫ਼ਸਲੀ ਚੱਕਰ ਨੇ ਪੰਜਾਬ ਦੇ ਪਾਣੀ ਦਾ ਪੱਧਰ ਬਹੁਤ ਹੇਠਾਂ ਕਰ ਦਿੱਤਾ। ਖੇਤੀਬਾੜੀ ਦੀਆਂ ਗ਼ਲਤ ਨੀਤੀਆਂ ਤਹਿਤ ਰੇਹਾਂ-ਸਪਰੇਹਾਂ, ਤੇਲ ਆਦਿ ਦੇ ਭਾਅ ਨੇ ਕਿਸਾਨਾਂ ਸਿਰ ਕਰਜ਼ੇ ਦੀਆਂ ਪੰਡਾਂ ਦੇ ਭਾਰ 'ਚ ਹਰ ਦਿਨ ਵਾਧਾ ਕੀਤਾ। ਖੇਤੀ 'ਤੇ ਬਾਜ਼ਾਰ ਦੇ ਗਲਬੇ ਨੇ ਨਵੀਂ ਪੀੜ੍ਹੀ ਦਾ ਖੇਤਾਂ ਨਾਲੋਂ ਮੋਹ ਤੋੜ ਦਿੱਤਾ। ਨਵੀਂ ਪੀੜ੍ਹੀ ਹੁਣ ਹੋਰ ਮੁਲਕਾਂ ਵਿਚ ਆਪਣਾ ਭਵਿੱਖ ਤਲਾਸ਼ ਰਹੀ ਹੈ। ਪੰਜਾਬ ਦੇ ਗੁਰਦੁਆਰਿਆਂ ਅਤੇ ਹੋਰ ਧਰਮ ਸਥਾਨਾਂ 'ਤੇ ਵਿਦੇਸ਼ ਜਾ ਵੱਸਣ ਲਈ ਸੁਖਣਾ ਵਜੋਂ ਖਿਡੌਣਾ ਹਵਾਈ ਜਹਾਜ਼ ਚੜ੍ਹਾਏ ਜਾ ਰਹੇ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਛੋਟੇ ਕਿਸਾਨ ਮਜਬੂਰੀਵੱਸ ਆਪਣੀ ਭੋਇੰ ਦਾ ਟੋਟਾ ਵੇਚ ਕੇ ਆਪਣੇ ਬੱਚਿਆਂ ਨੂੰ ਹੋਰ ਮੁਲਕਾਂ ਵੱਲ ਤੋਰ ਰਹੇ ਹਨ। ਵਿਦੇਸ਼ ਗਏ ਲੋਕ ਵੀ ਆਪਣੀਆਂ ਇਧਰਲੀਆਂ ਜਾਇਦਾਦਾਂ ਵੇਚ ਵੱਟ ਕੇ ਦੂਜੇ ਮੁਲਕਾਂ ਵਿਚ ਸਰਮਾਇਆ ਲਾਉਣ ਨੂੰ ਤਰਜੀਹ ਦੇਣ ਲੱਗੇ ਹਨ।

ਅਜਿਹੇ ਕਈ ਹੋਰ ਕਾਰਨਾਂ ਕਰ ਕੇ ਜ਼ਮੀਨ ਬਹੁਤੇ ਲੋਕਾਂ ਤੋਂ ਥੋੜ੍ਹੇ ਲੋਕਾਂ ਦੇ ਹੱਥਾਂ ਵਿਚ ਜਾ ਰਹੀ ਹੈ। ਇਹ ਪੰਜਾਬ ਲਈ ਇੱਕ ਤਰ੍ਹਾਂ ਨਾਲ ਖ਼ਤਰੇ ਦੀ ਘੰਟੀ ਹੈ। ਭਵਿੱਖ ਵਿਚ ਇਹ ਅਮਲ ਹੋਰ ਵਧੇਗਾ। ਇਸ ਦੇ ਅਜਿਹੇ ਸਿੱਟੇ ਨਿਕਲਣਗੇ ਜਿਸ ਦਾ ਕਿਆਸ ਫਿਲਹਾਲ ਸਾਨੂੰ ਨਹੀਂ ਅਤੇ ਨਾ ਹੀ ਇਸ ਖ਼ਤਰੇ ਸਬੰਧੀ ਕਿਤੇ ਕੋਈ ਚਰਚਾ ਹੋ ਰਹੀ ਹੈ। ਕਿਸਾਨ ਅੰਦੋਲਨ ਦੌਰਾਨ ਲੱਖਾਂ ਲੋਕ ਆਪਣੀਆਂ ਜ਼ਮੀਨਾਂ ਬਚਾਉਣ ਲਈ ਸੜਕਾਂ 'ਤੇ ਆਏ। ਹਜ਼ਾਰਾਂ ਦੀ ਗਿਣਤੀ ਵਿਚ ਟਰੈਕਟਰ ਟਰਾਲੀਆਂ ਦੀ ਸ਼ਮੂਲੀਅਤ ਨੇ ਇਸ ਸੰਘਰਸ਼ ਨੂੰ ਨਿਵੇਕਲੀ ਪਛਾਣ ਦਿੱਤੀ। ਜ਼ਰਾ ਸੋਚੋ, ਜੇ ਇਹੋ ਜ਼ਮੀਨਾਂ ਕੁਝ ਕੁ ਲੋਕਾਂ ਦੇ ਹੱਥਾਂ ਵਿਚ ਹੁੰਦੀਆਂ ਤਾਂ ਕੀ ਇੰਨੀ ਵੱਡੀ ਗਿਣਤੀ ਵਿਚ ਲੋਕ ਇਸ ਸੰਘਰਸ਼ ਦਾ ਹਿੱਸਾ ਬਣਦੇ? ਭਵਿੱਖ ਵਿਚ ਜਦੋਂ ਜ਼ਮੀਨਾਂ ਥੋੜ੍ਹੇ ਲੋਕਾਂ ਦੇ ਹੱਥਾਂ ਵਿਚ ਹੋਣਗੀਆਂ, ਬਹੁਗਿਣਤੀ ਲੋਕ ਹੋਰ ਧੰਦਿਆਂ ਵਿਚ ਲੱਗੇ ਹੋਣਗੇ ਤਾਂ ਖੇਤੀ ਖੇਤਰ ਵਿਚ ਅਜਿਹੇ ਸੰਕਟ ਪੈਦਾ ਹੋਣਗੇ ਜਿਸ ਦਾ ਸਾਨੂੰ ਕਿਆਸ ਨਹੀਂ।

ਪੰਜਾਬ ਨੂੰ ਇਸ ਸਮੇਂ ਬੜੀ ਸੂਝ ਵਾਲੀ ਰਾਜਸੀ ਅਗਵਾਈ ਦੀ ਲੋੜ ਹੈ ਜੋ ਇਸ ਨੂੰ ਵੱਖ-ਵੱਖ ਸੰਕਟਾਂ ਤੋਂ ਨਿਜਾਤ ਦਿਵਾ ਕੇ ਹਕੀਕੀ ਵਿਕਾਸ ਦੇ ਰਾਹ ਤੋਰ ਸਕੇ। ਇਸ ਸਮੇਂ ਪੰਜਾਬ ਵਿਚ ਵਾਤਾਵਰਨ ਦਾ ਬਹੁਤ ਵੱਡਾ ਸੰਕਟ ਹੈ ਅਤੇ ਪੰਜਾਬ ਦੇ ਪਾਣੀਆਂ 'ਤੇ ਵੀ ਡਾਕੇ ਵੱਜ ਰਹੇ ਰਹੇ ਹਨ। ਧਰਤੀ ਹੇਠਲੇ ਪਾਣੀ ਦੇ ਸੰਕਟ ਸਬੰਧੀ ਸਾਡੀ ਹਾਲਤ ਖ਼ਤਰਾ ਦੇਖ ਕੇ ਸ਼ੁਤਰਮੁਰਗ ਦੇ ਅੱਖਾਂ ਮੀਟਣ ਵਰਗੀ ਹੈ। ਦੂਸ਼ਿਤ ਵਾਤਾਵਰਨ ਨਾਲ ਬਿਮਾਰੀਆਂ ਦੁਸ਼ਵਾਰੀਆਂ ਵਧ ਰਹੀਆਂ ਹਨ। ਵੱਖ-ਵੱਖ ਭਿਆਨਕ ਬਿਮਾਰੀਆਂ ਦਾ ਸੰਤਾਪ ਪੰਜਾਬ ਦੇ ਲੱਖਾਂ ਲੋਕ ਭੁਗਤ ਰਹੇ ਹਨ। ਇਸ ਬਾਰੇ ਸਾਨੂੰ ਗੰਭੀਰ ਹੋਣ ਦੀ ਲੋੜ ਹੈ। ਪਾਣੀ ਦਾ ਸੰਕਟ ਇੱਕ ਤਰ੍ਹਾਂ ਨਾਲ ਪੰਜਾਬ ਦੀ ਸੱਭਿਅਤਾ ਦਾ ਸੰਕਟ ਹੈ ਜਿਸ ਨਾਲ ਪੰਜਾਬ ਦੀ ਹੋਂਦ ਨੂੰ ਵੱਡਾ ਖ਼ਤਰਾ ਹੈ। ਛੋਟੀਆਂ-ਛੋਟੀਆਂ ਬਰਸਾਤੀ ਨਦੀਆਂ ਨੂੰ ਮੁੜ ਸੁਰਜੀਤ ਕਰ ਕੇ, ਦਰਿਆਵਾਂ 'ਤੇ ਵੱਖ-ਵੱਖ ਥਾਈਂ ਵਿਸ਼ਾਲ ਜਲਗਾਹਾਂ ਬਣਾ ਕੇ, ਕਣਕ ਝੋਨੇ ਦੇ ਫ਼ਸਲੀ ਚੱਕਰ 'ਚੋਂ ਨਿਕਲ ਕੇ ਇਸ ਸੰਕਟ ਤੋਂ ਬਚਿਆ ਜਾ ਸਕਦਾ ਹੈ ਪਰ ਇਹ ਕੰਮ ਇਕੱਲੇ ਆਮ ਲੋਕਾਂ ਨੇ ਨਹੀਂ ਸਗੋਂ ਸਰਕਾਰਾਂ ਨੇ ਕਰਨੇ ਹੁੰਦੇ ਹਨ। ਪੰਜਾਬ ਦੇ ਪਾਣੀ ਦੇ ਸੰਕਟ ਤੋਂ ਬਚਿਆ ਜਾ ਸਕਦਾ ਹੈ। ਇਹ ਅਜਿਹਾ ਸੰਕਟ ਨਹੀਂ ਜਿਸ ਦਾ ਕੋਈ ਹੱਲ ਹੀ ਨਹੀਂ ਪਰ ਇਸ ਲਈ ਸੂਝ ਸਿਆਣਪ ਨਾਲ ਵੱਡੇ ਪ੍ਰੋਗਰਾਮ ਬਣਾ ਕੇ ਉਨ੍ਹਾਂ 'ਤੇ ਤੁਰੰਤ ਕੰਮ ਕਰਨ ਦੀ ਲੋੜ ਹੈ। ਨਹੀਂ ਤਾਂ ਪਾਣੀ ਦਾ ਸੰਕਟ ਅਗਲੇ ਆਏ ਦਿਨ ਭਿਆਨਕ ਹੁੰਦਾ ਜਾਵੇਗਾ।

ਪੰਜਾਬ ਨੂੰ ਬਚਾਉਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਕਿਰਤ ਵੱਲ ਮੁੜੀਏ। ਪੰਜਾਬ ਦੇ ਉਨ੍ਹਾਂ ਘਰਾਂ ਦੇ ਮੁੰਡੇ ਕੁੜੀਆਂ ਜਿਨ੍ਹਾਂ ਕੋਲ ਰਿਜ਼ਕ ਦੇ ਥੋੜ੍ਹੇ ਬਹੁਤੇ ਸਾਧਨ ਹਨ ਉਹ ਇੱਥੇ ਕੰਮ ਕਰ ਕੇ ਰਾਜ਼ੀ ਨਹੀਂ। ਉਨ੍ਹਾਂ ਦੀ ਮਾਨਸਿਕਤਾ ਇਹ ਹੈ ਕਿ ਅਸੀਂ ਪੜ੍ਹ ਲਿਖ ਗਏ ਹਾਂ, ਅਸੀਂ ਕੰਮ ਕਿਉਂ ਕਰੀਏ? ਪੰਜਾਬੀ ਸੱਭਿਅਤਾ ਕਿਰਤ ਦੇ ਖਾਸੇ ਨਾਲ ਜੁੜੀ ਹੋਈ ਸੱਭਿਅਤਾ ਸੀ। ਇੱਥੇ ਨੌਜਵਾਨੀ ਦਾ ਕਿਰਤ ਤੋਂ ਕਿਨਾਰਾ ਕਰਨਾ ਵੱਡੀ ਸਮੱਸਿਆ ਬਣ ਗਿਆ ਹੈ। ਕਿਰਤ ਤੋਂ ਟੁੱਟੀ ਨੌਜਵਾਨ ਪੀੜ੍ਹੀ ਨੇ ਜਿੱਥੇ ਖੇਤੀ ਤੋਂ ਕਿਨਾਰਾ ਕਰ ਲਿਆ ਉਥੇ ਇਹ ਨਸ਼ਿਆਂ ਦੀ ਦਲਦਲ ਵਿਚ ਗਰਕ ਹੋਣ ਲੱਗੀ ਹੈ। ਨਸ਼ਾ ਇਸ ਸਮੇਂ ਪੰਜਾਬ ਦੀ ਵੱਡੀ ਸਮੱਸਿਆ ਬਣ ਗਿਆ ਹੈ। ਹਰ ਇਲਾਕੇ ਵਿਚ ਵੱਡੇ-ਵੱਡੇ ਜੇਲ੍ਹ-ਨੁਮਾ ਨਸ਼ਾ ਛਡਾਊ ਕੇਂਦਰ ਬਣ ਗਏ ਹਨ ਜਿੱਥੇ ਹਜ਼ਾਰਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਨਿਜਾਤ ਦਿਵਾਉਣ ਲਈ ਮਾਪਿਆਂ ਤੋਂ ਮੋਟੀਆਂ ਰਕਮਾਂ ਲਈਆਂ ਜਾਂਦੀਆਂ ਹਨ।

ਸਰਕਾਰਾਂ ਨੂੰ ਨਸ਼ਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਜਿੰਨੀ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਸੀ, ਓਨਾ ਨਹੀਂ ਹੋ ਸਕਿਆ। ਬੇਸ਼ੱਕ, ਦੁਨੀਆ ਦੇ ਵਿਕਸਿਤ ਦੇਸ਼ਾਂ ਵਿਚ ਵੀ ਨਸ਼ਿਆਂ ਦੀ ਸਮੱਸਿਆ ਹਰ ਦਿਨ ਭਿਆਨਕ ਹੋ ਰਹੀ ਹੈ ਪਰ ਪੰਜਾਬ ਦੀ ਗੁਰੂਆਂ ਮਹਾਂਪੁਰਸ਼ਾਂ ਦੀ ਧਰਤੀ ਦੇ ਮੱਥੇ 'ਤੇ ਨਸ਼ਿਆਂ ਦਾ ਕਲੰਕ ਲੱਗਣਾ ਸਾਡੇ ਲਈ ਵੱਡੇ ਫਿਕਰ ਵਾਲੀ ਗੱਲ ਹੈ। ਇਸ ਲਈ ਬੜਾ ਜ਼ਰੂਰੀ ਹੈ ਕਿ ਨੌਜਵਾਨ ਅਤੇ ਮੁਟਿਆਰਾਂ ਇੱਥੇ ਰਹਿ ਕੇ ਕਿਰਤ ਨਾਲ ਜੁੜਨ ਤੇ ਵੱਖ-ਵੱਖ ਕਿੱਤਿਆਂ ਵਿਚ ਨਿਪੁੰਨ ਹੋਣ। ਇੱਥੇ ਰਹਿ ਕੇ ਕੰਮ ਕਰਨ ਵਿਚ ਸ਼ਰਮ ਮਹਿਸੂਸ ਕਰਨ ਵਾਲਿਆਂ ਦੀ ਹੈਂਕੜਬਾਜ਼ੀ ਵਿਦੇਸ਼ ਜਾ ਕੇ ਝੱਟ ਨਿਕਲ ਜਾਂਦੀ ਹੈ। ਅੱਜ ਲੋੜ ਹੈ, ਅਸੀਂ ਕਿਰਤ ਨਾਲ ਜੁੜੀਏ ਅਤੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਯਤਨਸ਼ੀਲ ਹੋਈਏ।

ਪੰਜਾਬ ਅਨੇਕਾਂ ਵਾਰ ਉਜੜਿਆ ਤੇ ਮੁੜ ਵੱਸਿਆ; ਪੰਜਾਬ ਸਦਾ ਵਸਦਾ ਰਿਹਾ ਹੈ ਅਤੇ ਵਸਦਾ ਰਹੇਗਾ। ਸਮੇਂ ਦਾ ਸੱਚ ਇਹ ਵੀ ਹੈ ਕਿ ਪੰਜਾਬੀ ਸਮਾਜ ਇਸ ਸਮੇਂ ਵੱਡੀ ਉਥਲ ਪੁਥਲ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ ਨੇ ਪਹਿਲਾਂ ਵੀ ਵੱਡੀਆਂ ਤਬਦੀਲੀਆਂ ਦੇਖੀਆਂ ਪਰ ਇਹ ਦੌਰ ਵੱਖਰੀ ਤਰ੍ਹਾਂ ਦੀ ਤਬਦੀਲੀ ਦਾ ਦੌਰ ਹੈ। ਇਸ ਵਿਚ ਵੱਡੀ ਗਿਣਤੀ 'ਚ ਪੰਜਾਬ ਦੇ ਵਾਰਿਸ ਇਸ ਨੂੰ ਬੇਦਾਵਾ ਦੇ ਕੇ ਜਾ ਰਹੇ ਹਨ ਅਤੇ ਵੱਡੀ ਗਿਣਤੀ ਉਨ੍ਹਾਂ ਦੀ ਵੀ ਹੈ ਜੋ ਨਸ਼ਿਆਂ ਦੀ ਕਰੋਪੀ ਨਾਲ ਮੌਤ ਦੇ ਮੂੰਹ ਪੈ ਰਹੇ ਹਨ। ਭਵਿੱਖ ਦੇ ਦਸ ਬਾਰਾਂ ਸਾਲਾਂ ਦੌਰਾਨ ਪੰਜਾਬੀ ਸਮਾਜ ਦੇ ਵੱਡੀ ਗਿਣਤੀ ਪਰਿਵਾਰਾਂ ਵਿਚ ਵੱਖਰੀ ਤਰ੍ਹਾਂ ਦੇ ਸੰਤਾਪ ਹੋਣਗੇ। ਵਿਦੇਸ਼ ਗਏ ਨੌਜਵਾਨਾਂ ਨੇ ਇੱਧਰ ਪਰਤਣਾ ਨਹੀਂ। ਸਹਾਰਾ ਲੋੜਦੇ ਬਜ਼ੁਰਗ ਮਾਪਿਆਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੋਵੇਗਾ।

ਇਸ ਸਮੇਂ ਸਾਨੂੰ ਸਮਝਣ ਦੀ ਲੋੜ ਹੈ ਕਿ ਮਨੁੱਖ ਇਸ ਧਰਤੀ 'ਤੇ ਮਸ਼ੀਨ ਬਣਨ ਨਹੀਂ ਆਇਆ ਅਤੇ ਨਾ ਹੀ ਮਨੁੱਖ ਦੀ ਹਰ ਸਰਗਰਮੀ ਪੈਸੇ ਲਈ ਹੋਣੀ ਚਾਹੀਦੀ ਹੈ। ਪੰਜਾਬੀ ਸਮਾਜ ਦੀ ਵਿਰਾਸਤ ਸਰਬੱਤ ਦਾ ਭਲਾ ਚਾਹੁਣ ਦੀ ਵਿਰਾਸਤ ਹੈ। ਸਾਡੀ ਲੋਕਧਾਰਾ ਵਿਚ ਥਾਂ-ਥਾਂ ਕਿਰਤ ਦਾ ਸੁਨੇਹਾ ਹੈ। ਅਸੀਂ ਮੁਸ਼ਕਿਲਾਂ ਸਮੱਸਿਆਵਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਵਾਲੇ ਲੋਕ ਹਾਂ। ਇਸ ਸਮੇਂ ਪੰਜਾਬ ਨੂੰ ਸਮੱਸਿਆਵਾਂ 'ਚੋਂ ਬਾਹਰ ਕੱਢਣ ਲਈ ਇੱਥੇ ਰਹਿ ਕੇ ਸੰਘਰਸ਼ ਕਰਨ ਦੀ ਲੋੜ ਹੈ। ਅੱਜ ਲੋੜ ਹੈ ਕਿ ਪੰਜਾਬ ਨੂੰ ਹੱਸਦਾ ਵੱਸਦਾ ਬਣਾਉਣ ਲਈ ਸਭ ਧਿਰਾਂ ਯਤਨਸ਼ੀਲ ਹੋਣ। ਇਸ ਸਮੇਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਭਲਾ ਚਾਹੁਣ ਵਾਲੀਆਂ ਸਭ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ। ਬੜੀਆਂ ਵੱਡੀਆਂ ਮੁਸੀਬਤਾਂ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਪੰਜਾਬ ਵੱਸਦਾ ਰਿਹਾ ਹੈ ਅਤੇ ਵਸਦਾ ਰਹੇਗਾ। ਬਸ ਲੋੜ ਹੈ ਅਸੀਂ ਨਿਰਾਸ਼ ਨਾ ਹੋਈਏ ਅਤੇ ਇਹਦੇ ਭਲੇ ਲਈ ਯਤਨਸ਼ੀਲ ਹੋਈਏ।

## ਚਿਹਰਾ ਪਛਾਨਣ ਵਾਲੀ ਤਕਨਾਲੋਜੀ ਦਾ ਖਮਿਆਜ਼ਾ

*(ਪਿਛਲੇ ਸਫੇ ਦੀ ਬਾਕੀ)*

ਨੇ ਕਿਹਾ ਕਿ ਉਸ ਦੀ ਫ਼ਾਈਲ ਵਿਚ ਹਮਾਸ ਨਾਲ ਸਬੰਧ ਸਪਸ਼ਟ ਕਰਨ ਵਾਲੀ ਕੋਈ ਖ਼ਾਸ ਖ਼ੁਫ਼ੀਆ ਜਾਣਕਾਰੀ ਨਹੀਂ ਹੈ।

ਇਕ ਇੰਟਰਵਿਊ ਵਿਚ ਮੁਸਾਬ ਅਬੂ ਤੋਹਾ ਜੋ 'ਥਿੰਗਜ਼ ਯੂ ਮੇ ਫਾਈਂਡ ਹਿਡਨ ਇਨ ਮਾਈ ਈਅਰ: ਪੋਇਮਜ਼ ਫਰੌਮ ਗਾਜ਼ਾ' ਦੇ ਲੇਖਕ ਹਨ, ਨੇ ਕਿਹਾ ਕਿ ਉਸ ਦਾ ਹਮਾਸ ਨਾਲ ਕੋਈ ਸਬੰਧ ਨਹੀਂ ਹੈ।

ਜਦੋਂ ਉਸ ਅਤੇ ਉਸ ਦੇ ਪਰਿਵਾਰ ਨੂੰ 19 ਨਵੰਬਰ ਨੂੰ ਫ਼ੌਜੀ ਚੌਕੀ ਉੱਪਰ ਰੋਕਿਆ ਗਿਆ, ਉਹ ਮਿਸਰ ਲਈ ਰਵਾਨਾ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਉਸ ਨੇ ਕਿਹਾ ਕਿ ਜਦੋਂ ਉਸ ਨੂੰ ਭੀੜ ਵਿਚੋਂ ਬਾਹਰ ਨਿਕਲਣ ਲਈ ਕਿਹਾ ਗਿਆ ਤਾਂ ਉਸ ਨੇ ਕੋਈ ਪਛਾਣ ਨਹੀਂ ਦਿਖਾਈ। ਉਸ ਦੇ ਹੱਥ ਕੜੀ ਲਾ ਕੇ ਤੰਬੂ ਵਿਚ ਲਿਜਾ ਕੇ ਬਿਠਾਇਆ ਗਿਆ ਜਿੱਥੇ ਕਈ ਦਰਜਨ ਆਦਮੀ ਬੈਠੇ ਸਨ, ਉੱਥੇ ਉਸ ਨੇ ਕਿਸੇ ਨੂੰ ਇਹ ਕਹਿੰਦੇ ਸੁਣਿਆ ਕਿ ਇਜ਼ਰਾਇਲੀ ਫ਼ੌਜ ਵੱਲੋਂ ਪੂਰੇ ਸਮੂਹ ਉੱਪਰ 'ਨਵੀਂ ਤਕਨੀਕ' ਦੀ ਵਰਤੋਂ ਕੀਤੀ ਗਈ ਹੈ। 30 ਮਿੰਟਾਂ ਦੇ ਅੰਦਰ ਹੀ ਇਜ਼ਰਾਇਲੀ ਫ਼ੌਜੀਆਂ ਨੇ ਉਸ ਨੂੰ ਉਸ ਦਾ ਪੂਰਾ ਨਾਮ ਲੈ ਕੇ ਹਾਕ ਮਾਰੀ।

ਮੁਸਾਬ ਅਬੂ ਤੋਹਾ ਨੇ ਕਿਹਾ ਕਿ ਬਿਨਾਂ ਕੋਈ ਕਾਰਨ ਦੱਸੇ ਉਨ੍ਹਾਂ ਨੂੰ ਗਾਜ਼ਾ ਵਾਪਸ ਭੇਜੇ ਜਾਣ ਤੋਂ ਪਹਿਲਾਂ ਦੋ ਦਿਨ ਇਜ਼ਰਾਇਲੀ ਨਜ਼ਰਬੰਦੀ ਕੇਂਦਰ ਵਿਚ ਰੱਖ ਕੇ ਉਸ ਦੀ ਕੁੱਟਮਾਰ ਕੀਤੀ ਗਈ ਅਤੇ ਉਸ ਤੋਂ ਪੁੱਛਗਿੱਛ ਕੀਤੀ ਗਈ। ਉਸ ਨੇ 'ਦਿ ਨਿਊ ਯਾਰਕਰ' ਵਿਚ ਆਪਣੇ ਅਨੁਭਵ ਬਾਰੇ ਲਿਖਿਆ, ਜਿੱਥੇ ਉਹ ਲੇਖਕ ਵਜੋਂ ਲਿਖਦਾ ਹੈ। ਉਸ ਨੇ ਆਪਣੀ ਰਿਹਾਈ ਦਾ ਸਿਹਰਾ 'ਦਿ ਨਿਊ ਯਾਰਕਰ' ਅਤੇ ਹੋਰ ਪ੍ਰਕਾਸ਼ਨਾਵਾਂ ਦੇ ਪੱਤਰਕਾਰਾਂ ਦੁਆਰਾ ਚਲਾਈ ਮੁਹਿੰਮ ਨੂੰ ਦਿੱਤਾ।

ਉਸ ਦੀ ਰਿਹਾਈ ਤੋਂ ਬਾਅਦ ਇਜ਼ਰਾਇਲੀ ਫ਼ੌਜੀਆਂ ਨੇ ਉਸ ਨੂੰ ਦੱਸਿਆ ਕਿ ਉਸ ਦੀ ਇੰਟੈਰੋਗੇਸ਼ਨ 'ਗ਼ਲਤੀ' ਨਾਲ ਹੋਈ ਸੀ। ਉਸ ਸਮੇਂ ਇਜ਼ਰਾਇਲੀ ਫ਼ੌਜ ਨੇ ਆਪਣੇ ਬਿਆਨ ਵਿਚ ਕਿਹਾ ਕਿ ਮੁਸਾਬ ਅਬੂ ਤੋਹਾ ਨੂੰ ਪੁੱਛਗਿੱਛ ਲਈ ਲਿਜਾਇਆ ਗਿਆ ਸੀ ਕਿਉਂਕਿ "ਖ਼ੁਫ਼ੀਆ ਜਾਣਕਾਰੀ ਗਾਜ਼ਾ ਪੱਟੀ ਦੇ ਅੰਦਰ ਕਈ ਨਾਗਰਿਕਾਂ ਅਤੇ ਦਹਿਸ਼ਤਵਾਦੀ ਜਥੇਬੰਦੀਆਂ ਦਰਮਿਆਨ ਕਈ ਤਰ੍ਹਾਂ ਦੀ ਗੱਲਬਾਤ ਦਾ ਸੰਕੇਤ ਦੇ ਰਹੀ ਸੀ।"

ਮੁਸਾਬ ਅਬੂ ਤੋਹਾ ਜੋ ਹੁਣ ਆਪਣੇ ਪਰਿਵਾਰ ਨਾਲ ਕਾਹਿਰਾ (ਮਿਸਰ) ਵਿਚ ਹੈ, ਨੇ ਕਿਹਾ ਕਿ ਉਸ ਨੂੰ ਗਾਜ਼ਾ ਵਿਚ ਚਿਹਰੇ ਦੀ ਸ਼ਨਾਖ਼ਤ ਕਰਨ ਵਾਲੇ ਕਿਸੇ ਪ੍ਰੋਗਰਾਮ ਦੀ ਵਰਤੋਂ ਦਾ ਇਲਮ ਨਹੀਂ ਸੀ।

ਉਸ ਨੇ ਕਿਹਾ, "ਮੈਨੂੰ ਨਹੀਂ ਸੀ ਪਤਾ ਕਿ ਇਜ਼ਰਾਈਲ ਮੇਰੇ ਚਿਹਰੇ ਨੂੰ ਕੈਪਚਰ ਕਰ ਰਿਹਾ ਹੈ ਜਾਂ ਰਿਕਾਰਡ ਕਰ ਰਿਹਾ ਹੈ" ਪਰ ਇਜ਼ਰਾਈਲ "ਆਪਣੇ ਡਰੋਨਾਂ ਨਾਲ ਕਈ ਸਾਲਾਂ ਤੋਂ ਅਸਮਾਨ ਤੋਂ ਸਾਡੇ ਉੱਪਰ ਨਜ਼ਰ ਤਾਂ ਰੱਖ ਹੀ ਰਿਹਾ ਹੈ। ਉਹ ਸਾਨੂੰ ਬਾਗ਼ਬਾਨੀ ਕਰਦਿਆਂ, ਸਕੂਲ ਜਾਂਦਿਆਂ ਅਤੇ ਆਪਣੀਆਂ ਪਤਨੀਆਂ ਨੂੰ ਪਿਆਰ ਕਰਦਿਆਂ ਨੂੰ ਵੀ ਦੇਖ ਰਹੇ ਹੁੰਦੇ ਹਨ। ਇਉਂ ਮਹਿਸੂਸ ਹੁੰਦਾ ਹੈ ਜਿਵੇਂ ਮੇਰੇ ਉੱਪਰ ਬਹੁਤ ਲੰਮੇ ਸਮੇਂ ਤੋਂ ਨਿਗਰਾਨੀ ਰੱਖੀ ਜਾ ਰਹੀ ਹੋਵੇ।"

# Punjabi Cultural Society of Chicago

Celebrating 30 Years of Community Service

Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!

*To Celebrate Vaisakhi PCS Presents...*

## Rangla Punjab 2024!



**Saturday, April 20, 2024**
**6:00 PM Sharp**
**Copernicus Center**
**5216 W Lawrence Ave**
**Chicago, IL 60630**

**$125 (VIP Seats with Dinner)**
**$65 (Preferred Seats), $40 (General Seating)**

- Assigned Seats for all
- Limited Free Parking
- Children Under 5 yr Free (Need to be in Lap)

### SPONSORS & VENDORS ENCOURAGED

Please email: info@PCSChicago.org or call: (847) 359-5PCS


Scan me!

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

## PCS Board of Directors 2024



Dr. Vikram Singh Gill (Chairman); Manjeet S Bhalla (President); Navtej S. Sohi (Vice President); Parmjot S.Parmar (Executive Secretary); Bikram Singh Sohi (Sports Director); Gurlal S. Bhattal (Finance Director); Gurpreet Sidhu (Asst. Finance & IT Director); Jigerdeep Singh Dhillon (Inter Community Director); Paramvir Kaur (Youth Director); Tejveer S Soodan (Special Projects Director); Bhupinder S Dhaliwal (Past President); Nick Balwinder Singh (Past Chairman)

## PCS Board of Governors



Rajinder S. Mago; Mohinderjit S. Saini; Harwinder Paul S. Lail; Bhinder S. Pamma; Jasbir S. Palia; Balwinder S. Girn; Amarjit K. Atwal; Vick Singh


## PCS Board of Advisors



Parvinder Singh Nanua; Gurmit S. Dhillon; Surinder Palia

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ


## Punjabi Mela 2024 Sponsors



Darshan Singh Dhaliwal · Dr. Bhupinder Singh Saini · Narinder S. Grewal MD · Dr. Harjinder S. Khaira · Gulzar S Multani · Dr. Vikram Singh Gill · Nick Balwinder · Dr. Param Singh · Kevindeep Atwal · Jagmohan S. Begowal · Jatinder S. Khangura · Kamaljit Ghuman · Dr. Amrik Singh Sohi



Jaidev S. Bhattal · Jaskaran S. Dhaliwal · Balvinder S. Cheema · Dr. Shivam Patel · Jasdeep Sran · Parminder S. Goldi · Sarwan Singh Tiwana · Jasbir Suga · Amritpal Singh Mangat · Avtar Singh Bhaura · Pal Khalil · Brij Sharma




Lucky Sahota · Harkewal Singh Lally · Lakhbir S. Sandhu · Santokh Ghuman · Ajaib Singh Lakhan · Happy Heer · Narinder Singh Sran · Rajinder Dayal · Amolak Singh Gidda · Iqbal Singh Saini · Jagjit Singh Dhindsa · Parshan Singh Mann




Rajpreet Kaur Dhaliwal · Dr. Amrit Virk · Dalvir Kaur Parmar · Barinderjit Kaur · Davinder Singh Rangi · Swaran Singh Sekhon · Pali Dhaliwal · Ranbir Singh Dhaliwal · Jairam S. Kahlon · Dr. Hargurmukhpal Singh · Dr. Gurdial Singh Basran · Late S. Pritam Singh Nanua

### Sher-E-Punjab Sports & Cultural Club, Chicago



Baljit Tiwana · Jaswinder Gill · Deepinder Virk · Honey Khangura · Kamaljit Ghuman · Jindi Khangura · Jinder Benipal



Onkar S Sahota · Pindi Chhina · Goldy Lally · Harjinder Samra · Manjit Singh · Manmohan S. Bhathal · Navjot Singh



Harbhajan Singh Kalyanpur · Jassi Dhaliwal · Manjit S. Dhanoa



Ronnie Singh · Harjinder S. Kahlon · Jorawar Singh Jarria












### Sher-E-Punjab Sports Club, Chicago (Midwest)



Deepa Bandesha · Amardev S. Bandesha · Parminder S. Walia · Darshan Pamma · Amritpal Gill · Balwinder Chatha · Lakhwinder Singh · Amarjit Bandesha · Manjinder Singh










### Punjab Sports Club, Chicago



Santokh S. Ghuman · Lucky Sahota · Ajaib Singh Lakhan · Happy Heer · Dr. Harjinder Khaira · Narinder Singh Sran · Jaskaran S. Dhaliwal · Rajinder Dayal · Harwinder Billa · Hardeep Gill · Parminder Saimbi · Jaspal Midha


















# ਸੰਗੀਤ ਅਤੇ ਨਾਟਕ ਦੀ ਜੁਗਲਬੰਦੀ




ਰੰਗਕਰਮੀ ਅੱਨਾ ਸਾਹਿਬ ਕਿਰਲੋਸਕਰ ਅਤੇ ਉਨ੍ਹਾਂ ਦੇ ਨਾਟਕ 'ਸੰਗੀਤ ਸ਼ਾਕੁੰਤਲ' ਦੀ ਝਲਕ।

## ਕਲਾ ਪਰਿਕਰਮਾ

**ਕਮਲੇਸ਼ ਉੱਪਲ**
**ਫੋਨ: +91-98149-02564**

ਮਹਾਰਾਸ਼ਟਰ ਭਾਰਤ ਦਾ ਅਜਿਹਾ ਰਾਜ ਹੈ ਜਿਥੇ ਨਾਟਕ ਅਤੇ ਸੰਗੀਤ ਦਾ ਸਬੰਧ ਇਸ ਤਰ੍ਹਾਂ ਦਾ ਰਿਹਾ ਹੈ ਕਿ ਦੋਵੇਂ ਇਕ ਦੂਜੇ ਦੇ ਕਲਾਤਮਿਕ ਪੂਰਕ ਹਨ। ਨਾਟਕ ਵਿਚ ਵਰਤੇ ਜਾਂਦੇ ਸੰਗੀਤ ਨੂੰ ਨਾਟਯ ਸੰਗੀਤ ਅਰਥਾਤ ਗਾਇਕੀ ਦੀ ਵਖਰੀ ਵਿਧਾ ਦਾ ਦਰਜਾ ਦਿਵਾਉਣ ਲਈ ਮਰਾਠੀ ਨਾਟ-ਕਰਮੀਆਂ ਨੇ ਅਨੋਖੇ ਜੋਸ਼ ਅਤੇ ਉਮੰਗ ਨਾਲ ਨਾਟਕਾਂ ਵਿਚ ਸੰਗੀਤ ਦੀ ਵਰਤੋਂ ਕੀਤੀ। ਮਰਾਠਿਆਂ ਦੇ ਸਭਿਆਚਾਰਕ ਜੀਵਨ ਵਿਚ ਹਿੰਦੋਸਤਾਨੀ ਸੰਗੀਤ ਪਰੰਪਰਾ ਇਤਨਾ ਉੱਚਾ ਦਰਜਾ ਰੱਖਦੀ ਸੀ ਕਿ ਉਹ ਸੰਗੀਤ ਦੀ ਸ਼ਮੂਲੀਅਤ ਤੋਂ ਬਿਨਾਂ ਕਿਸੇ ਕਰਤਬੀ ਕਲਾ ਦਾ ਕਿਆਸ ਹੀ ਨਹੀਂ ਸਨ ਕਰ ਸਕਦੇ।

ਮਰਾਠਿਆਂ ਨੂੰ ਆਪਣੇ ਪੇਸ਼ੇਵਰ ਨਾਟਕਾਂ ਵਿਚ ਸੰਗੀਤ ਦੀ ਅਹਿਮੀਅਤ ਬਣਾਉਣ ਦੀ ਪ੍ਰੇਰਨਾ ਕਿਵੇਂ ਮਿਲੀ, ਇਹ ਸੰਜੋਗ ਦੀ ਗੱਲ ਹੈ। 19ਵੀ ਸਦੀ ਦੇ ਅੰਤਲੇ ਦਹਾਕਿਆਂ ਦਾ ਸਮਾਂ ਸੀ ਜਦੋਂ ਪ੍ਰਸਿੱਧ ਰੰਗਕਰਮੀ ਅੱਨਾ ਸਾਹਿਬ ਕਿਰਲੋਸਕਰ ਕੋਈ ਨਾਟਕ ਦੇਖਣ ਗਏ ਪਰ ਉਥੇ ਉਨ੍ਹਾਂ ਨੂੰ ਥਾਂ ਨਹੀਂ ਮਿਲੀ। ਉਹ ਕਿਸੇ ਦੂਜੇ ਨਾਟਘਰ ਚਲੇ ਗਏ ਜਿਥੇ ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਦਾ ਨਾਟਕ 'ਇੰਦਰ ਸਭਾ' ਖੇਡਿਆ ਜਾ ਰਿਹਾ ਸੀ। ਇਹ ਨਾਟਕ ਦੇਖ ਕੇ ਅੱਨਾ ਸਾਹਿਬ ਨੂੰ ਖ਼ਿਆਲ ਆਇਆ ਕਿ ਕਿਉਂ ਨਾ ਮਰਾਠੀ ਵਿਚ ਵੀ ਅਜਿਹੇ ਸੰਗੀਤ ਭਰਪੂਰ ਨਾਟਕ ਖੇਡੇ ਜਾਣ? ਉਨ੍ਹਾਂ ਉਸੇ ਰਾਤ ਨਾਟਕ 'ਸੰਗੀਤ ਸ਼ਾਕੁੰਤਲ' ਦੀ ਰਚਨਾ ਸ਼ੁਰੂ ਕਰ ਦਿੱਤੀ ਅਤੇ ਪੰਜ ਅੰਕੇ ਨਾਟਕ ਦਾ ਇਕ ਅੰਕ ਇਕੋ ਬੈਠਕ ਵਿਚ ਲਿਖ ਮਾਰਿਆ; ਇਸ ਵਿਚ 250 ਗੀਤ ਪਾ ਦਿੱਤੇ। ਗੱਦ ਅਤੇ ਪਦ ਦੇ ਮਿਲੇ-ਜੁਲੇ ਰੂਪ ਵਾਲਾ ਇਹ ਨਾਟਕ 31 ਅਕਤੂਬਰ 1880 ਨੂੰ ਆਨੰਦ ਉਦਭਵ ਨਾਟ-ਘਰ ਵਿਚ ਖੇਡਿਆ ਗਿਆ। ਮਰਾਠੀ ਨਾਟਕਾਂ ਵਿਚ ਗਾਣਿਆਂ ਦੀ ਬਹੁਤਾਤ ਨਾਟਕਾਂ ਦਾ ਅਭਿੰਨ ਅੰਗ ਬਣ ਜਾਂਦੀ ਸੀ। ਵਾਰਤਕ ਵਿਚ ਸੰਵਾਦ ਭਾਵੇਂ ਨਾਟਕ ਨੂੰ ਅੱਗੇ ਤੋਰਦੇ ਸਨ ਪਰ ਗਾਣੇ ਵੀ ਹਾਲਾਤ ਨਾਲ ਇੰਝ ਜੁੜੇ ਹੁੰਦੇ ਸਨ ਕਿ ਉਹ ਨਾਟਕ ਦੀ ਹੋਂਦ ਦਾ ਲਾਜ਼ਮੀ ਅੰਗ ਬਣ ਜਾਂਦੇ ਸਨ। ਇਨ੍ਹਾਂ ਨਾਟਕਾਂ ਦੀ ਅਉਧ ਘੱਟੋ-ਘਟ ਛੇ-ਸੱਤ ਘੰਟੇ ਬਣ ਜਾਂਦੀ ਸੀ ਤੇ ਕਈ ਵਾਰੀ ਅੱਠ-ਨੌਂ ਘੰਟੇ ਵੀ ਲੈ ਜਾਂਦੀ। ਨਾਟਕੀ ਪ੍ਰਦਰਸ਼ਨ ਸ਼ਾਮ ਤੋਂ ਤੜਕੇ ਸਵੇਰ ਤਕ ਚਲਦਾ। 'ਸੰਗੀਤ ਸ਼ਾਕੁੰਤਲ' ਦਰਸ਼ਕਾਂ ਲਈ ਅਸਲੋਂ ਨਵਾਂ ਤਜਰਬਾ ਹੋ ਨਿੱਬੜਿਆ ਤੇ ਬਹੁਤ ਪਸੰਦ ਕੀਤਾ ਗਿਆ। ਫਿਰ ਅਜਿਹੇ ਸੰਗੀਤ ਭਰਪੂਰ ਨਾਟਕਾਂ ਦਾ ਰੁਝਾਨ ਬਣ ਗਿਆ। ਇਉਂ ਮਰਾਠੀ ਨਾਟਕਾਂ ਵਿਚ ਸੰਗੀਤ ਦੀ ਵਰਤੋਂ ਹੋਣ ਲੱਗੀ। ਸਾਂਗਲੀ ਵਿਚ 1843 ਵਿਚ ਪਹਿਲਾਂ-ਪਹਿਲ ਖੇਡੇ ਨਾਟਕ 'ਸੀਤਾ ਸਵਯੰਬਰ' ਵਿਚ ਵੀ ਸੰਗੀਤ ਦੀ ਵਰਤੋਂ ਹੋਈ ਸੀ। ਨਾਟਕ ਵਿਚ ਸੂਤਰਧਾਰ, ਗਾਇਕੀ ਦੇ ਨਾਲ-ਨਾਲ ਸੰਵਾਦ ਬੋਲਣ ਦਾ ਕੰਮ ਵੀ ਕਰਦਾ ਸੀ ਅਤੇ ਪਾਤਰ ਸਿਰਫ਼ ਮੂਕ ਅਭਿਨੈ ਕਰਦੇ ਸਨ ਪਰ 'ਸੰਗੀਤ ਸ਼ਾਕੁੰਤਲ' ਵਿਚ ਪਾਤਰ ਸੰਵਾਦ ਬੋਲਦੇ ਅਤੇ ਗਾਣੇ ਵੀ ਗਾਉਂਦੇ ਸਨ। ਮਰਾਠੀ ਨਾਟਕ ਸ਼ੁਰੂ-ਸ਼ੁਰੂ ਵਿਚ ਮਹਾਰਾਸ਼ਟਰ ਦੀ ਪ੍ਰਚਲਤ ਹਰੀਦਾਸੀ ਕੀਰਤਨ ਪਰੰਪਰਾ 'ਤੇ ਆਧਾਰਿਤ ਸੀ ਜਿਸ ਵਿਚ ਇਕ ਹੀ ਕੀਰਤਨਕਾਰ ਗੀਤ ਗਾਉਂਦਾ ਅਤੇ ਸਾਰਿਆਂ ਦੇ ਸੰਵਾਦ ਬੋਲ ਦਿੰਦਾ। ਇਸ ਲਈ ਅਸਲੀ ਮਰਾਠੀ ਨਾਟਯ ਸੰਗੀਤ ਵਾਲੇ ਨਾਟਕ ਦੀ ਸ਼ੁਰੂਆਤ ਅੱਨਾ ਸਾਹਿਬ ਦੇ 'ਸੰਗੀਤ ਸ਼ਾਕੁੰਤਲ' ਤੋਂ ਮੰਨੀ ਗਈ ਹੈ।

ਸੰਗੀਤ ਦੀ ਸਰਦਾਰੀ ਵਾਲੇ ਨਾਟਕਾਂ ਦੀ ਲੜੀ ਵਿਚ ਅਗਲਾ ਪ੍ਰਮੁਖ ਨਾਟਕ 'ਸੰਗੀਤ ਸੌਭਦ੍ਰ' ਸੀ। ਇਸ ਵਿਚ 150 ਗਾਣੇ ਸਨ ਜੋ ਮਗਰੋਂ ਘਟਾ ਦਿੱਤੇ ਗਏ। ਕਈ ਵਾਰ ਅਜਿਹਾ ਵੀ ਹੁੰਦਾ ਸੀ ਕਿ ਦ੍ਰਿਸ਼ ਬਦਲਣ ਦਾ ਵਕਫ਼ਾ ਪੂਰਨ ਲਈ ਚੰਗੇ ਗਲੇ ਵਾਲਾ ਅਭਿਨੇਤਾ ਦ੍ਰਿਸ਼ ਬਦਲੀ ਦੌਰਾਨ ਕੋਈ ਗੀਤ ਸ਼ੁਰੂ ਕਰ ਦਿੰਦਾ ਸੀ। ਇਸ ਬਾਰੇ ਰੋਚਕ ਪ੍ਰਸੰਗ ਵਰਨਣਯੋਗ ਹੈ। ਇਕ ਨਾਟਕ ਵਿਚ ਸੂਤਰਧਾਰ ਦੇ ਪ੍ਰਵੇਸ਼ ਗੀਤ ਲਈ ਕਿਸੇ ਉਤਮ ਮਰਾਠੀ ਸੰਗੀਤਕਾਰ ਨੂੰ ਬੁਲਾ ਲਿਆ ਗਿਆ। ਉਸ ਨੂੰ ਪਹਿਲਾਂ ਤਾਂ ਨਾਟ ਸੰਗੀਤ ਦੀ ਲੋੜ ਅਨੁਸਾਰ ਖੜ੍ਹੇ ਹੋ ਕੇ ਗਾਉਣ ਵਿਚ ਔਖ ਹੋਈ। ਉਸ ਨੇ ਦਰਸ਼ਕਾਂ ਅਤੇ ਪ੍ਰਬੰਧਕਾਂ ਤੋਂ ਬੈਠ ਕੇ ਗਾਉਣ ਦੀ ਪ੍ਰਵਾਨਗੀ ਲੈ ਲਈ। ਉਹਨੇ ਗਾਇਕੀ ਦਾ ਉਹ ਰੰਗ ਜਮਾਇਆ ਕਿ ਰਾਤ ਨੌਂ ਵਜੇ ਤੋਂ ਸ਼ੁਰੂ ਹੋਇਆ ਪ੍ਰੋਗਰਾਮ ਤੜਕੇ ਤਿੰਨ ਵਜੇ ਤਕ ਚਲਦਾ ਰਿਹਾ। ਨਾ ਪ੍ਰਬੰਧਕ ਹਿੱਲੇ ਨਾ ਸਰੋਤੇ। ਅਖੀਰ ਉਸ ਮਹਾਨ ਗਾਇਕ ਨੂੰ ਖ਼ਿਆਲ ਆਇਆ- ਉਹੋ! ਇਹ ਤਾਂ ਨਾਟਕ ਦਾ ਸੰਗੀਤ ਹੈ! ਤਦ ਕਿਧਰੇ ਉਸ ਨੇ ਪ੍ਰੋਗਰਾਮ ਸਮਾਪਤ ਕੀਤਾ। ਪ੍ਰਬੰਧਕਾਂ ਨੇ ਐਲਾਨ ਕਰ ਦਿੱਤਾ ਕਿ ਸੰਗੀਤ ਨੇ ਅੱਜ ਜੋ ਤ੍ਰਿਪਤੀ ਕਰਾਈ ਹੈ, ਉਹੀ ਕਾਫ਼ੀ ਹੈ, ਨਾਟਕ ਦਾ ਬਾਕੀ ਹਿੱਸਾ ਕੱਲ੍ਹ ਦਿਖਾਵਾਂਗੇ।




ਅੱਨਾ ਸਾਹਿਬ ਕਿਰਲੋਸਕਰ ਦੇ ਇਕ ਹੋਰ ਨਾਟਕ 'ਸੰਗੀਤ ਸੌਭਦ੍ਰ' ਦਾ ਪੋਸਟਰ।

ਅਗਲਾ ਸੰਗੀਤਕ ਨਾਟਕ ਵੱਲਾਰ ਦੇਵਲ ਜੀ ਦਾ 'ਮ੍ਰਿੱਛਕਟਿਕ' ਨਾਂ ਦਾ ਨਾਟਕ ਹੈ ਜਿਸ ਵਿਚ ਵਸੰਤਸੇਨਾ ਅਤੇ ਚਾਰੂਦੱਤ ਦੀ ਪ੍ਰੇਮ ਕਥਾ ਹੈ। ਇਹ ਨਾਟਕ 1890 ਵਿਚ ਖੇਡਿਆ ਗਿਆ। ਫਿਰ 'ਸੰਗੀਤ ਸ਼ਾਰਦਾ' ਨਾਂ ਹੇਠ ਪਹਿਲਾ ਸਮਾਜਿਕ ਸੰਗੀਤ ਨਾਟਕ ਦਿਖਾਇਆ ਗਿਆ। ਇਨ੍ਹਾਂ ਨਾਟਕਾਂ ਦੇ ਰਚੈਤਾ ਦੇਵਲ ਜੀ, ਅੱਨਾ ਸਾਹਿਬ ਕਿਰਲੋਸਕਰ ਦੇ ਸ਼ਿੱਸ਼ ਸਨ। ਇਸ 'ਸੰਗੀਤ ਸ਼ਾਰਦਾ' ਨਾਟਕ ਵਿਚ ਸ਼ਾਰਦਾ ਨਾਂ ਦੀ ਬਾਲੜੀ ਦੇ ਇਕ ਬੁੱਢੇ ਨਾਲ ਵਿਆਹ ਦੇ ਪ੍ਰਸੰਗ ਦੀਆਂ ਘਟਨਾਵਾਂ ਬੁਣੀਆਂ ਹਨ ਅਤੇ ਇਸ ਵਿਚ ਮਾਰਮਿਕ ਗੀਤ ਸੰਜੋਏ ਗਏ।


ਦੇਵਲ ਜੀ ਦੇ ਨਾਟਕਾਂ 'ਸੰਗੀਤ ਸੌਭਦ੍ਰ' ਅਤੇ 'ਸੰਗੀਤ ਸ਼ਾਰਦਾ' ਵਿਚ ਨਾਇਕਾਵਾਂ ਦੀਆਂ ਭੂਮਿਕਾਵਾਂ ਬਾਲ ਗੰਧਰਵ ਨੇ ਨਿਭਾਈਆਂ ਜੋ ਇਸਤਰੀ ਪਾਤਰ ਨਿਭਾਉਣ ਵਿਚ ਅਜਿਹਾ ਮਾਹਿਰ ਸੀ ਕਿ ਜਿਸ ਨੇ ਮਰਾਠੀ ਨਾਟਕ ਦੇ ਇਤਿਹਾਸ ਵਿਚ ਮਿਥਿਹਾਸਕ ਦਰਜਾ ਹਾਸਲ ਕਰ ਲਿਆ ਹੈ। ਉਨ੍ਹੀਂ ਦਿਨੀਂ ਨਾਟਕਾਂ ਵਿਚ ਇਸਤਰੀ ਭੂਮਿਕਾ ਨੌਜਵਾਨ ਪੁਰਸ਼ ਕਲਾਕਾਰ ਹੀ ਖੇਡਦੇ ਸਨ। 1911 ਵਿਚ ਕਾਕਾ ਸਾਹਿਬ ਖਾਡਿਲਕਰ ਨੇ ਨਾਟਕ 'ਮਾਨਾਪਮਾਨ' ਰਚਿਆ। ਇਸ ਨਾਟਕ ਤੋਂ ਸੰਗੀਤ ਨਾਟਕਾਂ ਦਾ ਸੰਗੀਤ ਨਿਰਦੇਸ਼ਕ ਵੱਖਰਾ ਅਤੇ ਨਾਟ ਨਿਰਦੇਸ਼ਕ ਵੱਖਰਾ ਰੱਖਣ ਦੀ ਪਰੰਪਰਾ ਸ਼ੁਰੂ ਹੋ ਗਈ। ਹੌਲੀ-ਹੌਲੀ ਨਾਟ ਸੰਗੀਤ ਨਿਵੇਕਲਾ ਰੂਪ ਅਖ਼ਤਿਆਰ ਕਰਦਾ ਗਿਆ। ਫਿਰ ਪੇਸ਼ ਹੋਇਆ ਨਾਟਕ 'ਸੰਸ਼ਯ ਕਲੋਲ' ਜਿਸ ਵਿਚ ਨਾਇਕਾ ਦੀ ਭੂਮਿਕਾ ਕਈ ਸਾਲਾਂ ਤੱਕ ਬਾਲ ਗੰਧਰਵ ਨੇ ਖੇਡੀ ਭਾਵੇਂ ਮਗਰੋਂ ਹੋਰ ਵੀ ਕਈ ਐਕਟਰ ਇਸ ਪਾਤਰ ਨੂੰ ਖੇਡਦੇ ਰਹੇ।

ਨਾਟਕਕਾਰ ਕੋਲਹਟਕਰ ਦੀ ਆਮਦ ਨਾਲ ਸੰਗੀਤ ਨਾਟਕਾਂ ਦੀਆਂ ਪੇਸ਼ਕਾਰੀਆਂ ਵਿਚ ਇਕ ਹੋਰ ਪਰਿਵਰਤਨ ਆਇਆ। ਉਨ੍ਹਾਂ ਨਾਟਕ ਵਿਚੋਂ ਸੂਤਰਧਾਰ, ਨਟੀ ਤੇ ਨਾਂਦੀ ਖਾਰਜ ਕਰ ਦਿਤੇ; ਨਾਟਕ ਕਥਾਨਕ ਤੋਂ ਸ਼ੁਰੂ ਹੋਣ ਲੱਗਾ। ਉਨ੍ਹਾਂ ਦੇ ਨਾਟਕ ਗੰਭੀਰ, ਔਖੀ ਜ਼ਬਾਨ ਵਾਲੇ ਅਤੇ ਗਾਣੇ ਉਰਦੂ ਰੰਗਤ ਵਾਲੇ ਸਨ। ਰਾਮਗਣੇਸ਼ ਗਡਕਰੀ ਭਾਸ਼ਾ ਸ਼ਾਸਤਰੀ ਨਾਟਕਕਾਰ ਸੀ ਜਿਸ ਦਾ ਨਾਟਕ 'ਏਕਚ ਪਿਆਲਾ' 20 ਫਰਵਰੀ 1918 ਨੂੰ ਪਹਿਲੀ ਵਾਰੀ ਮੰਚਿਤ ਹੋਇਆ। ਇਹ ਸ਼ਰਾਬ ਦੇ ਬੁਰੇ ਨਤੀਜਿਆਂ ਬਾਰੇ ਹੈ। ਇਥੋਂ ਮਰਾਠੀ ਨਾਟਕਾਂ ਵਿਚ ਪੂਰਨ ਯਥਾਰਥਵਾਦ ਦੀ ਆਮਦ ਹੋ ਜਾਂਦੀ ਹੈ। ਸੰਗੀਤ ਨਾਟਕਾਂ ਦੇ ਗਲੈਮਰ ਦੀ ਥਾਂ ਹੁਣ ਅਸਲੀਅਤ ਦੇ ਦ੍ਰਿਸ਼ ਚਿਤਰਨ ਨੇ ਲੈ ਲਈ, ਭਾਵੇਂ ਲੋੜ ਅਨੁਸਾਰ ਸੰਗੀਤ ਦੀ ਵਰਤੋਂ ਹੁੰਦੀ ਰਹੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਅਪਰੈਲ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-633



**ਛੜੱਪ ਛੜੱਪ ਹੈ ਘੋੜਾ ਭੱਜਦਾ, ਕੱਚੇ ਪੱਕੇ ਰਾਹਾਂ ਦੀ ਸਵਾਰੀ,
ਬਹੁਤੇ ਸ਼ੌਕੀਨ ਹੁੰਦੇ ਸੀ ਚੋਬਰ, ਜੋ ਯੱਕੇ ਦੀ ਕਰਦੇ ਅਸਵਾਰੀ।
ਸ਼ਾਇਦ ਚਲੇ ਵਿਆਹ ਸ਼ਾਦੀ 'ਤੇ, ਸ਼ਮਲੇ ਤੁਰਲੇ ਛੱਡ ਕੇ ਭਾਈ,
ਘੋੜੇ ਦੇ ਪੈਰੀਂ ਘੁੰਗਰੂ ਪਾਏ ਨੇ, ਛਣ ਛਣ ਟੱਪ ਟੱਪ ਹੈ ਲਾਈ।**

### ਕੈਪਸ਼ਨ ਮੁਕਾਬਲਾ-631



ਉੱਚੀ ਅੱਡੀ ਦੇ ਪਾ ਕੇ ਸੈਂਡਲ
ਖੰਭ ਉੱਪਰ ਪਰਸ ਲਟਕਾਇਆ।
ਨਾਲ਼ ਮੜ੍ਹਕ ਦੇ ਤੁਰਿਆ ਜਾਵੇ
ਗਰਦਣ ਨੂੰ ਅਕੜਾਇਆ।
ਲੋਕੀਂ ਵੇਖਣ ਨਾਲ਼ ਹੈਰਾਨੀ
ਕੈਸਾ ਇਹ ਤਮਾਸ਼ਾ ਲਾਇਆ?
*-ਜਗਮੀਤ ਸਿੰਘ ਪੰਧੇਰ
ਕਲਾਹੜ, (ਲੁਧਿਆਣਾ)*

---

ਵਾਂਗ ਨੱਢੀ ਦੇ ਸੈਂਡਲ ਪਾ ਕੇ,
ਪਰਸ ਖੰਭੀਂ ਹੈ ਟੰਗਿਆ,
ਮੁਰਗੀ ਦੀ ਥਾਂ ਕੁੱਕੜ ਨੂੰ ਹੀ,
ਕੋ਼ਲ ਟਾਵਰ ਬੇ-ਢੰਗਿਆ।
ਸਾਨੂੰ ਕੁੱਝ ਸਮਝ ਨ ਆਉਂਦੀ,
ਕੀ ਹੁਣ ਆਖ ਬੁਲਾਵਾਂ,
ਨਰ ਆਖਾਂ ਜਾਂ ਨਾਰੀ ਕਹਿ ਕੇ,
ਖੁਸ਼ ਹੋ ਕੇ ਤਾੜੀ ਲਾਵਾਂ।
*-ਸੇਵਾ ਸਿੰਘ "ਨੂਰਪੁਰੀ "*

---

ਪਰਸ ਲਟਕਾ ਕੇ ਗਲੇ ਵਿਚ
ਕੁੱਕੜ ਤੋਂ ਕੁੱਕੜੀ ਬਣਾ ਤੀ।
ਸਿਰ 'ਤੇ ਤਾਜ ਸਜਾ ਕੇ ਮਹਾਰਾਣੀ
ਈਫਲ ਟਾਵਰ ਮੂਹਰੇ ਖੜ੍ਹਾਤੀ।
ਰਾਣੀ ਇੰਗਲੈਂਡ ਦੀ
ਪੈਰਿਸ ਦੀ ਸੈਰ ਕਰਾਤੀ।
ਪੈਰੀਂ ਭਾਰਤੀ ਸੈਂਡਲ ਪਵਾ ਕੇ
ਜ਼ੈਬਰਾ ਕਰੋਸਿੰਗ 'ਤੇ ਤੁਰਦੀ ਦਿਖਾਤੀ।
ਸਦੀ ਪਹਿਲਾਂ ਗੋਰਿਆਂ ਕੀਤਾ ਸਾਕਾ
ਜਲ੍ਹਿਆਂ ਵਾਲੇ ਦੀ ਯਾਦ ਦਿਵਾਤੀ
*-ਅਮਰਜੀਤ ਸਿੰਘ ਤੂਰ
ਪਿੰਡ: ਕੁਲਬੁਰਛਾਂ (ਪਟਿਆਲਾ)*

---

ਚੜ੍ਹੀ ਇੱਕੀਵੀਂ ਸਦੀ ਦੀ
ਤੈਨੂੰ ਲੋਰ ਸੋਹਣਿਆ
ਬਾਂਗ ਦੇਣੀ ਭੁੱਲ ਕੇ
ਕੱਢੀ ਵੱਖਰੀ ਤੂੰ ਟੌਹਰ ਸੋਹਣਿਆਂ
ਲਾ ਕੇ ਸ਼ਨੈਲ ਬਦਲੀ ਤੂ
ਦੇਖ ਕਿੱਦਾਂ ਤੋਰ ਸੋਹਣਿਆਂ।
ਸ਼ਿਕਾਗੋ ਵਿਚ ਘੁੰਮੇਂ ਉਚੀ ਅੱਡੀ ਪਾ ਕੇ
ਪਿੱਛੇ ਛੱਡ ਦਿੱਤੇ ਆ ਤੂੰ ਭੌਰ ਸੋਹਣਿਆਂ।
*-ਚਰਨਜੀਤ ਕੌਰ*

---

ਉਲਟ ਸੈਕਸ ਦਿਖਾਵਾ
ਇਕ ਰੁਝਾਨ ਹੀ ਹੈ ਚਲ ਪਿਆ
ਲਿੰਗ ਹੈ ਕਿ ਪੁਲਿੰਗ
ਯਕੀਨ ਕਰਨ ਵਾਲਾ
ਯਕੀਨ ਕਰ ਜਾਂਦਾ
ਰਹਿ ਜਾਂਦੇ ਬਾਕੀ ਸਿਰ ਖੁਰਕਦੇ
ਪਾਉਂਦੇ ਜੋ ਭੁਲੇਖਾ
ਜਾਗਦਿਆਂ ਨੂੰ ਪਾਉਂਦੀ
ਪਾ ਹੀ ਜਾਂਦਾ।
*-ਦਰਸ਼ਨ ਪਾਲ ਦੋਸਾਂਝ*

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746**




# ਖਾਲਸਾ ਸਾਜਨਾ ਦਿਵਸ ਦੀ ਸਮੂਹ ਸੰਗਤ ਨੂੰ ਕੋਟਾਨਿ-ਕੋਟਿ ਵਧਾਈ

## ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸੇਵਾਦਾਰ


ਸੁਖਵਿੰਦਰ ਸਿੰਘ ਘੱਗਰ


ਜੱਗੀ ਸਿੰਘ ਘੋਤੜਾ


ਜਰਨੈਲ ਸਿੰਘ ਮਿਆਣੀ


ਪਰਮਿੰਦਰ ਸਿੰਘ ਗੋਲਡੀ


ਦਵਿੰਦਰ ਸਿੰਘ ਬਿੰਦ


ਨਰਿੰਦਰਪਾਲ ਸਿੰਘ ਸਲੇਮਪੁਰ


ਅਰਵਿੰਦਰ ਸਿੰਘ ਬੂਟਾ



ਹਰਜਿੰਦਰ ਸਿੰਘ ਜਿੰਦੀ


ਭੁਪਿੰਦਰ ਸਿੰਘ ਟਿੱਕਾ


ਰਨਦੀਪ ਪਾਲ ਸਿੰਘ ਰਿੰਕੂ


ਕੁਲਜੀਤ ਸਿੰਘ ਗਿਲਜੀਆਂ


ਸਤਪਾਲ ਸਿੰਘ ਪਹਿਲਵਾਨ


ਗੁਰਿੰਦਰ ਸਿੰਘ ਗਿਲਜੀਆਂ

**ਵਲੋਂ: ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ, ਮਿਲਵਾਕੀ (ਵਿਸਕਾਨਸਿਨ)**

For more info.: guruladhore@gmail.com

# ਕੀ ਗੈਂਗਸਟਰਾਂ ਦੇ ਦਿਲਾਂ 'ਚ ਵੀ ਸੁੱਚਾ ਜਜ਼ਬਾ ਨਹੀਂ ਹੋ ਸਕਦਾ?

## *ਪੰਜਾਬ ਵਿਚ ਸਿੱਖ ਗੱਭਰੂ ਹੀ ਕਿਉਂ ਜਾਂਦੇ ਹਨ ਕੰਡਿਆਲੇ ਰਾਹਾਂ ਵੱਲ?*

**ਗੈਂਗਸਟਰ ਤੋਂ ਸਿਆਸਤਦਾਨ ਬਣੇ ਜਾਂ ਗੈਂਗਸਟਰ ਵੀ ਅਤੇ ਸਿਆਸਤਦਾਨ ਵੀ:** ਮੁਖਤਾਰ ਅੰਸਾਰੀ ਦੀ ਮੌਤ ਦੀ ਘਟਨਾ ਨੇ ਗੈਂਗਸਟਰਾਂ ਦੀ ਦੁਨੀਆਂ ਨੂੰ ਵੇਖਣ, ਸਮਝਣ ਅਤੇ ਮਹਿਸੂਸ ਕਰਨ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਦੇ ਦਿਲਾਂ ਅੰਦਰ ਅਤੇ ਦਿਮਾਗਾਂ ਅੰਦਰ ਇਕ ਡੂੰਘੀ ਝਾਤ ਮਾਰਨ ਦਾ ਮੌਕਾ ਦਿੱਤਾ ਹੈ। ਵੈਸੇ ਸ਼ੁਕਰਵਾਰ ਵਾਲੇ ਦਿਨ ਮੁਲਕ ਦੇ ਸਾਰੇ ਚੈਨਲ ਇੱਕ ਆਵਾਜ਼ ਵਿਚ ਜਿਵੇਂ ਇਹ ਸਾਂਝਾ ਐਲਾਨ ਅਤੇ ਖ਼ੁਸ਼ੀ ਪ੍ਰਗਟ ਕਰ ਰਹੇ ਸਨ ਕਿ ਚੰਗਾ ਹੋਇਆ ਉਹ ਮਰ ਗਿਆ। ਪਰ ਕੋਈ ਵੀ ਚੈਨਲ ਇਥੋਂ ਤੱਕ ਕਿ ਸ਼ਨਿਚਰਵਾਰ ਦੇ ਅੰਗਰੇਜ਼ੀ ਅਤੇ ਪੰਜਾਬੀ ਅਖ਼ਬਾਰ ਵੀ ਇਸ ਸਵਾਲ ਤੋਂ ਪਰਦਾ ਨਹੀਂ ਸੀ ਚੁੱਕ ਰਹੇ ਕਿ ਆਖਰਕਾਰ ਕੋਈ ਗੈਂਗਸਟਰ ਕਿਉਂ ਬਣਦਾ ਹੈ? ਗੈਂਗਸਟਰ ਦੀ ਦੁਨੀਆਂ ਕਿਸ ਤਰ੍ਹਾਂ




**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**
**ਫੋਨ: +91-99150-91063**


ਦੀ ਹੁੰਦੀ ਹੈ? ਕੀ ਉਨ੍ਹਾਂ ਦੇ ਅੰਦਰ ਵੀ ਦਿਲ ਹੁੰਦਾ ਹੈ? ਦੁਨੀਆਂ ਉਨ੍ਹਾਂ ਨੂੰ ਕਿਵੇਂ ਸਮਝਦੀ ਹੈ ਅਤੇ ਉਹ ਖੁਦ ਦੁਨੀਆਂ ਬਾਰੇ ਕਿਵੇਂ ਸੋਚਦੇ ਹਨ? ਚੜ੍ਹਦੀ ਜਵਾਨੀ ਵਾਲੇ ਗੱਭਰੂ ਕਿਹੜੀ ਗੱਲ ਕਰਕੇ ਗੈਂਗਸਟਰਾਂ ਨੂੰ ਪਿਆਰ ਕਰਨ ਲੱਗ ਜਾਂਦੇ ਹਨ? ਉਹ ਸਾਰੇ ਕੰਮ ਛੱਡ ਕੇ ਵੀ ਗਾਡ ਫਾਦਰ ਅਤੇ ਗਾਡ ਫੈਲਾਜ ਵਰਗੀਆਂ ਫਿਲਮਾਂ ਨੂੰ ਵੇਖਣ ਲਈ ਕਿਉਂ ਉਤਾਵਲੇ ਹੋ ਜਾਂਦੇ ਹਨ?

ਪੰਜਾਬ ਦੇ ਮੁੰਡਿਆਂ ਵਿਚ ਗੈਂਗਸਟਰ ਬਣਨ ਦੀ ਖਿੱਚ ਹੋਰਨਾਂ ਨਾਲੋਂ ਸਭ ਤੋਂ ਵੱਧ ਕਿਉਂ ਹੁੰਦੀ ਹੈ? ਕੀ ਇਹੋ ਇਕੋ ਇਕ ਕਾਰਨ ਹੈ ਕਿ ਬੇਰੁਜ਼ਗਾਰੀ ਉਨ੍ਹਾਂ ਨੂੰ ਉਸ ਸੰਸਾਰ ਵਲ ਧੱਕਦੀ ਹੈ ਜਾਂ ਉਨ੍ਹਾਂ ਦੇ ਧੁਰ ਅੰਦਰ ਨਾਇਕ ਜਾਂ ਹੀਰੋ ਬਣਨ ਦੀ ਰੀਝ ਹੁੰਦੀ ਹੈ? ਜਾਂ ਜ਼ਮੀਨ ਜਾਇਦਾਦ ਦੇ ਮਾਮਲਿਆਂ ਵਿਚ ਹੋਣ ਵਾਲੀਆਂ ਲੜਾਈਆਂ ਝਗੜਿਆਂ ਵਿਚ ਹੁੰਦਾ ਕੋਈ ਅਨਿਆਂ ਜਾਂ ਧੱਕਾ ਉਨ੍ਹਾਂ ਨੂੰ ਗੈਂਗਸਟਰਾਂ ਦਾ ਰਾਹ ਚੁਣਨ ਲਈ ਮਜਬੂਰ ਕਰ ਦਿੰਦਾ ਹੈ? ਕੀ ਕਾਰਨ ਹੈ ਕਿ ਖਾਸ ਕਰਕੇ ਪਿੰਡਾਂ ਦੇ ਮੁੰਡੇ ਅਤੇ ਉਹ ਵੀ ਸਿੱਖਾਂ ਵਿਚ ਜਵਾਨੀ ਵਿਚ ਹੀ ਗੈਂਗਸਟਰ ਬਣਨ ਦੀ ਇੱਛਾ ਕਿਉਂ ਬਲਵਾਨ ਹੁੰਦੀ ਹੈ?

ਇਕ ਹੋਰ ਸਵਾਲ ਕੀਤਾ ਜਾ ਸਕਦਾ ਹੈ ਕਿ ਕੀ ਇੱਕ ਗੈਂਗਸਟਰ ਤੇ ਇੱਕ ਜੁਝਾਰੂ ਸਿੱਖ ਵਿਚ ਦੂਰ ਨੇੜੇ ਦੀ ਕੋਈ ਸਾਂਝ ਜਾਂ ਇਕਰਾਰਨਾਮਾ ਹੁੰਦਾ ਹੈ? ਕੀ ਇਨ੍ਹਾਂ ਦੋਵਾਂ ਵਿਚ ਲਕੀਰ ਬਹੁਤ ਪਤਲੀ ਅਤੇ ਫਿੱਕੀ ਹੁੰਦੀ ਹੈ?


ਸਾਡਾ ਉਦੇਸ਼ ਅੱਜ ਇਹ ਨਹੀਂ ਹੈ ਕਿ ਇਨ੍ਹਾਂ ਸਵਾਲਾਂ ਦਾ ਜਵਾਬ ਦਿੱਤਾ ਜਾਵੇ, ਪਰ ਅਸੀਂ ਇੰਨਾ ਜ਼ਰੂਰ ਕਹਿਣਾ ਚਾਹੁੰਦੇ ਹਾਂ ਕਿ ਗੈਂਗਸਟਰ ਮੁਖਤਾਰ ਅੰਸਾਰੀ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਦੌਰਾਨ ਪੂਰੇ ਦੋ ਸਾਲ ਰੋਪੜ ਜੇਲ੍ਹ ਵਿਚ ਰਿਹਾ। ਪਰ ਕਿਸੇ ਖੋਜੀ ਦਾਨਸ਼ਵਰ ਨੇ ਏਡੇ ਵੱਡੇ ਗੈਂਗਸਟਰ ਨੂੰ ਧੁਰ ਅੰਦਰ ਤੱਕ ਜਾਨਣ ਦੀ ਕੋਸ਼ਿਸ਼ ਨਹੀਂ ਸੀ ਕੀਤੀ, ਜੋ ਕਈ ਵਾਰ ਆਪਣੇ ਹਲਕੇ ਤੋਂ ਯੂਪੀ ਅਸੈਂਬਲੀ ਲਈ ਸ਼ਾਨ ਨਾਲ ਜਿੱਤਦਾ ਰਿਹਾ। ਯੂਪੀ ਦੇ ਇੱਕ ਖਿੱਤੇ ਵਿਚ ਯੂਪੀ ਸਰਕਾਰ ਦੇ ਬਰਾਬਰ ਉਸਦੀ ਆਪਣੀ ਸਰਕਾਰ ਚਲਦੀ ਸੀ। ਉਸਦਾ ਦਾਦਾ ਕਿਸੇ ਸਮੇਂ ਕਾਂਗਰਸ ਪਾਰਟੀ ਦਾ ਪ੍ਰਧਾਨ ਰਿਹਾ ਸੀ ਅਤੇ ਉਸਦਾ ਨਾਨਾ ਫੌਜ ਵਿਚ ਬ੍ਰਿਗੇਡੀਅਰ ਦੇ ਅਹੁਦੇ ਉੱਤੇ ਸੀ ਅਤੇ ਭਾਰਤ ਦਾ ਇੱਕ ਸਾਬਕਾ ਉਪ ਰਾਸ਼ਟਰਪਤੀ ਰਿਸ਼ਤੇ ਵਿਚ ਉਸੇ ਦਾ ਚਾਚਾ ਲੱਗਦਾ ਸੀ। ਮੁਖਤਾਰ ਅੰਸਾਰੀ ਨੇ ਕਿਉਂ ਵੱਖਰਾ ਰਾਹ ਚੁਣਿਆ?

ਕੀ ਕਿਸੇ ਨੂੰ ਇਸ ਵੱਡੇ ਸਵਾਲ ਦਾ ਜਵਾਬ ਲੱਭਿਆ ਕਿ 'ਜੋਰਾ 10 ਨੰਬਰੀਆ' ਫਿਲਮ ਵੇਖ ਕੇ ਪੰਜਾਬ ਦੀ ਜਵਾਨੀ ਫਿਲਮ ਦੇ ਹੀਰੋ ਦੀਪ ਸਿੱਧੂ ਨੂੰ ਹੱਦੋਂ ਵੱਧ ਪਿਆਰ ਕਿਉਂ ਕਰਨ ਲੱਗ ਪਈ? ਕਿਉਂ 'ਰੁਪਿੰਦਰ ਗਾਂਧੀ' ਫਿਲਮ ਅੱਜ ਵੀ



***ਗੈਂਗਸਟਰ ਤੋਂ ਸਿਆਸਤਦਾਨ ਬਣੇ ਮੁਖਤਾਰ ਅੰਸਾਰੀ ਦੀ ਪੁਰਾਣੀ ਤਸਵੀਰ।***

ਹਰਮਨ-ਪਿਆਰੀ ਹੈ? ਸਰਕਾਰੀ ਸਰਵੇਖਣ ਮੁਤਾਬਕ ਅੱਜ ਵੀ ਪੰਜਾਬ ਵਿਚ 70 ਦੇ ਕਰੀਬ ਗੈਂਗਸਟਰ ਸਰਗਰਮ ਹਨ ਜਦਕਿ 500 ਤੋਂ ਉੱਪਰ ਗ੍ਰਿਫਤਾਰ ਹੋ ਚੁੱਕੇ ਹਨ ਅਤੇ ਦਰਜਨਾਂ ਕਥਿਤ ਮੁਕਾਬਲਿਆਂ ਅਤੇ ਆਪਸੀ ਲੜਾਈਆਂ




***ਗੈਂਗਸਟਰਾਂ ਬਾਰੇ ਲਿਖੀਆਂ ਗਈਆਂ ਕਿਤਾਬਾਂ 'ਮਾਫੀਆ ਡੈਮੋਕ੍ਰੇਸੀ' ਅਤੇ 'ਲਵਿੰਗ ਪਾਬਲੋ, ਹੇਟਿੰਗ ਇਸਕੋਬਾਰ' ਦੇ ਸਰਵਰਕ।***

ਵਿਚ ਮਾਰੇ ਗਏ ਹਨ। ਇਨ੍ਹਾਂ ਵਿਚੋਂ ਕਈ ਗਰੀਬ ਕਿਸਾਨੀ ਦਾ ਹਿੱਸਾ ਹਨ ਜਦਕਿ ਕਈ ਰੱਜੇ-ਪੁੱਜੇ ਘਰਾਂ ਨਾਲ ਵੀ ਸਬੰਧ ਰੱਖਦੇ ਹਨ। ਫਿਰ ਸਿੱਖ ਨੌਜਵਾਨਾਂ ਨੇ ਹੀ ਇਸ ਰਾਹ ਨੂੰ ਕਿਉਂ ਚੁਣਿਆ? ਇਸ ਬਾਰੇ ਗੰਭੀਰ ਅਤੇ ਬਹੁਪਰਤੀ ਪੜਚੋਲ ਕਰਨ ਦਾ ਡੂੰਘਾ ਅਹਿਸਾਸ ਸਾਡੇ ਬੁੱਧੀਜੀਵੀਆਂ ਤੇ ਖੋਜੀ ਪੱਤਰਕਾਰਾਂ ਵਿਚ ਅਜੇ ਤੱਕ ਪੈਦਾ ਨਹੀਂ ਹੋਇਆ। ਸਿਰਫ ਤਰਦੇ ਤਰਦੇ, ਓਪਰੇ, ਘਸੇ-ਪਿਟੇ ਤੇ ਸਤਹੀ ਕਿਸਮ ਦੇ ਵਿਸ਼ਲੇਸ਼ਣ ਹੀ ਵੇਖਣ ਨੂੰ ਮਿਲਦੇ ਹਨ।

ਇਹ ਸੱਚ ਵੀ ਕਿੰਨਾ ਦਿਲਚਸਪ ਹੈ ਕਿ ਗੈਂਗਸਟਰ ਆਪਣੇ ਆਪ ਦੀ ਪਰਿਭਾਸ਼ਾ ਵੀ ਆਪ ਵੀ ਕਰਦੇ ਰਹਿੰਦੇ ਹਨ। ਜਿਵੇਂ ਇੱਕ ਗੈਂਗਸਟਰ ਪਿਆਰ ਦੀ ਫਿਲਾਸਫੀ ਬਾਰੇ ਕਹਿੰਦਾ ਹੈ ਕਿ ਸਾਡਾ ਪਿਆਰ ਇਕ ਤਜਰਬਾ, ਇੱਕ ਖੋਜ ਹੈ। ਦੂਸਰੇ ਦਾ ਇਹ ਖਿਆਲ ਹੈ ਕਿ ਸਾਡਾ ਪਿਆਰ ਤਾਂ ਬੁਲਟ ਪਰੂਫ ਹੈ। ਇਕ ਹੋਰ ਗੈਂਗਸਟਰ ਇਹ ਸਵੀਕਾਰ ਕਰਦਾ ਹੈ ਕਿ ਅਸੀਂ ਦਿਲ ਵੀ ਤੋੜਦੇ ਹਾਂ ਤੇ ਕਾਨੂੰਨ ਵੀ। ਪਰ ਉਸ ਗੈਂਗਸਟਰ ਨੂੰ ਕੀ ਆਖੋਗੇ ਜਿਸ ਦਾ ਅਨੁਭਵ ਹੈ ਕਿ ਸਾਡੇ ਦਿਲ ਤੇ ਸਾਡੀਆਂ ਰੂਹਾਂ ਇਕ-ਮਿਕ ਹੁੰਦੀਆਂ ਹਨ। ਇਕ ਗੈਂਗਸਟਰ ਇਹ ਕਹਿੰਦਾ ਹੈ ਕਿ ਜੇ ਸਾਡੇ ਵਿਚ ਰਲਣਾ ਹੈ ਤਾਂ ਇਹ ਨਾ ਕਹੋ ਕਿ ਮੇਰੀ ਤਮੰਨਾ ਹੈ, ਮੇਰੀ ਖਾਹਿਸ਼ ਹੈ, ਕਾਸ਼! ਇਹ ਪੂਰੀ ਹੋਵੇ, ਸਗੋਂ ਇਹ ਆਖੋ ਕਿ ਮੈਂ ਇਹ ਤਮੰਨਾ ਪੂਰੀ ਕਰ ਸਕਦਾ ਹਾਂ ਤੇ ਕਰਾਂਗਾ। ਇੱਕ ਗੈਂਗਸਟਰ ਦੀ ਇਹ ਧਾਰਨਾ ਹੈ ਕਿ ਅਸੀਂ ਭਾਵੇਂ ਕਿੰਨੇ ਮਾੜੇ ਹਾਂ ਪਰ ਅਸੀਂ ਇਕੱਠੇ ਰਹਿ ਕੇ ਚੰਗੇ ਹੁੰਦੇ ਹਾਂ। ਇਸ ਗੈਂਗਸਟਰ ਨੂੰ ਸੁਣੋ: ਸਾਡੇ ਪਿਆਰ ਵਿਚ ਬਹੁਤ ਗਰਮੀ ਹੁੰਦੀ ਹੈ, ਬੰਦੂਕ ਦੀ ਆਵਾਜ਼ ਨਾਲੋਂ ਵੀ ਕਿਤੇ ਵੱਧ। ਪਰ ਗੈਂਗਸਟਰਾਂ ਨੂੰ ਐਵੇਂ-ਕੈਵੇਂ ਵੀ ਨਾ ਸਮਝੋ। ਉਹ ਸਿਆਸਤ ਬਾਰੇ ਵੀ ਬਹੁਤ ਕੁਝ ਜਾਣਦੇ ਹਨ। ਸਿਆਸਤਦਾਨਾਂ ਬਾਰੇ ਉਨ੍ਹਾਂ ਦਾ ਐਲਾਨ ਹੈ ਕਿ ਸਿਆਸਤਦਾਨ ਭੈੜੇ ਤੋਂ ਭੈੜੇ ਗੈਂਗਸਟਰਾਂ ਤੋਂ ਵੀ ਕਿਤੇ ਵੱਧ ਗੰਦੇ ਹੁੰਦੇ ਹਨ। ਗੈਂਗਸਟਰ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਬਹੁਤੇ ਸਵਾਲ ਪੁੱਛੇ ਜਾਣ, ਉਹ ਤਾਂ ਬਸ ਸਵਾਲਾਂ ਦਾ ਜਵਾਬ ਹੀ ਦਿੰਦੇ ਹਨ। ਇਕ ਹੋਰ ਗੈਂਗਸਟਰ-ਅਨੁਭਵ ਇਸ ਨਤੀਜੇ ਉੱਤੇ ਪਹੁੰਚਦਾ ਹੈ ਕਿ ਹਰ ਬੰਦੇ ਵਿਚ ਇੱਕ ਗੈਂਗਸਟਰ ਲੁਕਿਆ ਹੁੰਦਾ ਹੈ। ਇਕ ਰਾਜਨੀਤਕ ਵਿਚਾਰ ਇਹ ਵੀ ਹੈ ਕਿ ਜਦੋਂ ਸੱਤਾ ਕੁਝ ਕੁ ਹੱਥਾਂ ਵਿਚ ਹੀ ਇਕੱਠੀ ਹੋ ਜਾਵੇ ਤਾਂ ਸਮਝੋ ਗੈਂਗਸਟਰ ਪਧਾਰ ਰਹੇ ਹਨ।

ਭਾਰਤ ਵਿਚ ਸਭ ਤੋਂ ਵੱਡਾ ਗੈਂਗਸਟਰ ਦਾਊਦ ਇਬਰਾਹੀਮ ਨੂੰ ਕਿਹਾ ਜਾਂਦਾ ਹੈ ਜਿਸ ਦੀ ਕੁਲ ਜਾਇਦਾਦ ਫੋਰਬਸ ਮੈਗਜ਼ੀਨ ਮੁਤਾਬਿਕ 2015 ਵਿਚ 6.7 ਬਿਲੀਅਨ ਅਮਰੀਕਨ ਡਾਲਰ ਸੀ। ਪਰ ਕੋਲੰਬੀਆ ਦਾ ਗੈਂਗਸਟਰ ਪਾਬਲੋ ਇਸਕੋਬਾਰ ਦੁਨੀਆ ਦਾ ਸਭ ਤੋਂ ਵੱਡਾ ਗੈਂਗਸਟਰ ਮੰਨਿਆ ਜਾਂਦਾ ਹੈ, ਜਿਸ ਦੀ ਜਾਇਦਾਦ ਫੋਰਬਸ ਮੈਗਜ਼ੀਨ ਮੁਤਾਬਕ ਇੱਕ ਸਮੇਂ 25 ਬਿਲੀਅਨ ਡਾਲਰ ਸੀ। ਕਿਸੇ ਇੱਕ ਵਿਅਕਤੀ ਕੋਲ ਵੱਧ ਤੋਂ ਵੱਧ ਕਿੰਨਾ ਖਜ਼ਾਨਾ ਹੁੰਦਾ ਹੈ, ਪਾਬਲੋ ਦਾ ਇਹੋ ਜਿਹੇ ਅਮੀਰਾਂ ਵਿਚ ਦੁਨੀਆਂ ਅੰਦਰ ਸੱਤਵਾਂ ਨੰਬਰ ਸੀ। ਇਹ ਗੈਂਗਸਟਰ ਗਰੀਬਾਂ ਨੂੰ ਬੇਹੱਦ ਪਿਆਰ ਕਰਦਾ ਸੀ। ਉਹ ਗਰੀਬਾਂ ਅਤੇ ਬੇਸਹਾਰਾਂ ਨੂੰ ਨਗਦ ਪੈਸਾ ਵੰਡਦਾ। ਉਨ੍ਹਾਂ ਨੂੰ ਘਰ ਬਣਾ ਕੇ ਦਿੰਦਾ, ਫੁੱਟਬਾਲ ਦੇ ਗਰਾਊਂਡ ਬਣਾਉਣ 'ਤੇ ਖਰਚ ਕਰਦਾ। ਉਸਨੇ 1985 ਵਿਚ ਖੱਬੇਪੱਖੀ ਗੁਰੀਲਿਆਂ ਦੀ ਅਗਵਾਈ ਕਰਦਿਆਂ ਕੋਲੰਬੀਆ ਦੀ ਸੁਪਰੀਮ ਕੋਰਟ ਉੱਤੇ ਹਮਲਾ ਕੀਤਾ, ਜਿਸ ਵਿਚ ਅੱਧੇ ਜੱਜ ਮਾਰੇ ਗਏ ਸਨ। ਸਾਧਾਰਨ ਕਿਸਾਨੀ ਪਰਿਵਾਰ ਵਿਚੋਂ ਉੱਠਿਆ ਤੇ ਕੋਕੀਨ ਡਰੱਗ ਦਾ ਦੁਨੀਆਂ ਵਿਚ ਸਭ ਤੋਂ ਵੱਡਾ ਸਮਰਾਟ ਬਣ ਗਿਆ। ਕੋਕੀਨ ਵਿਚ ਅਰਬਾਂ ਰੁਪਇਆਂ ਦਾ ਕਾਰੋਬਾਰ ਉਸਦਾ ਅਮਰੀਕਾ ਵਿਚ ਚਲਦਾ ਸੀ। ਕੋਲੰਬੀਆ ਦੇ ਸਾਰੇ ਸਿਆਸਤਦਾਨ ਉਸਦੀ ਜੇਬ ਵਿਚ ਹੁੰਦੇ ਸਨ। ਕੋਲੰਬੀਆ ਦੇ ਅਫਸਰਾਂ ਅਤੇ ਵਜ਼ੀਰਾਂ ਨੂੰ ਇੱਕੋ ਸੰਦੇਸ਼ ਹੁੰਦਾ ਸੀ ਕਿ ਰਿਸ਼ਵਤ ਲਓ, ਜੇ ਨਹੀਂ ਲੈਣੀ ਤਾਂ ਗੋਲੀ ਖਾਓ। 1993 ਵਿਚ ਗੋਲੀ ਲੱਗਣ ਨਾਲ ਹੀ ਉਸਦੀ ਮੌਤ ਹੋਈ। ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਉਸ ਨੇ ਖੁਦਕੁਸ਼ੀ ਕੀਤੀ। ਉਸਨੇ ਇੱਕ ਸਮੇਂ ਕੋਲੰਬੀਆ ਸਰਕਾਰ ਨੂੰ ਪੇਸ਼ਕਸ਼ ਵੀ ਕੀਤੀ ਕਿ ਦੇਸ਼ ਦਾ ਸਾਰਾ ਕਰਜ਼ਾ ਉਹ ਇਕੱਲਾ ਹੀ ਵਾਪਸ ਮੋੜਨ ਲਈ ਤਿਆਰ ਹੈ। ਇਸਕੋਬਾਰ ਦੇ ਹੀ ਸਮਕਾਲੀ ਅਮਰੀਕੀ ਮਾਫੀਆ ਗੌਡਫਾਦਰ ਮਾਈਕਲ ਫਰਾਂਜ ਜੈਸੀ ਦੀ ਬਲਵਾਨ ਆਤਮਾ ਦਾ ਸਿੱਕਾ ਕੌਣ ਨਹੀਂ ਮੰਨਣਾ ਚਾਹੇਗਾ। ਇਸ ਨੇ ਆਪਣੀ ਮਰਜ਼ੀ ਅਤੇ ਹੌਂਸਲੇ ਨਾਲ ਮਾਫੀਆ ਜਗਤ ਦਾ ਤਿਆਗ ਕੀਤਾ ਅਤੇ ਫਿਰ ਅਮਰੀਕੀ ਜਮਹੂਰੀ ਤੰਤਰ ਦੇ ਭ੍ਰਿਸ਼ਟਾਚਾਰ ਨੂੰ ਬੇਪਰਦਾ ਕਰਨ ਲਈ ਮਾਫੀਆ ਡੈਮੋਕਰੇਸੀ ਨਾਂ ਦੀ ਸੰਜੀਦਾ ਤੇ ਬਹੁ-ਚਰਚਿਤ ਕਿਤਾਬ ਲਿਖੀ। ਇਨ੍ਹਾਂ ਨੇ ਸਿੱਧ ਕੀਤਾ ਕਿ ਗੈਂਗਸਟਰ ਕਲਚਰ, ਸਰਕਾਰੀ ਕਲਚਰ ਨਾਲੋਂ ਕਿਤੇ ਵੱਧ ਬਲਵਾਨ ਹੋ ਸਕਦਾ ਹੈ। ਇਹ ਦੁਨੀਆਂ ਭਰ ਦੇ ਸਥਾਪਿਤ ਸਰਕਾਰੀ ਕਲਚਰਾਂ ਉੱਤੇ ਜ਼ਬਰਦਸਤ ਚਪੇੜ ਅਤੇ ਚੁਣੌਤੀ ਸੀ।

# ਸਮਾਰਟ ਫੋਨਾਂ ਨੇ ਪੱਥਰ ਦੇ ਰਿਕਾਰਡ - ਕੈਸੇਟ ਤੋਂ ਲੈ ਕੇ ਸੀਡੀ ਪਲੇਅਰ ਤੱਕ ਸਭ ਨੂੰ ਖਾ ਲਿਆ

ਡਿਜੀਟਲ, ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੇ ਪੜਾਅ ਤੋਂ ਪਹਿਲਾਂ ਆਪਣੇ ਕੈਸੇਟ ਸੰਗ੍ਰਹਿ ਨੂੰ ਦਿਖਾਉਣਾ ਵੱਡੀ ਗੱਲ ਹੁੰਦੀ ਸੀ। '90 ਦੇ ਦਹਾਕੇ ਵਿਚ ਕੈਸੇਟ ਪਲੇਅਰ ਲਗਪਗ ਹਰੇਕ ਵਿਅਕਤੀ ਦੇ ਜੀਵਨ ਦਾ ਹਿੱਸਾ ਸੀ। ਟਰੱਕਾਂ, ਬੱਸਾਂ, ਕਾਰਾਂ ਵਿਚ ਆਮ ਹੀ ਸੁਰਿੰਦਰ ਛਿੰਦਾ, ਕੇ.ਦੀਪ, ਜਗਮੋਹਣ ਕੌਰ, ਕੁਲਦੀਪ ਮਾਣਕ, ਗੁਰਦਾਸ ਮਾਨ, ਯਮਲਾ ਜੱਟ ਆਦਿ ਦੇ ਗੀਤ ਸੁਣੇ




**ਸੁਰਜੀਤ ਸਿੰਘ ਫਲੋਰਾ**


ਜਾਂਦੇ ਸਨ। ਉਸ ਤੋਂ ਪਹਿਲਾਂ ਪੱਥਰ ਦੇ ਰਿਕਾਰਡ ਹੁੰਦੇ ਸਨ, ਜੋ ਬਾਅਦ ਵਿਚ ਪਲਾਸਟਿਕ ਦੇ ਆ ਗਏ। ਕੈਸੇਟਾਂ ਨੂੰ ਚਲਾਉਂਦੇ-ਚਲਾਉਂਦੇ ਉਹ ਇੰਨੀ ਘਸ ਜਾਣੀ ਕਿ ਉਸ ਨੇ ਫਸਣਾ ਸ਼ੁਰੂ ਹੋ ਜਾਣਾ ਜਾਂ ਫਿਰ ਟੁੱਟ ਜਾਣਾ, ਜਿਸ ਨੂੰ ਪੈਨਸਿਲ ਨਾਲ ਘੁਮਾ-ਫਿਰਾ ਕੇ ਸਲੋਟਿਆ ਦੇ ਗੂੰਦ ਜਾਂ ਆਮ ਗੂੰਦ ਨਾਲ ਜੋੜਨਾ। ਜੋੜਨ ਤੋਂ ਬਾਅਦ ਗੀਤਾਂ ਨੂੰ ਸੁਣਨ ਦਾ ਮਜ਼ਾ ਥੋੜ੍ਹਾ ਕਿਰਕਿਰਾ ਹੋ ਜਾਂਦਾ ਸੀ ਕਿਉਂਕਿ ਜਿੱਥੇ ਜੋੜ ਲੱਗਦਾ ਸੀ, ਉਥੋਂ ਗਾਣਾ ਤੇਜ਼ ਚੱਲ ਕੇ ਬਹੁਤ ਭੈੜੀ ਜਿਹੀ ਆਵਾਜ਼ ਕੱਢਦਾ ਸੀ, ਜੋ ਕੰਨਾਂ ਦੇ ਰਸ ਨੂੰ ਖ਼ਰਾਬ ਕਰ ਦਿੰਦਾ ਸੀ।

ਸਾਡੇ ਵਿਚੋਂ ਬਹੁਤ ਸਾਰੇ ਪੈਨਸਿਲ ਨਾਲ ਟੇਪਾਂ ਨੂੰ ਰੀਵਾਈਂਡ ਕਰਨ ਵਿਚ ਬਹੁਤ ਵਧੀਆ ਹੋ ਗਏ ਅਤੇ ਕੁਝ ਇਕ ਬਲੇਡ ਨਾਲ ਟੇਪ ਦੇ ਖ਼ਰਾਬ ਹਿੱਸੇ ਨੂੰ ਧਿਆਨ ਨਾਲ ਕੱਟਣ ਤੇ ਫਿਰ ਉਸ ਬਚੇ ਹਿੱਸੇ ਨੂੰ ਦੁਬਾਰਾ ਇਕੱਠੇ ਕਰਨ ਲਈ ਸਕਾਚ ਟੇਪ ਦੀ ਇਕ ਪੱਟੀ ਨੂੰ ਕੱਟਣ ਦੇ ਮਾਹਿਰ ਵੀ ਬਣ ਗਏ ਸੀ। ਉਸ ਕੈਸੇਟ ਪਲੇਅਰ ਵਿਚ ਇਕ ਏਐੱਮ ਤੇ ਐੱਫਐੱਮ ਰੇਡੀਓ ਵੀ ਹੁੰਦਾ ਸੀ, ਜਿਸ ਦਾ ਇਕ ਛੋਟਾ ਜਿਹਾ ਦਿਸਣ ਵਾਲਾ ਐਨਟੀਨਾ ਹੁੰਦਾ ਸੀ ਜੋ ਪਰਤਾਂ ਖੋਲ੍ਹਣ ਤੋਂ ਬਾਅਦ ਕਿੰਨਾ ਹੀ ਲੰਬਾ ਹੋ ਜਾਂਦਾ ਸੀ। ਫਿਰ ਉਸ ਨੂੰ ਕਦੇ ਸੱਜੇ ਤੇ ਕਦੇ ਖੱਬੇ, ਅੱਗੇ ਤੇ ਕਦੇ ਪਿੱਛੇ ਘੁਮਾਉਂਦੇ ਰਹਿਣਾ, ਜਦ ਤੱਕ ਉਸ ਦੀ ਆਵਾਜ਼ ਸਾਫ਼ ਨਹੀਂ ਹੋ ਜਾਂਦੀ ਸੀ।

### ਘਰਾਂ 'ਚ ਹੁੰਦਾ ਸੀ ਕੈਸੇਟਾਂ ਦਾ ਸੰਗ੍ਰਹਿ

ਘਰਾਂ ਵਿਚ ਕੈਸੇਟਾਂ ਦਾ ਸੰਗ੍ਰਹਿ ਵਧਦਾ ਰਹਿੰਦਾ ਸੀ, ਜੋ ਕਈ ਵਾਰ ਲਿਵਿੰਗ ਰੂਮ ਦੀਆਂ ਵੱਡੀਆਂ ਅਲਮਾਰੀਆਂ ਤੱਕ ਪਹੁੰਚ ਜਾਂਦਾ ਸੀ। ਵਿਆਹ ਸਮਾਗਮਾਂ ਆਦਿ ਵਿਚ ਕੈਸੇਟ ਪਲੇਅਰ ਅੱਗੇ ਮਾਈਕ ਰੱਖ ਕੇ ਕੋਠੇ 'ਤੇ ਸਪੀਕਰ ਚਲਾਉਣੇ ਆਮ ਜਿਹੀ ਗੱਲ ਸੀ। ਸਮੇਂ ਦੇ ਹਿਸਾਬ ਨਾਲ ਪਹਿਲਾਂ ਸੀਡੀਜ਼ ਤੇ ਫਿਰ ਡੀਵੀਡੀਜ਼ ਮਾਰਕੀਟ ਵਿਚ ਆ ਗਈਆਂ। ਪੁਰਾਣੇ ਰੇਡੀਓ ਤੇ ਕੈਸੇਟ ਪਲੇਅਰ ਅਲੋਪ ਹੋਣ ਲੱਗ ਪਏ। ਸੀਡੀ ਪਲੇਅਰ ਵੀ ਕੁਝ ਸਾਲਾਂ ਤੱਕ ਲੋਕਾਂ ਦਾ ਮਨੋਰੰਜਨ ਕਰਦੇ ਰਹੇ ਪਰ ਛੇਤੀ ਹੀ ਡਿਜੀਟਲ ਯੁੱਗ ਨੇ ਚੀਜ਼ਾਂ ਨੂੰ ਤੇਜ਼ੀ ਨਾਲ ਬਦਲਣਾ ਸ਼ੁਰੂ ਕਰ ਦਿੱਤਾ। ਹੁਣ ਸਾਰਾ ਸੰਗੀਤ ਤੇ ਫਿਲਮਾਂ ਇਕ ਸਟਿਕ 'ਤੇ ਪਾ ਦਿੱਤੇ ਜਾਂਦੇ ਹਨ, ਜਿਸ ਨੂੰ ਘਰ, ਗੱਡੀ ਜਾਂ



ਫੋਨ 'ਤੇ ਜਿੱਥੇ ਮਰਜ਼ੀ ਸੁਣ ਲਓ। ਇਸ ਦੇ ਨਾਲ ਹੀ ਹੋਰ ਅੱਗੇ ਵਧੇ ਤਾਂ ਸਮਾਰਟ ਫੋਨ ਆ ਗਏ, ਸਮਾਰਟ ਘੜੀਆਂ ਆ ਗਈਆਂ, ਜਿਸ ਨੇ ਇਹ ਪੱਥਰ ਦੇ ਰਿਕਾਰਡ ਤੋਂ ਲੈ ਕੇ ਸੀਡੀ ਪਲੇਅਰ ਤੱਕ ਸਭ ਨੂੰ ਖਾ ਲਿਆ।

### ਸੰਗ੍ਰਹਿਕਾਰਾਂ ਲਈ ਅਜੇ ਵੀ ਹੈ ਬਾਜ਼ਾਰ

ਹਾਲਾਂਕਿ, ਕੈਸੇਟ ਪਲੇਅਰਾਂ ਤੇ ਟੇਪਾਂ ਲਈ ਸੰਗ੍ਰਹਿਕਾਰਾਂ, ਉਤਸ਼ਾਹੀਆਂ ਅਤੇ ਕੁਝ ਸੰਗੀਤਕਾਰਾਂ ਵਿਚਕਾਰ ਅਜੇ ਵੀ ਇਕ ਵਿਸ਼ੇਸ਼ ਬਾਜ਼ਾਰ ਹੈ, ਜੋ ਵਿੰਟੇਜ ਆਵਾਜ਼ ਤੇ ਸੁਹਜ ਦੀ ਕਦਰ ਕਰਦੇ ਹਨ। ਇਸ ਤੋਂ ਇਲਾਵਾ, ਕੈਸੇਟ ਟੇਪਾਂ ਦੇ ਫਾਰਮੈਟ ਵਿਚ ਸੰਗੀਤ ਨੂੰ ਜਾਰੀ ਕਰਨ ਦਾ ਮੁੜ ਉਭਾਰ ਦੇਖਿਆ ਜਾ ਰਿਹਾ ਹੈ। ਸਮੁੱਚੇ ਤੌਰ 'ਤੇ ਤਾਂ ਨਹੀਂ ਪਰ ਕੈਸੇਟ ਪਲੇਅਰ ਤੇ ਟੇਪਾਂ ਦੀ ਕੁਝ ਸਮਾਜਾਂ ਵਿਚ ਮੌਜੂਦਗੀ ਜਾਰੀ ਹੈ। ਅਸਲ ਵਿਚ ਕੈਸੇਟ ਕੁਝ ਸਰਕਲਾਂ ਵਿਚ ਦੁਬਾਰਾ ਆ ਰਹੀ ਹੈ ਅਤੇ ਵਿਨਾਇਲ ਰਿਕਾਰਡਾਂ ਦੀ ਪੁਨਰ-ਸੁਰਜੀਤੀ ਦੇ ਇਕ ਸਹਾਇਕ ਵਜੋਂ ਪੁਨਰ-ਜਾਗਰਣ ਦੇ ਇਕ ਬਿੰਦ ਵਿਚੋਂ ਲੰਘ ਰਹੀ ਹੈ। ਕੈਸੇਟ 'ਤੇ ਨਵਾਂ ਸੰਗੀਤ ਜਾਰੀ ਕਰਨ ਵਾਲੇ ਬੈਂਡ ਹਨ। ਮਨੁੱਖੀ ਸੱਭਿਆਚਾਰ ਦੇ ਸੰਦਰਭ ਵਿਚ ਕੈਸੇਟ ਟੇਪਾਂ ਦੀ ਮਹੱਤਤਾ ਨੂੰ ਵਧੇਰੇ ਵਿਆਪਕ ਮਾਨਤਾ ਦਿੱਤੀ ਗਈ ਹੈ।

### 50 ਸਾਲ ਬਾਅਦ ਵੀ ਚੱਲ ਰਹੀਆਂ ਨੇ ਕੈਸੇਟਾਂ

ਇੱਥੇ ਬਹੁਤ ਸਾਰੇ ਲੋਕ ਹਨ ਜੋ ਦੁਨੀਆ ਭਰ ਵਿਚ ਦੂਜੇ ਵਰਗੀ ਸੋਚ ਵਾਲੇ ਸ਼ੌਕੀਨਾਂ ਨਾਲ ਟੇਪਾਂ ਦਾ ਵਪਾਰ ਕਰਦੇ ਹਨ। ਇਹ ਤਕਨੀਕੀ, ਅਸਥਾਈ ਤੇ ਵਿਚਾਰਧਾਰਕ ਵੰਡਾਂ 'ਚ ਪ੍ਰਗਟਾਵੇ, ਸ਼ੈਲੀ ਤੇ ਸੱਭਿਆਚਾਰ ਨੂੰ ਸਾਂਝਾ ਕਰਨ ਦਾ ਸ਼ਾਨਦਾਰ ਤਰੀਕਾ ਹੈ। ਪਿਛਲੇ ਕੁਝ ਸਾਲਾਂ ਤੋਂ ਇੱਥੇ ਵੱਡੀ ਗਿਣਤੀ ਵਿਚ ਕੈਸੇਟਾਂ ਮੌਜੂਦ ਹਨ। ਚੰਗੀ ਤਰ੍ਹਾਂ ਰੱਖ-ਰਖਾਅ ਵਾਲੀਆਂ ਸਥਿਤੀਆਂ 'ਚ ਕੈਸੇਟਾਂ ਦਾ ਹੋਣਾ ਅਸਾਧਾਰਨ ਨਹੀਂ ਹੈ, ਜੋ ਨਿਰਮਾਣ ਕੀਤੇ ਜਾਣ ਤੋਂ 50 ਸਾਲਾਂ ਬਾਅਦ ਵੀ ਕੰਮ ਕਰਦੀਆਂ ਹਨ। ਮਸ਼ੀਨਾਂ 'ਤੇ ਚਲਾਉਣ ਯੋਗ ਹਨ, ਜਿਨ੍ਹਾਂ ਨੇ ਕੁਝ ਮਿੰਟ ਪਹਿਲਾਂ ਨਵੀਂ ਸਮੱਗਰੀ ਰਿਕਾਰਡ ਕੀਤੀ ਹੋ ਸਕਦੀ ਹੈ। ਕੈਸੇਟਾਂ ਚਲਾਉਣ ਅਤੇ ਰਿਕਾਰਡ ਕਰਨ ਵਾਲੀਆਂ ਮਸ਼ੀਨਾਂ ਓਨੇ ਵਿਆਪਕ ਤੌਰ 'ਤੇ ਉਪਲਬਧ ਨਹੀਂ ਹਨ ਜਿੰਨੀਆਂ ਪਹਿਲਾਂ ਸਨ ਪਰ ਬਹੁਤ ਸਾਰੀਆਂ ਗੁਣਵੱਤਾ ਵਾਲੀਆਂ ਮਸ਼ੀਨਾਂ ਵਾਜਬ ਪੈਸਿਆਂ ਲਈ ਉਪਲੱਬਧ ਹੋ ਸਕਦੀਆਂ ਹਨ। ਐਨਾਲਾਗ ਰਿਕਾਰਡਿੰਗ ਦੀ ਇਕ ਵਿਸ਼ੇਸ਼ ਗੁਣਵੱਤਾ ਹੈ, ਕੈਸੇਟ ਇਕ ਮਾਧਿਅਮ 'ਤੇ, ਜਿਸ ਨੂੰ ਵਾਜਬ ਕੀਮਤ 'ਤੇ ਕਈ ਵਾਰ ਮੁੜ ਵਰਤਿਆ ਜਾ ਸਕਦਾ ਹੈ। ਬਹੁਤੇ ਲੋਕਾਂ ਲਈ ਇਸ ਨੂੰ ਪ੍ਰਾਪਤ ਕਰਨ ਲਈ ਪਹੁੰਚਯੋਗ ਇਕੋ-ਇਕ ਵਿਹਾਰਕ ਤਕਨੀਕ ਹੈ। ਕੈਸੇਟ ਨੂੰ ਮਰਿਆ ਸਮਝਿਆ ਜਾਂਦਾ ਸੀ ਪਰ ਇਸ ਵਿਚ ਅਜੇ ਵੀ ਜ਼ਿੰਦਗੀ ਹੈ।

### ਮਨੋਰੰਜਨ ਦਾ ਮੁੱਖ ਸਾਧਨ ਬਣਿਆ ਫੋਨ

ਕੈਸੇਟ ਤੇ ਪੱਥਰ ਦੇ ਰਿਕਾਰਡ ਵਜਾਉਣ ਦਾ ਜੋ ਮਜ਼ਾ ਸੀ, ਉਹ ਇਨ੍ਹਾਂ ਸਮਾਰਟ ਫੋਨਾਂ ਵਿਚ ਨਹੀਂ ਹੈ ਕਿਉਂਕਿ ਸਮਾਰਟ ਫੋਨਾਂ ਨੇ ਮਨੁੱਖ ਨੂੰ ਆਲਸੀ ਬਣਾ ਦਿੱਤਾ ਹੈ। ਕੈਸੇਟਾਂ ਦੀਆਂ ਤਾਂ ਹੁਣ ਸਿਰਫ਼ ਯਾਦਾਂ ਹੀ ਰਹਿ ਗਈਆਂ ਹਨ। ਮੌਜੂਦਾ ਤਕਨੀਕ ਦੇ ਦੌਰ ਵਿਚ ਕੋਈ ਵਿਰਲਾ ਹੀ ਹੋਵੇਗਾ, ਜਿਸ ਕੋਲ ਟੇਪਾਂ, ਕੈਸੇਟਾਂ ਤੇ ਪੱਥਰ ਵਾਲੇ ਰਿਕਾਰਡ ਹੋਣਗੇ। ਹੁਣ ਤਾਂ ਹਰੇਕ ਦੀ ਜੇਬ ਵਾਲਾ ਸਮਾਰਟ ਫੋਨ ਹੀ ਹੈ, ਜੋ ਮਨੋਰੰਜਨ ਦਾ ਸਾਧਨ ਬਣਿਆ ਹੋਇਆ ਹੈ।

# ਲੋਕ ਘੋਲਾਂ ਅਤੇ ਸਾਹਿਤਕਾਰਾਂ ਦਾ ਪਿੰਡ ਕੁੱਸਾ ਹੁਣ ਗੈਂਗਸਟਰਾਂ ਦੀ ਭੂਮੀ ਬਣਿਆ

*ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ 'ਕੁੱਸਾ' ਪਿੰਡ ਫਿਰ ਆਇਆ ਚਰਚਾ ਵਿਚ; 'ਸ਼ਾਰਪ ਸ਼ੂਟਰ' ਮਾਨੂੰ ਕੁੱਸਾ ਇਸੇ ਪਿੰਡ ਨਾਲ ਸਬੰਧਿਤ
** ਗੈਂਗਸਟਰ ਸੁਖਪ੍ਰੀਤ ਬੁੱਢਾ ਉਡਾ ਚੁੱਕਾ ਹੈ ਕਈ ਸੂਬਿਆਂ ਦੀ ਪੁਲੀਸ ਦੀ ਨੀਂਦ; ਜੇਲ੍ਹ ਜਾਣ ਤੋਂ ਬਾਅਦ ਹੀ ਗੈਂਗਸਟਰ ਬਣੇ ਤਿੰਨੋਂ ਨੌਜਵਾਨ

ਸਿੱਧੂ ਮੂਸੇਵਾਲਾ ਦੇ ਕਤਲ ਵਿਚ ਹਲਕੇ ਦੇ ਪਿੰਡ ਕੁੱਸਾ ਦੇ 'ਸ਼ਾਰਪ ਸ਼ੂਟਰ' ਮਨਪ੍ਰੀਤ ਮਾਨੂੰ ਉਰਫ਼ "ਮਾਨੂੰ ਕੁੱਸਾ" ਦਾ ਨਾਂ ਆਉਣ 'ਤੇ ਪਿੰਡ ਕੁੱਸਾ ਇੱਕ ਵਾਰ ਫਿਰ ਸੰਸਾਰ ਦੇ ਲੋਕਾਂ ਦੀ ਨਜ਼ਰ ਵਿਚ ਆ ਗਿਆ ਹੈ। ਇਸ ਤੋਂ ਪਹਿਲਾਂ ਇਸ ਪਿੰਡ ਦੇ ਦਵਿੰਦਰ ਬੰਬੀਹਾ ਗਰੁੱਪ ਦੇ ਗੈਂਗਸਟਰ ਸੁਖਪ੍ਰੀਤ ਬੁੱਢਾ ਨੇ ਵੀ ਕਈ ਸਾਲ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੀ ਪੁਲਸ ਦੀ ਨੀਂਦ ਉਡਾਈ ਰੱਖੀ, ਜੋ ਕਿ ਅੱਜ-ਕੱਲ੍ਹ ਜੇਲ੍ਹ ਵਿਚ ਬੰਦ ਹੈ।




ਰਣਜੀਤ ਚੱਕ ਤਾਰੇਵਾਲ
ਫੋਨ: +91 82646-05441

ਪਿੰਡ ਕੁੱਸਾ ਪੰਜਾਬ ਦੇ ਨਕਸ਼ੇ 'ਤੇ ਅੰਕਿਤ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਦਾ ਅਹਿਮ ਪਿੰਡ ਹੈ। ਇਹ ਪਿੰਡ ਸਾਹਿਤਕਾਰਾਂ, ਕਵੀਸ਼ਰਾਂ, ਢਾਡੀਆਂ ਦੇ ਪਿੰਡ ਵਜੋਂ ਦੇਸ਼-ਵਿਦੇਸ਼ ਦੇ ਨਕਸ਼ੇ 'ਤੇ ਅੰਕਿਤ ਹੈ, ਕਿਉਂਕਿ ਇਸ ਪਿੰਡ ਵਿਚ ਵਿਸ਼ਵ-ਪ੍ਰਸਿੱਧ ਲੇਖਕ, ਸਾਹਿਤਕਾਰ, ਢਾਡੀ ਅਤੇ ਕਵੀਸ਼ਰ ਪੈਦਾ ਹੋਏ। ਵਿਸ਼ਵ-ਪ੍ਰਸਿੱਧ ਢਾਡੀ, ਮਰਹੂਮ ਗੁਰਬਖਸ਼ ਸਿੰਘ ਅਲਬੇਲਾ, ਅਮਰ ਸਿੰਘ ਸ਼ੌਕੀ, ਸੰਸਾਰ-ਪ੍ਰਸਿੱਧ ਨਾਵਲਕਾਰ ਅਤੇ ਫ਼ਿਲਮਕਾਰ ਸ਼ਿਵਚਰਨ ਜੱਗੀ ਕੁੱਸਾ (ਇੰਗਲੈਂਡ), ਕਰਮਜੀਤ ਸਿੰਘ ਕੁੱਸਾ, ਗਾਇਕ ਗੁਰਦੀਪ ਧਾਲੀਵਾਲ, ਗਾਇਕ ਗੁਰਮੀਤ ਕੁੱਸਾ ਕੈਨੇਡਾ, ਕਿੱਸਾਕਾਰ ਛੋਟਾ ਸਿੰਘ ਧਾਲੀਵਾਲ, ਕਵੀਸ਼ਰ ਧਰਮ ਸਿੰਘ ਧਾਲੀਵਾਲ, ਗੀਤਕਾਰ ਜ਼ਿੰਦਰ ਸਿੰਘ ਅਤੇ ਇਨਕਲਾਬੀ ਕਵੀ ਮਰਹੂਮ ਓਮ ਪ੍ਰਕਾਸ਼ ਕੁੱਸਾ.. ਆਦਿ ਉੱਚ-ਕੋਟੀ ਦੇ ਬੰਦੇ ਇਸੇ ਪਿੰਡ ਨੇ ਹੀ ਪੰਜਾਬੀਆਂ ਨੂੰ ਦਿੱਤੇ, ਜਿਨ੍ਹਾਂ ਨੇ ਪੰਜਾਬੀ ਮਾਂ-ਬੋਲੀ ਦੀ ਸੇਵਾ ਲਈ ਦਿਨ ਰਾਤ 'ਇੱਕ' ਕੀਤਾ। ਇੱਥੇ ਹੀ ਨਹੀਂ, ਪਿੰਡ ਦਾ ਇੱਕ ਨੌਜਵਾਨ ਆਤਮਾ ਸਿੰਘ 1965 ਦੀ ਜੰਗ ਦਾ ਅਮਰ ਸ਼ਹੀਦ ਹੈ, ਜਿਸ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣਾ ਬਲੀਦਾਨ ਦਿੱਤਾ। ਇਹ ਪਿੰਡ 'ਘੋਲਾਂ' ਵਜੋਂ ਜਾਣਿਆਂ ਜਾਂਦਾ ਹੈ। ਕਿਸਾਨ-ਮਜ਼ਦੂਰ-ਵਿਦਿਆਰਥੀ ਸੰਘਰਸ਼ ਦੇ ਵੱਡੇ ਘੋਲ ਇਸ ਪਿੰਡ ਦੀ ਧਰਤੀ ਤੋਂ ਸ਼ੁਰੂ ਹੋਏ ਅਤੇ ਬੜੀ ਸ਼ਿੱਦਤ ਨਾਲ ਲੜੇ ਗਏ। ਇੱਥੇ ਜ਼ਿਕਰਯੋਗ ਹੈ ਕਿ ਵਿਸ਼ਵ-ਪ੍ਰਸਿੱਧ ਨਾਵਲਕਾਰ ਅਤੇ ਫ਼ਿਲਮ ਮੇਕਰ ਸ਼ਿਵਚਰਨ ਜੱਗੀ ਕੁੱਸਾ ਦਾ ਨਾਂ ਸਿਖ਼ਰ 'ਤੇ ਹੈ, ਜਿਸ ਨੇ ਆਪਣੇ ਨਾਵਲਾਂ ਸਦਕਾ ਆਪਣੇ ਪਿੰਡ ਕੁੱਸਾ ਦਾ ਨਾਂ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਇਆ ਅਤੇ ਬੇਹੱਦ ਪ੍ਰਸਿੱਧੀ ਖੱਟੀ।

ਪਰ ਹਰ ਖੇਤਰ ਵਿਚ ਮੱਲਾਂ ਮਾਰਨ ਵਾਲੇ ਇਸ ਪਿੰਡ ਦੇ ਨੌਜਵਾਨ ਪਿਛਲੇ ਕੁਝ ਸਮੇਂ ਤੋਂ ਆਪਣੇ ਪਿੰਡ ਦਾ ਸ਼ਾਨਾਮੱਤੀ ਇਤਿਹਾਸ ਭੁਲਾ ਕੇ ਅਪਰਾਧ ਦੀ ਦੁਨੀਆਂ ਵਿਚ ਸ਼ਾਮਲ ਹੋ ਰਹੇ ਹਨ। ਵਿਸ਼ਵ ਪੱਧਰ 'ਤੇ ਚਰਚਿਤ ਹੋਏ ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਤਾਰ ਵੀ ਇਸ ਪਿੰਡ ਦੇ ਨੌਜਵਾਨ ਨਾਲ ਜੁੜਨ ਕਰ ਕੇ ਪਿੰਡ ਇੱਕ ਵਾਰ ਮੁੜ ਸੰਸਾਰ ਪੱਧਰ 'ਤੇ ਚਰਚਾ ਵਿਚ ਆਇਆ। ਦਿੱਲੀ ਪੁਲੀਸ ਵੱਲੋਂ ਕੀਤੇ ਖੁਲਾਸੇ ਵਿਚ ਜਿਸ ਨੌਜਵਾਨ 'ਸ਼ਾਰਪ ਸ਼ੂਟਰ' ਮਨਪ੍ਰੀਤ ਮਾਨੂੰ ਦਾ ਜ਼ਿਕਰ ਆਇਆ ਹੈ, ਜਿਸ ਨੇ ਸਿੱਧੂ ਮੂਸੇਵਾਲਾ 'ਤੇ ਏ.ਕੇ. 47 ਨਾਲ ਹਮਲਾ ਕਰ ਕੇ ਉਸ ਨੂੰ ਕਤਲ ਕੀਤਾ, ਉਹ ਨੌਜਵਾਨ ਇਸੇ ਪਿੰਡ ਕੁੱਸਾ ਦਾ ਹੀ ਜੰਮਪਲ ਅਤੇ ਵਸਨੀਕ ਸੀ।

ਬੀਤੇ ਦਿਨੀਂ ਪੰਜਾਬੀ ਦੇ ਸੁਪਰ ਸਟਾਰ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿਚ ਫੜੇ ਗਏ ਮੋਗਾ ਜ਼ਿਲ੍ਹੇ ਦੇ ਪਿੰਡ ਕੁੱਸਾ ਦੇ ਗੈਂਗਸਟਰ ਮਨਪ੍ਰੀਤ ਮਾਨੂੰ ਬਾਰੇ ਜਾਣਕਾਰੀ ਇਕੱਤਰ ਕਰਨ



'ਸ਼ਾਰਪ ਸ਼ੂਟਰ' ਮਨਪ੍ਰੀਤ ਮਾਨੂੰ ਕੁੱਸਾ



ਗੈਂਗਸਟਰ ਸੁਖਪ੍ਰੀਤ ਬੁੱਢਾ

'ਤੇ ਪਤਾ ਲੱਗਿਆ ਹੈ ਕਿ ਮਨਪ੍ਰੀਤ ਮਾਨੂੰ ਪਹਿਲਾਂ ਲੱਕੜ ਦਾ ਮਿਸਤਰੀ ਸੀ ਅਤੇ ਆਪਣੇ ਦੋ ਭਰਾਵਾਂ ਨਾਲ 'ਕਾਰਪੇਂਟਰ' ਦੀ ਦੁਕਾਨ ਚਲਾਉਂਦਾ ਸੀ। ਪਿੰਡ 'ਰੰਗੀਆਂ' ਦਾ ਇੱਕ ਵਿਅਕਤੀ ਉਸ 'ਤੇ ਹਮਲਾ ਕਰਨ ਦੇ ਇਰਾਦੇ ਨਾਲ ਉਸ ਦੇ ਘਰ ਆਇਆ ਤਾਂ ਮਨਪ੍ਰੀਤ ਮਾਨੂੰ ਤੋਂ ਆਪਣੇ ਬਚਾਓ ਲਈ ਉਸ ਵਿਅਕਤੀ 'ਤੇ ਕੀਤੇ ਗਏ ਵਾਰ ਨਾਲ ਉਸ ਵਿਅਕਤੀ ਦੀ ਮੌਤ ਹੋ ਗਈ। ਕਤਲ ਦੇ ਮੁਕੱਦਮੇ ਵਿਚ ਨਾਮਜ਼ਦ ਹੋਣ ਤੋਂ ਬਾਅਦ ਉਹ ਜੇਲ੍ਹ ਚਲਾ ਗਿਆ। ਜੇਲ੍ਹ ਜਾਣ ਤੋਂ ਬਾਅਦ ਮਨਪ੍ਰੀਤ ਮਾਨੂੰ ਲਗਾਤਾਰ ਅਪਰਾਧ ਜਗਤ ਦੀ ਦੁਨੀਆਂ ਵਿਚ ਧਸਦਾ ਗਿਆ।

ਜੇਲ੍ਹ ਤੋਂ ਛੁੱਟੀ ਆਉਣ ਉਪਰੰਤ ਮਾਨੂੰ ਨੇ ਆਪਣੇ ਛੋਟੇ ਭਾਈ ਗੁਰਦੀਪ ਸਿੰਘ ਗੋਰਾ ਨਾਲ ਰਲ ਕੇ ਇੱਕ ਨੌਜਵਾਨ ਦਾ ਕਤਲ ਕਰ ਦਿੱਤਾ, ਜਿਸ ਤੋਂ ਬਾਅਦ ਮਨਪ੍ਰੀਤ ਮਾਨੂੰ ਆਪਣੇ ਭਰਾ ਨਾਲ ਜੇਲ੍ਹ ਚਲਾ ਗਿਆ। ਸਮਝਿਆ ਜਾਂਦਾ ਹੈ ਕਿ ਜੇਲ੍ਹ 'ਚੋਂ ਹੀ ਇਨ੍ਹਾਂ ਦੇ ਭਰਾਵਾਂ ਦੇ ਸਬੰਧ ਬਿਸ਼ਨੋਈ ਗਰੁੱਪ ਨਾਲ ਬਣੇ। ਜਾਣਕਾਰੀ ਮੁਤਾਬਿਕ ਮਨਪ੍ਰੀਤ ਮਾਨੂੰ 'ਤੇ ਕੁੱਲ 14 ਅਪਰਾਧਕ ਮਾਮਲੇ ਦਰਜ ਹਨ, ਜਿਨ੍ਹਾਂ ਵਿਚ 4 ਕਤਲ ਦੇ ਮਾਮਲੇ ਹਨ। ਥਾਣਾ ਬੱਧਨੀ ਕਲਾਂ ਵਿਖੇ ਮਨਪ੍ਰੀਤ ਮਾਨੂੰ ਉਪਰ 5 ਵੱਖੋ-ਵੱਖਰੇ ਮੁਕੱਦਮੇ ਦਰਜ ਹਨ। ਮਜ਼੍ਹਬੀ ਸਿੱਖ ਮਜ਼ਦੂਰ ਪਰਿਵਾਰ ਨਾਲ ਸਬੰਧਿਤ ਮਨਪ੍ਰੀਤ ਮਾਨੂੰ ਦਾ ਪਿੰਡ ਕੁੱਸਾ ਵਿਚਲਾ ਘਰ ਬੰਦ ਵੇਖਿਆ ਗਿਆ, ਕਿਉਂਕਿ ਉਸ ਦੇ ਦੂਸਰੇ ਭਰਾ ਗੁਰਦੀਪ ਸਿੰਘ ਗੋਰਾ ਅਤੇ ਸ਼ਮਸ਼ੇਰ ਸਿੰਘ ਵੀ ਫ਼ਰੀਦਕੋਟ ਦੀ ਜੇਲ੍ਹ ਵਿਚ ਅਪਰਾਧਕ ਮਾਮਲਿਆਂ ਵਿਚ ਬੰਦ ਹਨ। ਉਸ ਦੇ ਮਾਤਾ ਪਿਤਾ ਘਰ ਵਿਚ ਨਹੀਂ ਸਨ। ਉਸ ਦੇ ਘਰ ਅੱਗੇ ਪੁਲੀਸ ਵੱਲੋਂ ਇੱਕ ਨੋਟਿਸ ਵੀ ਲਗਾਇਆ ਗਿਆ ਸੀ।

ਬਾਅਦ ਵਿਚ, 20 ਜੁਲਾਈ 2022 ਨੂੰ ਪਾਕਿਸਤਾਨ ਦੇ ਬਾਰਡਰ ਏਰੀਏ ਦੇ ਪਿੰਡ ਭਕਨਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਮੁਕਾਬਲੇ ਵਿਚ ਮਾਰੇ ਗਏ ਮਨਪ੍ਰੀਤ ਮਾਨੂੰ ਨੂੰ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ 'ਮੁੱਖ ਸ਼ੂਟਰ' ਮੰਨਿਆ ਗਿਆ ਸੀ। ਇਸ ਤੋਂ ਪਹਿਲਾਂ ਚਰਚਾ ਵਿਚ ਆਏ ਪਿੰਡ ਕੁੱਸਾ ਦੇ ਦਵਿੰਦਰ ਬੰਬੀਹਾ ਗਰੁੱਪ ਦੇ ਗੈਂਗਸਟਰ ਸੁਖਪ੍ਰੀਤ ਬੁੱਢਾ ਵੀ ਇੱਕ ਸਫਲ ਕਿਸਾਨ ਅਤੇ ਗੱਡੀਆਂ ਦਾ ਮਕੈਨਿਕ ਸੀ। ਉਸ ਦੀ ਕਹਾਣੀ ਵੀ ਮਨਪ੍ਰੀਤ ਮਾਨੂੰ ਨਾਲ ਮਿਲਦੀ ਜੁਲਦੀ ਹੈ। ਆਪਣੇ ਦੋਸਤ ਨਾਲ ਹੋਈ ਤਕਰਾਰ ਵਿਚ ਸੁਖਪ੍ਰੀਤ ਬੁੱਢਾ ਤੋਂ ਆਪਣੇ ਦੋਸਤ ਦੀ ਮੌਤ ਹੋ ਗਈ, ਜਿਸ ਦੇ ਦੋਸ਼ ਵਿਚ ਉਸ ਖ਼ਿਲਾਫ਼ ਕਤਲ ਦਾ ਮੁਕੱਦਮਾ ਥਾਣਾ ਬੱਧਨੀ ਕਲਾਂ ਵਿਖੇ ਦਰਜ ਹੋ ਗਿਆ, ਜਿਸ ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ। ਜੇਲ੍ਹ ਵਿਚ ਹੀ ਉਸ ਦੇ ਸਬੰਧ ਦਵਿੰਦਰ ਬੰਬੀਹਾ ਗਰੁੱਪ ਨਾਲ ਬਣੇ। ਜੇਲ੍ਹ ਵਿਚੋਂ 'ਪੈਰੋਲ' 'ਤੇ ਬਾਹਰ ਆਉਣ ਤੋਂ ਬਾਅਦ ਉਹ ਭਗੌੜਾ ਹੋ ਗਿਆ ਅਤੇ ਦਵਿੰਦਰ ਬੰਬੀਹਾ ਦੇ ਗਰੁੱਪ ਵਿਚ ਸ਼ਾਮਲ ਹੋ ਗਿਆ। ਇੱਥੇ ਹੀ ਉਸ ਦਾ ਦਹਿਸ਼ਤ ਦੀ ਦੁਨੀਆਂ ਵਿਚ ਸਫ਼ਰ ਸ਼ੁਰੂ ਹੋ ਗਿਆ। ਉਸ 'ਤੇ ਵੀ ਪੰਜਾਬ ਤੋਂ ਇਲਾਵਾ ਵੱਖ-ਵੱਖ ਸੂਬਿਆਂ ਵਿਚ ਕਤਲ ਅਤੇ ਅਪਰਾਧਕ ਮਾਮਲੇ ਦਰਜ ਹਨ ਅਤੇ ਉਹ ਵੀ ਇਸ ਸਮੇਂ ਜੇਲ੍ਹ ਵਿਚ ਬੰਦ ਹੈ।

ਇਸੇ ਹੀ ਪਿੰਡ ਦਾ ਇੱਕ ਨੌਜਵਾਨ ਹੈ ਪਰਬਤ ਸਿੰਘ ਕੁੱਸਾ। ਇਹ ਮਾੜੀ ਮੁਸਤਫ਼ਾ ਪਿੰਡ ਦੇ ਗੈਂਗਸਟਰ ਹਰਜੀਤ ਸਿੰਘ ਪੈਂਟਾ ਨੂੰ ਕਤਲ ਕਰਨ ਦੇ ਜੁਰਮ ਵਿਚ ਜੇਲ੍ਹ ਭੁਗਤ ਰਿਹਾ ਹੈ। ਇਹ ਵੀ ਬਿਸ਼ਨੋਈ ਗਰੁੱਪ ਨਾਲ ਸਬੰਧ ਰੱਖਦਾ ਸੀ ਅਤੇ ਮਾਨੂੰ ਕੁੱਸਾ ਦਾ ਹੀ ਸਾਥੀ ਰਿਹਾ ਹੈ। ਹੁਣ ਲੋਕ ਸਰਕਾਰ 'ਤੇ ਇਹ ਸੁਆਲ ਉਠਾ ਰਹੇ ਹਨ ਕਿ ਪੰਜਾਬ ਦੀਆਂ ਜੇਲ੍ਹਾਂ 'ਸੁਧਾਰ ਘਰ' ਹਨ ਜਾਂ ਨੌਜਵਾਨਾਂ ਨੂੰ ਅਪਰਾਧ ਜਗਤ ਵੱਲ ਧੱਕਣ ਦਾ ਸਥਾਨ? ਕਿਉਂਕਿ ਜੇਲ੍ਹ ਵਿਚ ਜਾਣ ਤੋਂ ਬਾਅਦ ਹੀ ਪਿੰਡ ਕੁੱਸਾ ਦੇ ਇਹ ਨੌਜਵਾਨ ਅਪਰਾਧ ਜਗਤ ਵੱਲ ਧੱਕੇ ਗਏ। ਇੱਥੇ ਹੀ ਨਹੀਂ, ਹੋਰ ਨੌਜਵਾਨ ਵੀ ਜੇਲ੍ਹ ਜਾਣ ਤੋਂ ਬਾਅਦ ਚੰਗੇ ਨਾਗਰਿਕ ਬਣਨ ਦੀ ਥਾਂ ਅਪਰਾਧਕ ਜ਼ਿੰਦਗੀ ਜਿਊਂ ਰਹੇ ਹਨ, ਜੋ ਕਿ ਸਰਕਾਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ 'ਤੇ ਬਹੁਤ ਵੱਡੇ ਪ੍ਰਸ਼ਨ ਚਿੰਨ੍ਹ ਹਨ!

# ਅੱਧੀ ਸਦੀ ਪਹਿਲਾ ਤੇ ਅੱਜ ਦਾ ਮਾਲਦੀਵ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਲਕਸ਼ਦੀਪ ਟਾਪੂਆਂ ਦੇ ਦੱਖਣ ਵਿਚ ਧਰਤੀ ਨਾਲੋਂ ਟੁੱਟਿਆ ਸਮੁੰਦਰ ਵਿਚ ਡੁਬਕੀਆਂ ਲਾਉਂਦਾ ਇੱਕ ਨਿਕਚੂ ਜਿਹਾ ਦੇਸ਼ ਮਾਲਦੀਵ ਅੱਜ-ਕੱਲ੍ਹ ਚਰਚਾ ਵਿਚ ਹੈ। ਬਹੁਤਾ ਏਸ ਲਈ ਕਿ ਇਸਦੇ ਹਾਲ ਵਿਚ ਹੀ ਚੁਣੇ ਗਏ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਨੇ ਭਾਰਤ ਨਾਲੋਂ ਨਾਤਾ ਤੋੜ ਕੇ ਚੀਨ ਦਾ ਰੁਖ਼ ਅਪਣਾ ਲਿਆ ਹੈ। ਤੁਰਕੀ ਤੋਂ ਸੁਰੱਖਿਆ ਡਰੋਨ ਖਰੀਦਣਾ ਉਸਦਾ ਨਵਾਂ ਪੈਂਤੜਾ ਹੈ। ਸਾਗਰ ਤੋਂ ਕੇਵਲ ਪੌਣੇ ਅੱਠ ਫੁੱਟ ਉਚੇ ਇਸ ਦੇਸ਼ ਦੇ ਟਾਪੂ ਸਾਗਰ ਦੇ 470 ਮੀਲ ਵਿਚ ਫੈਲੇ ਹੋਏ ਹਨ। ਕੋਈ ਮਾਲ ਮੱਤੇ ਨਾਲ ਭਰਿਆ ਸਮੁੰਦਰੀ ਜਹਾਜ਼ ਇਨ੍ਹਾਂ ਟਾਪੂਆਂ ਵਿਚੋਂ ਕਿਸੇ ਇੱਕ ਨਾਲ ਟਕਰਾ ਕੇ ਬੇਕਾਰ ਹੋ ਜਾਂਦਾ ਹੈ ਤਾਂ ਇਸਦਾ ਮਾਲ ਅਸਬਾਬ ਵੀ ਮਾਲਦੀਵੀਆਂ ਦਾ ਹੋ ਜਾਂਦਾ ਹੈ।

ਇਸ ਦੇਸ਼ ਦੀ ਪ੍ਰਮੁਖ ਆਮਦਨ ਇਸਦੇ ਦੀਪਾਂ ਦੀ ਵਚਿੱਤਰਤਾ ਹੈ ਜਿਸਨੂੰ ਵੇਖਣ ਦੁਨੀਆ ਭਰ ਦੇ ਯਾਤਰੀ ਆਉਂਦੇ ਹਨ। 2021 ਤੋਂ 2023 ਦੌਰਾਨ ਭਾਰਤ ਤੋਂ ਏਥੇ ਜਾਣ ਵਾਲਿਆਂ ਦੀ ਗਿਣਤੀ ਦੋ ਲੱਖ ਪ੍ਰਤੀ ਸਾਲ ਸੀ ਤੇ ਚੀਨੀ ਯਾਤਰੀਆਂ ਦੀ ਕੇਵਲ 54 ਹਜ਼ਾਰ। 1976 ਦੇ ਭਾਰਤੀ ਯਾਤਰੀਆਂ ਵਿਚ ਮੈਂ ਤੇ ਮੇਰੀ ਹਮ ਸਫਰ ਵੀ ਸ਼ਾਮਲ ਸਾਂ। ਅਸਲ ਵਿਚ ਮੇਰੀ ਪਤਨੀ ਨੂੰ ਵਿਸ਼ਵ ਸਿਹਤ ਸੰਸਥਾ (WHO) ਨੇ ਉਥੇ ਡਾਕਟਰੀ ਸਲਾਹਕਾਰ ਵਜੋਂ ਭੇਜਿਆ ਸੀ ਤੇ ਮੈਂ ਸੈਰ ਸਪਾਟੇ ਲਈ ਨਾਲ ਚਲਾ ਗਿਆ ਸਾਂ। ਉਥੇ ਜਾ ਕੇ ਪਤਾ ਲੱਗਿਆ ਕਿ ਉਦੋਂ ਤਕ ਉਥੇ ਸਟੇਟ ਬੈਂਕ ਆਫ ਇੰਡੀਆ ਦੀ ਬ੍ਰਾਂਚ ਖੁੱਲ੍ਹ ਚੁੱਕੀ ਸੀ। ਸਾਡੇ ਉਥੋਂ ਪਰਤਣ ਪਿਛੋਂ 1984 ਵਿਚ ਉਥੇ ਭਾਰਤ-ਮਾਲਦੀਵ ਮਿੱਤਰਤਾ ਐਸੋਸੀਏਸ਼ਨ ਨਾਂ ਦੀ ਇਕ ਸੰਸਥਾ ਵੀ ਹੋਂਦ ਵਿਚ ਆ ਚੁੱਕੀ ਸੀ, ਜਿਸ ਰਾਹੀਂ ਨਾਚ ਗਾਣੇ, ਸਾਹਿਤ, ਸਭਿਆਚਾਰ ਦਾ ਆਦਾਨ-ਪ੍ਰਦਾਨ ਹੁੰਦਾ ਸੀ। ਹੁਣ ਤਾਂ ਉਥੇ ਵਿਦਿਅਕ ਸੰਸਥਾਵਾਂ ਤੋਂ ਬਿਨਾ ਡਾਕਟਰੀ ਸਹਾਇਤਾ ਲਈ 200 ਬਿਸਤਰਿਆਂ ਦਾ ਇੰਦਰਾ ਗਾਂਧੀ ਮੈਮੋਰੀਅਲ ਹਸਪਤਾਲ ਵੀ ਸਥਾਪਤਾ ਹੋ ਚੁੱਕਾ ਹੈ। ਕੋਵਿਡ 19 ਦੇ ਸਮੇਂ ਉਨ੍ਹਾਂ ਨੂੰ ਟੀਕੇ ਪਹੁੰਚਾਉਣ ਵਾਲਾ ਵੀ ਸਾਡਾ ਦੇਸ਼ ਹੀ ਸੀ। ਭਾਰਤ ਨਾਲ ਵਿਗਾੜ ਪੈਣ ਦਾ ਕਾਰਨ ਤਾਂ ਸਮਝ ਨਹੀਂ ਆਉਂਦਾ ਪਰ ਸ੍ਰੀ ਨਰਿੰਦਰ ਮੋਦੀ ਦੀ ਲਕਸ਼ਦੀਪ ਫੇਰੀ ਸਮੇਂ ਉਥੋਂ ਦੇ ਤਿੰਨ ਡਿਪਟੀ ਮੰਤਰੀਆਂ ਨੇ 'ਵਾਪਸ ਜਾਓ' ਨਾਅਰੇ ਲਾਏ ਸਨ।

ਚੇਤੇ ਰਹੇ ਕਿ ਇਹ ਨਿਕਚੂ ਤੇ ਗਰੀਬ ਗਣਰਾਜ 98% ਪੜ੍ਹਿਆ ਹੋਇਆ ਹੈ ਅਤੇ ਏਥੋਂ ਦਾ ਧਰਮ, ਝੰਡਾ, ਵਿਧਾਨ ਤੇ ਜੀਵਨ ਢੰਗ ਇਸਲਾਮਿਕ ਹੈ ਪਰ ਏਥੇ ਪਰਦੇ ਦਾ ਕੋਈ ਰਿਵਾਜ ਨਹੀਂ। ਕੀ ਬੁੱਢੇ ਤੇ ਕੀ ਮੁੰਡੇ ਕੁੜੀਆਂ ਸ਼ਾਮ ਦੇ ਛੇ ਵਜੇ ਤੋਂ ਦਸ ਵਜੇ ਤੱਕ ਸਾਗਰ ਕੰਢੇ ਦੇ ਚਾਂਦਨੀ ਮਾਰਗ ਉੱਤੇ ਸੈਰ ਕਰਦੇ ਪੈਂਟ ਸਕਰਟ ਪਹਿਨੇ ਮਿਲਦੇ ਹਨ। ਏਥੋਂ ਦੀ ਪ੍ਰਮੁੱਖ ਖੁਰਾਕ ਮੱਛੀ, ਪਪੀਤਾ, ਕੇਲਾ ਤੇ ਥੋੜ੍ਹਾ ਬਹੁਤ ਨਾਰੀਅਲ ਵੀ। ਮੱਛੀ ਤਾਂ ਏਨੀ ਹੁੰਦੀ ਹੈ ਕਿ ਸਵੇਰੇ ਸਵੇਰੇ ਚਾਂਦਨੀ ਮਾਰਗ 'ਤੇ ਸੈਰ ਕਰਨ ਨਿਕਲੀਏ ਤਾਂ ਸਾਗਰੀ ਲਹਿਰਾਂ ਦੀਆਂ ਸੁੱਟੀਆਂ ਮੱਛੀਆਂ ਨੂੰ ਛੋਟੇ-ਛੋਟੇ ਬੱਚੇ ਚੁੱਕ ਕੇ ਏਦਾਂ ਖੁਸ਼ ਹੁੰਦੇ ਹਨ ਜਿਵੇਂ ਏਥੇ ਹਨੇਰੀ ਤੋਂ ਪਿੱਛੋਂ ਝੜੇ ਹੋਏ ਅੰਬ ਜਾਂ ਚੁੱਕਣ ਵਾਲੇ ਬੇਰ। ਏਥੋਂ ਦੀ ਟਿਊਨਾ ਮੱਛੀ ਏਨੀ ਚੰਗੀ ਸਮਝੀ ਜਾਂਦੀ ਹੈ ਕਿ ਮੱਛੀ-ਖਾਣੇ ਯਾਤਰੀ ਲਿਆਉਣੀ ਚਾਹੁਣ ਤਾਂ ਉਨ੍ਹਾਂ ਨੂੰ ਪਰਮਿਟ ਕਟਾਉਣਾ ਪੈਂਦਾ ਹੈ। ਉਨ੍ਹਾਂ ਦੀ ਆਰਥਿਕਤਾ ਦਾ ਸੋਮਾ ਵੀ ਇਹ ਮੱਛੀ ਹੈ ਜਾਂ ਵਿਦੇਸ਼ੀ ਯਾਤਰੀ। ਸਾਡੇ ਦੇਸ਼ ਨਾਲ ਵਿਗਾੜ ਨਵੰਬਰ 2023 ਨੂੰ ਹੋਏ ਉਥੋਂ ਦੇ ਰਾਜ ਪਲਟੇ ਨਾਲ ਪਿਆ ਜਦੋਂ ਉਥੋਂ ਦੀ ਜਨਤਾ ਨੇ ਚੀਨ ਪੱਖੀ ਰਾਸ਼ਟਰਪਤੀ ਚੁਣ ਲਿਆ। ਮੁਹੰਮਦ ਮੁਈਜ਼ੂ! ਉਸਨੇ ਕਮਾਂਡ ਸੰਭਾਲਦੇ ਸਾਰ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਆਪਣੇ ਵਲੋਂ ਦਿੱਤੇ ਹੈਲੀਕਾਪਟਰ 10 ਮਾਰਚ ਤੋਂ ਪਹਿਲਾਂ ਵਾਪਸ ਲੈ ਜਾਣ। ਫੇਰ 4 ਮਾਰਚ ਨੂੰ ਵਾਪਸੀ ਸਮੇਂ ਉਸਨੇ ਇਹ ਗੱਲ ਵੀ ਕਹੀ ਕਿ ਉਸਦਾ ਦੇਸ਼ ਛੋਟਾ ਨਹੀਂ ਸਾਗਰ ਦੇ ਨੌਂ ਲੱਖ ਮੁਰੱਬਾ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ, 12 ਹਜ਼ਾਰ ਟਾਪੂਆਂ ਵਾਲਾ ਆਪਣੀ ਸੰਭਾਲ ਆਪ ਕਰ ਸਕਦਾ ਹੈ।

ਚੀਨ ਤੇ ਤੁਰਕੀ ਤੋਂ ਸਹਾਇਤਾ ਲੈਣ ਦੀਆਂ ਜੜ੍ਹਾਂ ਵੀ ਏਸੇ ਵਿਚ ਹਨ। ਉਹ ਦੇਸ਼ ਸੌ ਫੀਸਦੀ ਇਸਲਾਮਿਕ ਹੈ। ਭਾਰਤ ਨਾਲੋਂ ਬਿਖੇੜੇ ਦੀਆਂ



ਜੜ੍ਹਾਂ ਮੋਦੀ ਸਰਕਾਰ ਦੇ ਹਿੰਦੂਤਵ ਏਜੰਡੇ ਵਿਚ ਵੀ ਹੋ ਸਕਦੀਆਂ ਹਨ।

ਚੇਤੇ ਰਹੇ ਕਿ ਇੱਥੋਂ ਦੀਆਂ ਫਸਲਾਂ ਨਾਰੀਅਲ, ਕੇਲਾ ਤੇ ਪਪੀਤਾ ਹਨ ਜਿਹੜੇ ਕਿ ਸਮੁੰਦਰ ਦੇ ਕੰਢੇ ਆਮ ਹੁੰਦੇ ਹਨ। ਖਾਣ ਲਈ ਮਿੱਠੇ। ਕਿਧਰੇ-ਕਿਧਰੇ ਸੰਗਤਰਾ ਤੇ ਕੋਈ ਕੋਈ ਮੱਕੀ ਦਾ ਟਾਂਡਾ ਵੀ ਉੱਗ ਆਉਂਦਾ ਹੈ। ਪੀਣ ਲਈ ਪਾਣੀ ਮੀਂਹ ਵਰ੍ਹਨ ਸਮੇਂ ਮਕਾਨਾਂ ਦੀਆਂ ਛੱਤਾਂ ਉਤੇ ਜਮ੍ਹਾਂ ਕੀਤਾ ਜਾਂਦਾ ਹੈ, ਜਿਸ ਨੂੰ ਪਿੱਛੋਂ ਉਤਾਰ ਕੇ ਪੀ ਲਿਆ ਜਾਂਦਾ ਹੈ। ਮੀਂਹਾਂ ਦਾ ਇੱਥੇ ਕੋਈ ਘਾਟਾ ਨਹੀਂ।

1976 ਵਿਚ ਇੱਥੋਂ ਦੀ ਪੁਲਸ ਅਤੇ ਫ਼ੌਜ ਕੋਲ ਡੰਡੇ ਤੋਂ ਵਡੇਰਾ ਕੋਈ ਹਥਿਆਰ ਨਹੀਂ ਸੀ। ਆਉਣ-ਜਾਣ ਵਾਲੇ ਯਾਤਰੀਆਂ ਨੂੰ ਚੇਤਾਵਨੀ ਦਿੱਤੀ ਜਾਂਦੀ ਸੀ ਕਿ ਮਾਲਦੀਪ ਦਾਖ਼ਲ ਹੋਣ ਤੋਂ ਪਹਿਲਾਂ ਪੱਕਾ ਕਰ ਲੈਣ ਕਿ ਉਨ੍ਹਾਂ ਕੋਲ ਕੋਈ ਮੂਰਤੀ, ਹਥਿਆਰ, ਸ਼ਰਾਬ, ਕੁੱਤਾ ਜਾਂ ਹੋਰ ਜਾਨਵਰ ਨਾ ਹੋਵੇ। ਹਥਿਆਰ ਉਹ ਰੱਖਦੇ ਹੀ ਨਹੀਂ ਸਨ ਤੇ ਜਾਨਵਰ ਉਥੇ ਚੂਹੇ ਤੋਂ ਵੱਡਾ ਕੋਈ ਨਹੀਂ ਸੀ ਮਿਲਦਾ। ਜੇ ਕਿਸੇ ਮਾਪੇ ਜਾਂ ਅਧਿਆਪਕ ਨੇ ਆਪਣੇ ਬੱਚੇ ਜਾਂ ਮਿਸ ਨੂੰ ਇਹ ਸਮਝਾਉਣਾ ਹੁੰਦਾ ਕਿ ਹਾਥੀ ਕਿੱਡਾ ਹੁੰਦਾ ਹੈ ਤਾਂ ਉਹ ਚੂਹੇ ਨੂੰ ਹਜ਼ਾਰਾਂ ਲੱਖਾਂ ਨਾਲ ਜ਼ਰਬ ਦੇ ਕੇ ਹੀ ਸਮਝਾ ਸਕਦਾ ਸੀ।

ਜਿਥੋਂ ਤਕ ਤੁਰਨ-ਫਿਰਨ ਦੇ ਵਸੀਲਿਆਂ ਦਾ ਸੰਬੰਧ ਹੈ, ਹਜ਼ਾਰਾਂ ਰੁਪਏ ਮਹੀਨਾ ਤਨਖਾਹ ਲੈਣ ਵਾਲੇ ਯੂ. ਐਨ.ਓ. ਸਲਾਹਕਾਰਾਂ ਨੂੰ ਵੀ ਇਥੇ ਵੱਡੀ ਤੋਂ ਵੱਡੀ ਸਵਾਰੀ ਸਾਈਕਲ ਮਿਲਦੀ ਸੀ ਜਿਸ ਦੇ ਪਿਛਲੇ ਮਡਗਾਰਡ ਉਤੇ ਗੌਰਮਿੰਟ ਆਫ ਮਾਲਦੀਵ ਲਿਖਿਆ ਹੁੰਦਾ ਸੀ। ਮੇਰੀ ਬੀਵੀ ਸਾਈਕਲ ਚਲਾਉਣਾ ਨਹੀਂ ਸੀ ਜਾਣਦੀ, ਪਰ ਮੈਂ ਨਿੱਜੀ ਫੇਰੇ ਤੋਰੇ ਲਈ ਉਸ ਦੇ ਸਰਕਾਰੀ ਸਾਈਕਲ ਦੀ ਵਰਤੋਂ ਨਹੀਂ ਸੀ ਕਰ ਸਕਦਾ। ਕਾਨੂੰਨ ਇਸ ਦੀ ਆਗਿਆ ਨਹੀਂ ਸੀ ਦਿੰਦਾ। ਮੈਂ ਆਪਣੇ ਲਈ ਸਾਈਕਲ ਕਿਰਾਏ 'ਤੇ ਲੈ ਲਈ। ਮੇਰੇ ਨਾਲ ਜੋ ਬੀਤੀ ਉਹ ਦਿਲਚਸਪ ਹੈ। ਇਕ ਦਿਨ ਸੂਰਜ ਛਿਪਣ ਵੇਲੇ ਮੈਨੂੰ ਇਕ ਮੋੜ ਉਤੇ ਸਿਪਾਹੀ ਨੇ ਰੋਕ ਲਿਆ। ਇਹ ਸੋਚ ਕੇ ਕਿ ਮੈਂ ਬੱਤੀ ਨਹੀਂ ਜਗਾਈ, ਮੈਂ ਸਾਈਕਲ ਤੋਂ ਉਤਰਿਆ ਅਤੇ ਬੱਤੀ ਜਗਾ ਲਈ। ਜਦੋਂ ਮੁੜ ਚੜ੍ਹਨ ਲੱਗਾ ਤਾਂ ਸਿਪਾਹੀ ਨੇ ਫੇਰ ਸੀਟੀ ਮਾਰ ਦਿੱਤੀ। ਮੈਂ ਫੇਰ ਉਤਰ ਗਿਆ। ਉਸ ਨੇ ਇਸ਼ਾਰਾ ਕਰ ਕੇ ਮੈਨੂੰ ਦੱਸਿਆ ਕਿ ਮੈਨੂੰ ਗੋਲ ਚੱਕਰ ਉਪਰੋਂ ਘੁੰਮ ਕੇ ਆਉਣਾ ਚਾਹੀਦਾ ਸੀ। ਚੱਕਰ, ਛੋਟਾ, ਖੂਹ ਦੀ ਗੋਲਾਈ ਜਿੱਡਾ। ਮੈਂ ਆਪਣੀ ਗ਼ਲਤੀ ਲਈ ਸੌਰੀ ਕਹਿ ਕੇ ਫੇਰ ਸਾਈਕਲ 'ਤੇ ਚੜ੍ਹ ਗਿਆ। ਪਰ ਸਿਪਾਹੀ ਨੇ ਫੇਰ ਸੀਟੀ ਮਾਰ ਕੇ ਮੈਨੂੰ ਸਾਈਕਲ ਤੋਂ ਉਤਾਰ ਲਿਆ ਗ਼ਲਤੀ ਦੀ ਮੁਆਫ਼ੀ ਮੰਗ ਲੈਣਾ ਕਾਫ਼ੀ ਨਹੀਂ ਸੀ। ਜਿੰਨਾ ਚਿਰ ਮੈਂ ਗੱਲ ਚੱਕਰ ਦੇ ਉਤੋਂ ਦੀ ਹੋ ਕੇ ਨਹੀਂ ਲੰਘਿਆ ਉਸ ਨੇ ਮੈਨੂੰ ਤੁਰਨ ਨਹੀਂ ਦਿੱਤਾ। ਸਿਪਾਹੀ ਇਹ ਵੀ ਜਾਣਦਾ ਸੀ ਕਿ ਉਥੋਂ ਦੀ ਸਭ ਤੋਂ ਵੱਧ ਤਨਖਾਹ ਲੈਣ ਵਾਲੀ ਤੇ ਇੱਜ਼ਤਦਾਰ ਡਾਕਟਰ ਦੇ ਘਰ ਵਾਲਾ ਸਾਂ, ਪਰ ਉਥੋਂ ਦਾ ਕਾਨੂੰਨ ਉਸ ਨੂੰ ਇਹ ਆਗਿਆ ਨਹੀਂ ਸੀ ਦਿੰਦਾ ਕਿ ਮੇਰੇ ਵੱਲੋਂ ਕੀਤੀ ਗਈ ਕਾਨੂੰਨ ਦੀ ਉਲੰਘਣਾ ਪਰਵਾਨ ਕਰਦਾ।

ਉਸ ਦਿਨ ਤੋਂ ਲੈ ਕੇ ਅੱਜ ਤੱਕ ਕੋਈ 100 ਦੇ ਕਰੀਬ ਮਾਲਦੀਵ ਦੇ ਵਸਨੀਕ ਮੈਨੂੰ ਪਿਛਲੇ 45 ਸਾਲਾਂ ਵਿਚ ਦਿੱਲੀ ਤੇ ਚੰਡੀਗੜ੍ਹ ਆ ਕੇ ਮਿਲ ਚੁੱਕੇ ਹਨ। ਉਨ੍ਹਾਂ ਨੂੰ ਸਾਡਾ ਦੋ ਮਹੀਨੇ ਉਥੇ ਰਹਿਣਾ ਨਹੀਂ ਭੁੱਲਿਆ ਤੇ ਮੈਨੂੰ ਉਨ੍ਹਾਂ ਦੇ ਸਿਪਾਹੀ ਵੱਲੋਂ ਚੱਕਰ ਦਾ ਗੇੜਾ ਦੁਆਉਣਾ। ਸਾਰਕ ਮੀਟਿੰਗਾਂ ਸਮੇਂ ਭਾਰਤ, ਨੇਪਾਲ, ਪਾਕਿਸਤਾਨ, ਬੰਗਲਾ ਦੇਸ਼, ਬਰਮਾ ਤੇ ਸ੍ਰੀਲੰਕਾ ਦੇ ਮੰਤਰੀਆਂ ਤੇ ਪ੍ਰਧਾਨ ਮੰਤਰੀਆਂ ਨਾਲ ਕੀ ਬੀਤਦੀ ਹੋਵੇਗੀ ਉਹ ਆਪ ਹੀ ਦੱਸ ਸਕਦੇ ਹਨ।

ਅੰਤਿਕਾ
—ਮਿਰਜ਼ਾ ਗਾਲਿਬ—
ਰਾਤ ਕੇ ਵਕਤ ਮੈਂ ਪੀਏ, ਸਾਥ ਰਕੀਬ ਕੋ ਲੀਏ
ਆਏ ਵੁਹ ਯਾਂ ਖੁਦਾ ਕਰੇ, ਪਰ ਨਾ ਕਰੇ ਖ਼ੁਦਾ ਕਿ ਯੂੰ।

# ਚੁਣਾਵੀ ਬਾਂਡ ਦੀ ਸਿਆਸਤ ਅਤੇ ਕਾਲਾ ਧਨ

2017 ਵਿਚ ਤਤਕਾਲੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਸਿਆਸੀ ਪਾਰਟੀਆਂ ਨੂੰ ਪੈਸਾ ਦੇਣ ਵਾਲੀਆਂ ਫਰਮਾਂ ਅਤੇ ਲੋਕਾਂ ਲਈ ਨਵੇਂ ਤੌਰ-ਤਰੀਕੇ ਦਾ ਐਲਾਨ ਕੀਤਾ ਸੀ। ਕੋਈ ਵੀ ਬੰਦਾ ਬੈਂਕ ਤੋਂ ਚੋਣ ਬਾਂਡ ਖਰੀਦ ਸਕਦਾ ਹੈ ਅਤੇ ਇਸ ਨੂੰ ਆਪਣੀ ਪਸੰਦ ਦੀ ਪਾਰਟੀ ਨੂੰ ਦੇਣ ਲਈ ਕਹਿ ਸਕਦਾ ਹੈ। ਬਾਂਡ ਖਰੀਦਣ ਵਾਲੇ ਦੀ ਪਛਾਣ ਜ਼ਾਹਿਰ ਨਹੀਂ ਹੋਵੇਗੀ। ਸਿਆਸੀ ਪਾਰਟੀ ਨੂੰ ਇਹ ਪੈਸਾ ਕਢਵਾਉਣ ਲਈ ਸਿਰਫ਼ ਕਾਗਜ਼ਾਤ ਮਿਲਣਗੇ ਪਰ ਇਹ ਪਤਾ ਨਹੀਂ ਲੱਗੇਗਾ ਕਿ ਪੈਸਾ ਕਿਸ ਨੇ ਦਿੱਤਾ। ਸਰਕਾਰ ਮੁਤਾਬਕ, ਇਸ ਨਾਲ ਇਹ ਯਕੀਨੀ ਬਣਿਆ ਕਿ ਨੇਤਾ ਖਾਸ ਤੌਰ 'ਤੇ ਉਦੋਂ ਜਦ ਉਹ ਸੱਤਾ ਵਿਚ ਹੁੰਦੇ ਹਨ ਕਿਸੇ ਨੂੰ ਲਾਭ ਪਹੁੰਚਾਉਣ ਲਈ ਪੈਸੇ ਨਹੀਂ ਲੈ ਸਕਦੇ।

ਔਨਿੰਦਿਓ ਚੱਕਰਵਰਤੀ

ਬਿਲਕੁਲ, ਅਜਿਹਾ ਲੱਗਦਾ ਹੈ ਕਿ ਭਾਰਤ ਵਿਚਲਾ ਹਰ ਰਾਜਨੀਤਕ ਦਾਨੀ ਤੁਹਾਡੇ ਮੌਨ ਪ੍ਰਸ਼ੰਸਕ ਵਰਗਾ ਹੈ ਜੋ ਆਪਣੀ ਪਛਾਣ ਦੱਸੇ ਬਿਨਾਂ ਤੁਹਾਨੂੰ ਤੋਹਫ਼ੇ ਭੇਜ ਰਿਹਾ ਹੈ।

ਸਮਝਿਆ ਜਾ ਸਕਦਾ ਹੈ ਕਿ ਵਿਰੋਧੀ ਧਿਰ ਨੂੰ ਇਹ ਦਲੀਲ ਪਸੰਦ ਨਹੀਂ ਆਈ। ਕਾਂਗਰਸ ਨੇ ਵਾਅਦਾ ਕੀਤਾ ਕਿ 2019 ਦੀਆਂ ਚੋਣਾਂ ਜਿੱਤਣ ਦੀ ਸੂਰਤ 'ਚ ਉਹ ਚੁਣਾਵੀ ਬਾਂਡ ਬੰਦ ਕਰ ਦੇਵੇਗੀ ਪਰ ਚੋਣਾਂ ਹਾਰਨ ਤੋਂ ਬਾਅਦ ਪਾਰਟੀ ਚੁੱਪ-ਚੁਪੀਤੇ ਪੈਸੇ ਲੈਂਦੀ ਰਹੀ। ਸੀ.ਪੀ.ਐੱਮ. ਇਕੋ-ਇਕ ਪਾਰਟੀ ਸੀ ਜਿਸ ਨੇ ਚੋਣ ਬਾਂਡ ਦੇ ਮਾਧਿਅਮ ਰਾਹੀਂ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ। ਇਹ ਵੀ ਨਹੀਂ ਸੀ ਕਿ ਕਾਰਪੋਰੇਟ ਦਾਨੀ ਸੈਂਕੜਿਆਂ ਦੀ ਗਿਣਤੀ ਵਿਚ ਉਨ੍ਹਾਂ ਨੂੰ ਪੈਸੇ ਦੇਣ ਲਈ ਕਤਾਰ ਲਾ ਕੇ ਖੜ੍ਹੇ ਸਨ। ਹੁਣ ਜਦ ਸੁਪਰੀਮ ਕੋਰਟ ਨੇ ਚੁਣਾਵੀ ਬਾਂਡ ਸਕੀਮ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਹੈ ਤੇ ਚੋਣ ਕਮਿਸ਼ਨ ਨੂੰ ਚੰਦਾ ਦੇਣ ਵਾਲਿਆਂ ਦੇ ਵੇਰਵੇ ਜਨਤਕ ਕਰਨ ਲਈ ਕਿਹਾ ਹੈ, ਬਹੁਤ ਸਾਰੇ ਬੇਸੁਆਦ ਵੇਰਵੇ ਸਾਹਮਣੇ ਆ ਰਹੇ ਹਨ। ਮਸਲਨ, ਕਈ ਦਾਨੀਆਂ ਨੇ ਆਪਣੀ ਕੰਪਨੀ ਦੀ ਆਮਦਨੀ ਤੋਂ ਵੀ ਵੱਧ ਪੈਸਾ ਦਿੱਤਾ ਹੈ। ਕੁਝ ਫਰਮਾਂ ਜਿਨ੍ਹਾਂ 'ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਛਾਪੇ ਮਾਰੇ ਸਨ, ਨੇ ਸਭ ਤੋਂ ਜ਼ਿਆਦਾ ਪੈਸੇ ਦਿੱਤੇ ਹਨ। ਸਭ ਤੋਂ ਅਹਿਮ ਗੱਲ, ਸਿਆਸੀ ਪਾਰਟੀਆਂ ਤੇ ਚੰਦਾ ਦੇਣ ਵਾਲਿਆਂ ਨੇ ਮੰਨਿਆ ਹੈ ਕਿ ਉਨ੍ਹਾਂ ਨੂੰ ਇਕ-ਦੂਜੇ ਬਾਰੇ ਪਤਾ ਹੈ ਜੋ ਇਸ ਮਿੱਥ ਨੂੰ ਤੋੜਦਾ ਹੈ ਕਿ ਚੋਣ ਬਾਂਡ ਗੁਪਤ ਹਨ।

ਭਾਜਪਾ ਨੂੰ ਚੁਣਾਵੀ ਬਾਂਡਾਂ ਰਾਹੀਂ ਮਿਲਿਆ ਚੰਦਾ ਬਾਕੀ ਸਾਰੀਆਂ ਪਾਰਟੀਆਂ ਨੂੰ ਮਿਲੇ ਕੁੱਲ ਦਾਨ ਦੇ ਬਰਾਬਰ ਹੈ, ਇਸ ਲਈ ਵਿਰੋਧੀ ਧਿਰਾਂ ਨੂੰ ਸਰਕਾਰ 'ਤੇ ਨਿਸ਼ਾਨਾ ਸੇਧਣ ਦੀ ਪੂਰੀ ਖੁੱਲ੍ਹ ਮਿਲ ਗਈ ਹੈ। ਸੋਸ਼ਲ ਮੀਡੀਆ ਉਨ੍ਹਾਂ ਦੋਸ਼ਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਵਿਚ ਕਿਹਾ ਜਾ ਰਿਹਾ ਹੈ ਕਿ ਕਾਰੋਬਾਰੀ ਘਰਾਣਿਆਂ ਤੋਂ ਪੈਸੇ ਵਸੂਲਣ ਲਈ ਸਰਕਾਰੀ ਏਜੰਸੀਆਂ ਨੂੰ ਵਰਤਿਆ ਗਿਆ। ਇਹ ਭਾਵੇਂ ਸਭ ਵੱਡੇ ਸਿਆਸੀ ਅਡੰਬਰਾਂ ਦਾ ਆਧਾਰ ਬਣ ਸਕਦਾ ਹੈ ਪਰ ਇਸ ਤੋਂ ਵੱਧ ਕੁਝ ਨਹੀਂ ਹੋ ਸਕਦਾ। ਇਸ ਦਾ ਕਾਰਨ ਹੈ ਕਿ ਚੁਣਾਵੀ ਬਾਂਡ ਉਸ ਰਾਸ਼ੀ ਦਾ ਛੋਟਾ ਜਿਹਾ ਹਿੱਸਾ ਹੀ ਹਨ ਜਿੰਨਾ ਸਿਆਸੀ ਧਿਰਾਂ ਚੋਣਾਂ 'ਤੇ ਖਰਚਦੀਆਂ ਹਨ।



2019 ਦੀਆਂ ਲੋਕ ਸਭਾ ਚੋਣਾਂ ਨੂੰ ਹੀ ਲੈ ਲਓ। ਹੁਣ ਤੱਕ ਸਾਨੂੰ ਇਹ ਪਤਾ ਹੈ ਕਿ ਭਾਜਪਾ ਨੇ 2019 ਦੀਆਂ ਚੋਣਾਂ ਤੋਂ ਪਹਿਲਾਂ 1771 ਕਰੋੜ ਰੁਪਏ ਦੇ ਚੋਣ ਬਾਂਡ ਵਰਤੇ ਪਰ ਆਪਣੀ ਚੋਣ ਪ੍ਰਚਾਰ ਮੁਹਿੰਮ 'ਤੇ ਇਸ ਨੇ ਕਿੰਨਾ ਪੈਸਾ ਖਰਚਿਆ? 'ਸੈਂਟਰ ਫਾਰ ਮੀਡੀਆ ਸਟੱਡੀਜ਼' (ਸੀ.ਐੱਮ.ਐੱਸ.) ਦੇ ਅਨੁਮਾਨਾਂ ਮੁਤਾਬਕ ਸਿਆਸੀ ਪਾਰਟੀਆਂ ਨੇ 2019 ਵਿਚ 55000-60000 ਕਰੋੜ ਰੁਪਏ ਖਰਚੇ। ਸੀ.ਐੱਮ.ਐੱਸ. ਦੇ ਅੰਦਾਜ਼ੇ ਮੁਤਾਬਕ ਭਾਜਪਾ ਨੇ ਇਸ ਰਾਸ਼ੀ ਦਾ 45 ਪ੍ਰਤੀਸ਼ਤ ਖਰਚਿਆ। ਇਹ ਰਾਸ਼ੀ ਕਰੀਬ 25000-27000 ਕਰੋੜ ਰੁਪਏ ਬਣਦੀ ਹੈ ਜੋ ਇਕੱਲੀ ਭਾਜਪਾ ਨੇ 2019 ਦੀ ਚੋਣ ਮੁਹਿੰਮ ਉਤੇ ਖਰਚੀ। ਇਸ ਦਾ ਮਤਲਬ ਹੈ ਕਿ ਭਾਜਪਾ ਦੇ ਕੁੱਲ ਖਰਚ 'ਚ ਚੁਣਾਵੀ ਬਾਂਡਾਂ ਦਾ ਹਿੱਸਾ ਸਿਰਫ਼ 7 ਪ੍ਰਤੀਸ਼ਤ ਰਿਹਾ।

ਮਾਰਚ 2018 ਜਦ ਚੁਣਾਵੀ ਬਾਂਡ ਪਹਿਲੀ ਵਾਰ ਲਾਂਚ ਹੋਏ, ਤੋਂ ਲੈ ਕੇ ਜਨਵਰੀ 2024 ਤੱਕ ਪਾਰਟੀਆਂ ਨੇ ਕਰੀਬ 16500 ਕਰੋੜ ਰੁਪਏ ਦੇ ਬਾਂਡ ਪ੍ਰਾਪਤ ਕਰ ਲਏ ਸਨ। ਇਸ ਵਕਫ਼ੇ ਦੌਰਾਨ ਅਸੀਂ ਇਕ ਲੋਕ ਸਭਾ ਚੋਣ ਅਤੇ 36 ਵਿਧਾਨ ਸਭਾ ਚੋਣਾਂ ਦੇਖੀਆਂ। ਜੇਕਰ ਸੀ.ਐੱਮ.ਐੱਸ. ਵੱਲੋਂ ਪਹਿਲੀ ਵਾਰ ਕੀਤੇ 2019 ਦੀਆਂ ਚੋਣਾਂ ਦੇ ਖਰਚ ਦੇ ਹਿਸਾਬ-ਕਿਤਾਬ ਨੂੰ ਨਾਲੋ-ਨਾਲ ਵਧੀ ਮਹਿੰਗਾਈ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਸੌਖਿਆਂ ਹੀ ਮੰਨਿਆ ਜਾ ਸਕਦਾ ਹੈ ਕਿ ਇਨ੍ਹਾਂ 37 ਚੋਣਾਂ (ਪਿਛਲੀਆਂ ਲੋਕ ਸਭਾ ਚੋਣਾਂ ਸਮੇਤ) 'ਤੇ ਲਗਭਗ 1.2-1.5 ਲੱਖ ਕਰੋੜ ਰੁਪਏ ਦਾ ਖਰਚ ਕੀਤਾ ਗਿਆ ਹੈ। ਕੁੱਲ ਚੋਣ ਖਰਚ ਵਿਚ ਚੁਣਾਵੀ ਬਾਂਡਾਂ ਦਾ ਹਿੱਸਾ ਮਹਿਜ਼ 11-13 ਪ੍ਰਤੀਸ਼ਤ ਹੀ ਰਿਹਾ ਹੋਵੇਗਾ। ਸਿਆਸੀ ਪਾਰਟੀਆਂ ਵੱਲੋਂ ਆਪਣੇ ਪ੍ਰਚਾਰ 'ਤੇ ਖਰਚੀ ਜਾਂਦੀ ਰਾਸ਼ੀ ਦਾ ਇਹ ਸਿਰਫ਼ 12 ਕੁ ਫ਼ੀਸਦ ਬਣਦਾ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਜਦ ਸੀ.ਐੱਮ.ਐੱਸ. ਨੇ 2019 ਦੀਆਂ ਚੋਣਾਂ ਦੇ ਖਰਚ ਦਾ ਲੇਖਾ-ਜੋਖਾ ਕੀਤਾ ਤਾਂ ਇਸ ਵੱਲੋਂ ਉਹ ਸਾਰਾ ਖਰਚਾ ਘੇਰੇ ਤੋਂ ਬਾਹਰ ਰੱਖਿਆ ਗਿਆ ਜੋ ਸਪੱਸ਼ਟ ਤੌਰ 'ਤੇ ਚੋਣਾਂ ਨੂੰ ਧਿਆਨ 'ਚ ਰੱਖ ਕੇ, ਆਦਰਸ਼ ਚੋਣ ਜ਼ਾਬਤਾ ਲੱਗਣ ਤੋਂ ਬਿਲਕੁਲ ਪਹਿਲਾਂ ਕੀਤਾ ਗਿਆ ਸੀ। ਜੇਕਰ ਇਸ ਖਰਚ ਨੂੰ ਵੀ ਜੋੜਿਆ ਜਾਵੇ ਤਾਂ ਅੰਕੜਾ ਹੋਰ ਵੀ ਵੱਡਾ ਹੋ ਸਕਦਾ ਹੈ। ਅਸਲ ਵਿਚ, ਸਿਆਸੀ ਪਾਰਟੀਆਂ ਸਿਰਫ਼ ਚੋਣਾਂ ਦੌਰਾਨ ਹੀ ਖਰਚ ਨਹੀਂ ਕਰਦੀਆਂ, ਜ਼ਮੀਨੀ ਪੱਧਰ 'ਤੇ ਚੋਣ ਮਸ਼ੀਨਰੀ ਨੂੰ ਸਰਗਰਮ ਰੱਖਣ ਲਈ ਉਨ੍ਹਾਂ ਨੂੰ ਪੂਰਾ ਸਾਲ ਖਰਚਾ ਕਰਨਾ ਪੈਂਦਾ ਹੈ। ਇਸ ਸਭ 'ਤੇ ਪੈਸਾ ਲੱਗਦਾ ਹੈ, ਭਾਵੇਂ ਇਸ ਦਾ ਸਿੱਧਾ ਜਿਹਾ ਮਤਲਬ ਚਾਹ-ਬਿਸਕੁਟ ਜਾਂ ਤੇਲ ਦੇ ਬਿੱਲਾਂ ਦਾ ਖਰਚਾ ਹੀ ਕਿਉਂ ਨਾ ਹੋਵੇ। ਬਿਲਕੁਲ, ਕੇਵਲ ਚੁਣਾਵੀ ਬਾਂਡ ਹੀ ਇਕੋ-ਇਕ 'ਅਧਿਕਾਰਤ' ਮਾਧਿਅਮ ਨਹੀਂ ਹੈ ਜਿੱਥੋਂ ਸਿਆਸੀ ਪਾਰਟੀਆਂ ਨੂੰ ਪੈਸਾ ਮਿਲਦਾ ਹੈ। ਪੈਸੇ ਦੇ ਦੋ ਹੋਰ ਸਰੋਤ ਹਨ ਚੁਣਾਵੀ ਟਰੱਸਟ ਅਤੇ ਸਿੱਧਾ ਦਾਨ। ਸਾਲ 2018-2023 ਦਰਮਿਆਨ ਭਾਜਪਾ ਨੂੰ ਇਨ੍ਹਾਂ ਦੋ ਮਾਧਿਅਮਾਂ ਰਾਹੀਂ 4500 ਕਰੋੜ ਰੁਪਏ ਮਿਲੇ ਜੋ ਚੁਣਾਵੀ ਬਾਂਡਾਂ ਰਾਹੀਂ ਮਿਲੀ ਰਾਸ਼ੀ ਤੋਂ ਵੱਖਰੇ ਹਨ। ਜੇਕਰ ਤੁਸੀਂ ਇਨ੍ਹਾਂ ਨੂੰ ਜੋੜ ਵੀ ਦਿਓ ਤਾਂ ਵੀ ਇਹ ਉਸ ਖਰਚ ਦੇ ਮੁਕਾਬਲੇ ਬਹੁਤ ਛੋਟੀ ਜਿਹੀ ਰਾਸ਼ੀ ਹੋਵੇਗੀ ਜਿੰਨਾ ਪਾਰਟੀਆਂ ਤੇ ਉਨ੍ਹਾਂ ਦੇ ਉਮੀਦਵਾਰਾਂ ਨੇ ਕੌਮੀ ਤੇ ਸੂਬਾਈ ਚੋਣਾਂ 'ਚ ਕੀਤਾ ਹੋਵੇਗਾ।

ਵੱਡੀ ਚੋਣ ਲੜਨ ਵਾਲੇ ਕਿਸੇ ਵੀ ਸਿਆਸਤਦਾਨ ਨਾਲ ਗੱਲ ਕਰ ਕੇ ਦੇਖੋ ਤਾਂ ਉਹ ਤੁਹਾਨੂੰ ਦੱਸਣਗੇ ਕਿ ਸਿਆਸੀ ਫੰਡਿੰਗ ਦੀ ਪ੍ਰਕਿਰਿਆ ਅਸਲ ਵਿਚ ਕਾਫ਼ੀ ਗੈਰ-ਰਸਮੀ ਹੈ ਤੇ ਇਹ ਕੇਂਦਰੀਕ੍ਰਿਤ ਨਹੀਂ ਹੈ। ਪੈਸੇ ਦਾ ਵੱਡਾ ਹਿੱਸਾ ਵੱਖ-ਵੱਖ ਮੋਰਚਿਆਂ ਰਾਹੀਂ ਉਮੀਦਵਾਰਾਂ ਨੂੰ ਅਸਿੱਧੇ ਤੌਰ 'ਤੇ ਦਿੱਤਾ ਜਾਂਦਾ ਹੈ। ਜ਼ਮੀਨੀ ਪੱਧਰ 'ਤੇ ਸੱਤਾ ਦੇ ਸਥਾਨਕ ਦਲਾਲਾਂ ਨੂੰ ਅਦਾਇਗੀਆਂ ਹੁੰਦੀਆਂ ਹਨ। ਮੁਹਰੈਲ ਸੰਗਠਨ ਜਿਵੇਂ ਬੰਦ ਪਈਆਂ ਕੰਪਨੀਆਂ ਤੇ ਨਕਲੀ ਗ਼ੈਰ-ਸਰਕਾਰੀ ਸੰਗਠਨ (ਐਨ.ਜੀ.ਓ.), ਜ਼ਿਲ੍ਹਾ ਪੱਧਰ ਦੇ ਆਗੂਆਂ ਨੂੰ ਵਿੱਤ ਮੁਹੱਈਆ ਕਰਾਉਂਦੇ ਹਨ, ਇਕ ਨੇਤਾ ਨੂੰ ਉਸ ਦੇ ਮੰਤਵਾਂ ਦੀ ਪੂਰਤੀ ਲਈ ਪੈਸਾ ਦਾਨ ਕਰਦੇ ਹਨ ਤੇ ਚੋਣ ਖਰਚਿਆਂ ਲਈ ਨਗਦ ਅਦਾਇਗੀਆਂ ਕਰਦੇ ਹਨ। ਇਲਾਕੇ 'ਚ ਹਿੱਤ ਰੱਖਣ ਵਾਲਾ ਦਰਮਿਆਨੇ ਪੱਧਰ ਦਾ ਕੋਈ ਕਾਰੋਬਾਰੀ ਸ਼ਾਇਦ ਉਮੀਦਵਾਰ ਨੂੰ ਉਸ ਦੇ ਪ੍ਰਚਾਰ ਲਈ ਕਾਰਾਂ ਮੁਹੱਈਆ ਕਰਵਾਏ ਜਾਂ ਕੋਈ ਹੋਰ ਸ਼ਾਇਦ ਪਾਰਟੀ ਵਰਕਰਾਂ ਦਾ ਖਾਣ-ਪੀਣ ਦਾ ਖਰਚਾ ਚੁੱਕੇ।

ਲਾਜ਼ਮੀ ਹੈ ਕਿ ਇਸ ਤਰ੍ਹਾਂ ਦਾ ਪੈਸਾ ਸੱਤਾ 'ਚ ਬੈਠੀ ਪਾਰਟੀ ਕੋਲ ਹੀ ਜਾਵੇਗਾ ਜਾਂ ਉਸ ਪਾਰਟੀ ਕੋਲ ਜਾਵੇਗਾ ਜਿਸ ਦੇ ਸੱਤਾ 'ਚ ਆਉਣ ਦੀ ਸੰਭਾਵਨਾ ਹੈ। ਇਹ ਚੁਣਾਵੀ ਲੋਕਤੰਤਰਾਂ ਦੀ ਪੈਦਾਇਸ਼ੀ ਕਮਜ਼ੋਰੀ ਹੈ- ਪੈਸਾ ਜੇਤੂ ਕੋਲ ਜਾਂਦਾ ਹੈ ਜੋ ਇਸ ਪੈਸੇ ਦੀ ਵਰਤੋਂ ਦੁਬਾਰਾ ਜਿੱਤਣ ਲਈ ਕਰਦਾ ਹੈ। ਇਸ ਵਿਚ ਵੀ ਤਰਕ ਹੈ। ਜੇਕਰ ਕੋਈ ਪਾਰਟੀ ਹਰਮਨਪਿਆਰੀ ਹੈ ਤਾਂ ਕਾਫੀ ਸੰਭਾਵਨਾ ਹੈ ਕਿ ਵੱਡੇ ਦਾਨੀ ਇਸ ਦੇ ਸਮਰਥਕ ਹੋਣਗੇ। ਕਿਸੇ ਆਜ਼ਾਦ ਸਮਾਜ ਵਿਚ ਕਿਸੇ ਨੂੰ ਵੀ ਉਸ ਸਿਆਸੀ ਇਕਾਈ ਨੂੰ ਪੈਸਾ ਦੇਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਵੱਧ ਤੋਂ ਵੱਧ ਖਰਚੇ 'ਤੇ ਸਖ਼ਤ ਕੰਟਰੋਲ ਕੀਤਾ ਜਾ ਸਕਦਾ ਹੈ ਤਾਂ ਕਿ ਸਾਰੀਆਂ ਸਿਆਸੀ ਪਾਰਟੀਆਂ ਲਈ ਬਰਾਬਰ ਦਾ ਪਿੜ ਮੁਹੱਈਆ ਕਰਵਾਇਆ ਜਾ ਸਕੇ। ਉਂਝ, ਜੇ ਇਹ ਵੀ ਹੋ ਜਾਵੇ ਤਾਂ ਵੀ ਮੁਕਾਬਲਾ ਕਾਫ਼ੀ ਨਾ-ਬਰਾਬਰੀ ਵਾਲਾ ਰਹੇਗਾ। ਅੱਜ ਦੀ ਦੁਨੀਆ ਵਿਚ ਜਿਹੜੀ ਪਾਰਟੀ ਸਮੁੱਚੇ ਬਿਰਤਾਂਤ 'ਤੇ ਕੰਟਰੋਲ ਬਣਾ ਲੈਂਦੀ ਹੈ, ਉਸ ਦੇ ਚੋਣ ਜਿੱਤਣ ਦੇ ਆਸਾਰ ਓਨੇ ਹੀ ਵਧ ਹੁੰਦੇ ਹਨ। ਇੱਥੇ ਹੀ ਸਮਾਚਾਰ ਮੀਡੀਆ 'ਤੇ ਕਾਰਪੋਰੇਟ ਕੰਟਰੋਲ ਤਸਵੀਰ ਵਿਚ ਆਉਂਦਾ ਹੈ। ਕਾਰਪੋਰੇਟ ਕੰਪਨੀਆਂ ਵਲੋਂ ਭਾਵੇਂ ਸਿਆਸੀ ਪਾਰਟੀਆਂ ਨੂੰ ਫੰਡ ਦੇਣ 'ਤੇ ਕਾਨੂੰਨਨ ਮਨਾਹੀ ਵੀ ਕਰ ਦਿੱਤੀ ਜਾਵੇ, ਫਿਰ ਵੀ ਉਨ੍ਹਾਂ ਦੀ ਮੀਡੀਆ ਨੂੰ ਪ੍ਰਭਾਵਿਤ ਕਰਨ, ਲੋਕ ਰਾਏ ਨੂੰ ਢਾਲਣ ਅਤੇ ਸਹਿਮਤੀ ਘੜਨ ਦੀ ਕਾਬਲੀਅਤ ਸਦਕਾ ਉਹ ਚੁਣਾਵੀ ਨਤੀਜਿਆਂ ਨੂੰ ਨਿਰਧਾਰਿਤ ਕਰਨ ਦੀ ਸਥਿਤੀ ਵਿਚ ਹੋ ਜਾਣਗੇ।

# ਪਾਕਿਸਤਾਨ ਦਾ ਭਵਿੱਖ ਕੀ ਹੈ?

ਚਾਰ ਦਹਾਕਿਆਂ ਤੋਂ ਪਾਕਿਸਤਾਨ ਆਪਣੀ ਵਿਦੇਸ਼ ਨੀਤੀ ਦਾ ਮੁੱਖ ਉਦੇਸ਼ ਵਿਸ਼ੇਸ਼ ਤੌਰ 'ਤੇ ਆਪਣੇ ਗੁਆਂਢ 'ਚ ਭਾਰਤ ਵਿਰੁੱਧ 'ਰਣਨੀਤਕ ਗਹਿਰਾਈ' ਦੀ ਤਲਾਸ਼ ਨੂੰ ਦੱਸਦਾ ਰਿਹਾ ਹੈ। ਪਾਕਿਸਤਾਨੀ ਫ਼ੌਜ ਦੀ ਸ਼ਬਦਾਵਲੀ ਵਿਚ 'ਰਣਨੀਤਕ ਗਹਿਰਾਈ' ਦੀ ਪਰਿਭਾਸ਼ਾ ਵਿਚ ਦੇਸ਼ ਅੰਦਰ ਅਤੇ ਗੁਆਂਢ ਵਿੱਚ ਕੱਟੜ ਇਸਲਾਮੀ ਸੰਗਠਨਾਂ ਦੀ ਹਮਾਇਤ ਕਰਨਾ ਸ਼ਾਮਿਲ ਹੈ। ਇਸਲਾਮਾਬਾਦ ਅਤਿਵਾਦ ਲਈ ਭਾਰਤ ਤੇ ਅਫ਼ਗਾਨਿਸਤਾਨ, ਦੋਵਾਂ ਅੰਦਰ 'ਕੱਟੜਵਾਦੀ ਇਸਲਾਮ' ਦੀ ਵਰਤੋਂ ਵਿੱਚ ਯਕੀਨ ਰੱਖਦਾ ਹੈ। ਅਮਰੀਕਾ ਨੇ ਭਾਵੇਂ ਅਫ਼ਗਾਨਿਸਤਾਨ ਵਿਚ ਸੋਵੀਅਤ ਸੰਘ ਨੂੰ ਸੱਟ

ਜੀ ਪਾਰਥਾਸਾਰਥੀ

ਮਾਰਨ ਲਈ ਇਸਲਾਮੀ ਸੰਗਠਨਾਂ ਦੀ ਮਦਦ ਕੀਤੀ ਪਰ ਇਸ ਨੂੰ ਵੱਡੀ ਕੀਮਤ ਚੁਕਾਉਣੀ ਪਈ ਜਦ ਕੱਟੜਵਾਦੀ ਤਾਲਿਬਾਨ ਨੇ ਅਮਰੀਕੀ ਬਲਾਂ 'ਤੇ ਹੀ ਬੰਦੂਕਾਂ ਤਾਣ ਲਈਆਂ। ਫਿਰ ਅਫ਼ਗਾਨਿਸਤਾਨ 'ਚੋਂ ਅਮਰੀਕੀ ਸੈਨਾ ਦੀ ਵਾਪਸੀ, ਅਮਰੀਕਾ ਦੇ ਇਤਿਹਾਸ ਦੀ ਬਹੁਤੀ ਸ਼ਾਨਦਾਰ ਘਟਨਾ ਨਹੀਂ ਸੀ।

ਪਾਕਿਸਤਾਨ ਵਿਚ ਕਈ ਸੰਗਠਨਾਂ ਅਤੇ ਮੀਡੀਆ ਅਦਾਰਿਆਂ ਨੇ ਜਸ਼ਨ ਮਨਾਇਆ ਕਿ ਉਨ੍ਹਾਂ ਦੇ 'ਕੱਟੜ ਇਸਲਾਮ' ਨੇ ਦੋ ਮਹਾਸ਼ਕਤੀਆਂ- ਰੂਸ ਤੇ ਅਮਰੀਕਾ ਨੂੰ ਅਫ਼ਗਾਨਿਸਤਾਨ 'ਚ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ। ਅਜਿਹੀਆਂ ਨੀਤੀਆਂ ਅਪਣਾਉਣ ਦੇ ਦੋ ਵੱਡੇ ਅਸਰ ਪਏ। ਪਹਿਲਾ, ਇਸ ਨੇ ਸੈਨਾ ਦੀ ਪਕੜ ਮਜ਼ਬੂਤ ਕੀਤੀ। ਦੂਜਾ, ਪਾਕਿਸਤਾਨ ਦੇ ਗੁਆਂਢ 'ਚ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਨ ਲਈ 'ਕੱਟੜ ਇਸਲਾਮ' ਅਤੇ 'ਹਲਕੇ ਪੱਧਰ ਦਾ ਟਕਰਾਅ' ਪਾਕਿਸਤਾਨੀ ਨੀਤੀਆਂ ਦਾ ਅਨਿੱਖੜਵਾਂ ਅੰਗ ਬਣ ਗਿਆ। ਤਾਲਿਬਾਨ ਵਰਗੇ ਕੱਟੜ ਸੁੰਨੀ ਗਰੁੱਪ ਨਾ ਸਿਰਫ਼ ਸ਼ੀਆ ਬਹੁਗਿਣਤੀ ਵਾਲੇ ਇਰਾਨ ਵਿਚ ਬਲਕਿ ਖਾੜੀ ਦੇ ਅਰਬ ਮੁਲਕਾਂ- ਸਾਊਦੀ ਅਰਬ ਤੋਂ ਲੈ ਕੇ ਯੂ.ਏ.ਈ. ਤੱਕ ਚਿੰਤਾ ਦਾ ਕਾਰਨ ਬਣੇ ਹੋਏ ਹਨ। ਇਹ ਗਤੀਵਿਧੀਆਂ ਤਿੰਨ ਦਹਾਕਿਆਂ ਤੋਂ ਜਾਰੀ ਹਨ ਤੇ ਇਨ੍ਹਾਂ ਨੇ ਤੇਲ ਭੰਡਾਰਾਂ ਨਾਲ ਰੱਜੇ ਕੁਝ ਖਾੜੀ ਮੁਲਕਾਂ ਨਾਲ ਪਾਕਿਸਤਾਨ ਦੇ ਰਿਸ਼ਤਿਆਂ 'ਤੇ ਮਾੜਾ ਅਸਰ ਪਾਇਆ। ਨਾਲ ਹੀ ਪਾਕਿਸਤਾਨ ਦੀਆਂ ਇਰਾਨ ਤੇ ਅਫ਼ਗਾਨਿਸਤਾਨ ਨਾਲ ਲੱਗਦੀਆਂ ਸਰਹੱਦਾਂ ਉਤੇ ਵੀ ਬੁਰਾ ਅਸਰ ਪਿਆ ਹੈ।

ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ 20 ਫਰਵਰੀ ਨੂੰ ਐਲਾਨ ਕੀਤਾ ਕਿ ਪਾਕਿਸਤਾਨ ਨੇ ਸਰਹੱਦ ਪਾਰ ਕਰ ਕੇ ਅਫ਼ਗਾਨਿਸਤਾਨ 'ਚ ਕਾਰਵਾਈ ਕੀਤੀ ਹੈ ਤੇ ਅਫ਼ਗਾਨਿਸਤਾਨ ਦੇ ਸਰਹੱਦੀ ਸੂਬਿਆਂ ਖੋਸਤ ਤੇ ਪਕਟਿਕਾ ਵਿੱਚ ਕਈ ਥਾਵਾਂ ਨੂੰ ਨਿਸ਼ਾਨਾ ਬਣਾਇਆ ਹੈ। ਪਾਕਿਸਤਾਨ ਨੇ ਬਾਅਦ ਸਪੱਸ਼ਟ ਕੀਤਾ ਕਿ ਉਹ ਆਪਣੀਆਂ ਸਰਹੱਦਾਂ ਦੇ ਪਾਰ, ਅਫ਼ਗਾਨਿਸਤਾਨ ਦੀ ਕਿਸੇ ਵੀ ਖੇਤਰੀ ਉਲੰਘਣਾ ਦਾ ਸਖ਼ਤ ਜਵਾਬ ਦੇਣ ਦਾ ਇਰਾਦਾ ਰੱਖਦਾ ਹੈ ਜਦਕਿ ਅਫ਼ਗਾਨਾਂ ਨੇ ਸਰਹੱਦ ਪਾਰੋਂ ਖ਼ੁਰਮ ਤੇ ਉੱਤਰੀ ਵਜ਼ੀਰਿਸਤਾਨ ਵਿਚ ਪਾਕਿਸਤਾਨੀ ਸੈਨਾ ਨੂੰ ਨਿਸ਼ਾਨਾ ਬਣਾਉਣ ਲਈ ਵੱਡੀ ਪੱਧਰ 'ਤੇ ਗੋਲਾ-ਬਾਰੂਦ ਵਰਤਿਆ ਹੈ। ਇਸ ਦੌਰਾਨ ਇਸੇ ਤਰ੍ਹਾਂ ਦਾ ਤਣਾਅ ਉਦੋਂ ਬਣਿਆ ਜਦ ਇਰਾਨ ਨੇ ਪਾਕਿਸਤਾਨ 'ਚ ਬੈਠੇ ਬਲੋਚਿਸਤਾਨ ਆਧਾਰਿਤ ਵੱਖਵਾਦੀ ਸੰਗਠਨਾਂ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਗਤੀਵਿਧੀਆਂ ਦਾ ਹਵਾਲਾ ਦਿੰਦਿਆਂ ਅਫ਼ਗਾਨਿਸਤਾਨ ਲਈ ਪਾਕਿਸਤਾਨ ਦੇ ਵਿਸ਼ੇਸ਼ ਦੂਤ ਆਸਿਫ਼ ਦੁਰਾਨੀ ਨੇ ਦੱਸਿਆ ਕਿ ਇਸਲਾਮਾਬਾਦ ਨੇ ਇਰਾਨ 'ਤੇ ਹਵਾਈ ਹੱਲਾ ਬੋਲਿਆ ਹੈ ਜੋ ਉਨ੍ਹਾਂ ਦੇ ਮੁਲਕ 'ਚ ਇਰਾਨ ਦੀ ਕਾਰਵਾਈ ਦਾ ਜਵਾਬ ਹੈ।

ਕੌਮੀ ਸੁਰੱਖਿਆ ਦੇ ਅਜਿਹੇ ਮੁੱਦਿਆਂ 'ਤੇ ਪਾਕਿਸਤਾਨ ਦੇ ਰੁਖ਼ ਨੂੰ ਘਰੇਲੂ ਤੇ ਸਰਹੱਦ ਪਾਰ, ਦੋਵਾਂ ਪਾਸੇ ਵਾਜਿਬ ਠਹਿਰਾਉਣਾ ਹੁਣ ਹੋਰ ਵੀ ਔਖਾ ਹੋ ਗਿਆ ਹੈ। ਇਕ ਪਾਸੇ ਇਸ ਦੀ ਸਿਆਸਤ ਦਾ ਰੁਖ਼ ਸੱਤਾ ਤੋਂ ਬਾਹਰ ਹੋਏ ਪਰ ਬੇਹੱਦ ਹਰਮਨਪਿਆਰੇ ਪ੍ਰਧਾਨ ਮੰਤਰੀ ਇਮਰਾਨ ਖਾਨ ਤੈਅ ਕਰ ਰਹੇ ਹਨ; ਦੂਜੇ ਪਾਸੇ ਸੈਨਾ ਮੁਖੀ ਜਨਰਲ ਆਸਿਮ ਮੁਨੀਰ ਵੀ ਮੁਲਕ ਦੀ ਸਿਆਸਤ ਨੂੰ ਨਵਾਂ ਰੂਪ ਦੇ ਰਹੇ ਹਨ। ਪਾਕਿਸਤਾਨ ਅੰਦਰ ਦੋਵਾਂ ਧਿਰਾਂ ਵਿਚਾਲੇ ਟਕਰਾਅ ਨਿੱਤ ਦੇਖਣ ਨੂੰ ਮਿਲ ਰਿਹਾ ਹੈ। ਜਨਰਲ ਮੁਨੀਰ ਲਗਾਤਾਰ ਦਖ਼ਲ ਦੇ ਰਹੇ ਹਨ ਤੇ ਪਾਕਿਸਤਾਨ ਦੀਆਂ ਘਰੇਲੂ ਅਤੇ ਵਿਦੇਸ਼ੀ ਨੀਤੀਆਂ 'ਤੇ ਆਪਣਾ ਪ੍ਰਭਾਵ ਛੱਡਣਾ ਚਾਹੁੰਦੇ ਹਨ। ਇਹ ਉਹੀ ਰਵੱਈਆ ਹੈ ਜਿਵੇਂ ਉਨ੍ਹਾਂ ਤੋਂ ਪਹਿਲੇ ਸੈਨਾ ਮੁਖੀਆਂ ਦਾ ਰਿਹਾ ਹੈ। ਜਨਰਲ ਮੁਨੀਰ ਦਾ ਇਹ ਰਵੱਈਆ ਪਾਕਿਸਤਾਨ ਦੀਆਂ ਹਾਲੀਆ ਅਸੈਂਬਲੀ ਚੋਣਾਂ ਵਿਚ ਵੀ ਦੇਖਿਆ ਗਿਆ ਜਿੱਥੇ ਚੋਣਾਂ 'ਚ ਵੱਡੇ ਪੱਧਰ 'ਤੇ ਧਾਂਦਲੀ ਦੀ ਕੋਸ਼ਿਸ਼ ਹੋਈ। ਇਸ ਦੇ ਬਾਵਜੂਦ ਇਮਰਾਨ ਖਾਨ ਨੇ ਆਪਣੀ ਪਾਰਟੀ ਦੇ ਕਈ ਮੈਂਬਰਾਂ ਨੂੰ ਆਜ਼ਾਦ ਉਮੀਦਵਾਰਾਂ ਵਜੋਂ ਲੜਾ ਕੇ ਠੋਕਵਾਂ ਜਵਾਬ ਦਿੱਤਾ। ਇਉਂ ਚੋਣਾਂ ਵਿਚ ਆਜ਼ਾਦ ਉਮੀਦਵਾਰਾਂ ਵਜੋਂ ਹਿੱਸਾ ਲੈ ਕੇ ਇਮਰਾਨ ਖਾਨ ਦੀ ਪਾਰਟੀ ਦੇ ਕਈ ਮੈਂਬਰਾਂ ਨੇ ਜਿੱਤ ਦਰਜ ਕਰ ਕੇ ਜਨਰਲ ਮੁਨੀਰ ਦੇ ਮਨਸੂਬਿਆਂ ਨੂੰ ਮਾਤ ਦਿੱਤੀ।

ਪਾਕਿਸਤਾਨ ਦਾ ਮੀਡੀਆ ਚੋਣਾਂ 'ਚ ਹੇਰ-ਫੇਰ ਅਤੇ ਇਸ ਮਸਲੇ 'ਤੇ ਰੱਜ ਕੇ ਵਰ੍ਹਿਆ ਕਿ ਮੁਲਕ ਵਿੱਚ ਨਵਾਜ਼ ਸ਼ਰੀਫ਼ ਦੇ ਭਰਾ ਸ਼ਾਹਬਾਜ਼ ਸ਼ਰੀਫ਼ (ਪ੍ਰਧਾਨ ਮੰਤਰੀ) ਦੀ ਅਗਵਾਈ 'ਚ ਗੱਠਜੋੜ ਸਰਕਾਰ ਕਾਇਮ ਕੀਤੀ ਗਈ। ਚੋਣਾਂ ਤੋਂ ਪਹਿਲਾਂ ਹੋਈ 'ਸੌਦੇਬਾਜ਼ੀ' 'ਚੋਂ ਬਿਲਾਵਲ ਭੁੱਟੋ ਦੇ ਪਿਤਾ ਆਸਿਫ਼ ਅਲੀ ਜ਼ਰਦਾਰੀ ਰਾਸ਼ਟਰਪਤੀ ਬਣ ਗਏ। ਪਾਕਿਸਤਾਨ ਨੂੰ ਇਸ ਸਮੇਂ ਦੋ ਪਰਿਵਾਰਾਂ ਦੇ ਮੈਂਬਰਾਂ ਚਲਾ ਰਹੇ ਹਨ। ਸ਼ਾਹਬਾਜ਼ ਸ਼ਰੀਫ਼ ਭਾਵੇਂ ਚੰਗੇ ਪ੍ਰਸ਼ਾਸਕ ਵਜੋਂ ਜਾਣੇ ਜਾਂਦੇ ਹਨ ਪਰ ਪਾਕਿਸਤਾਨ ਦੇ ਪ੍ਰਭਾਵਸ਼ਾਲੀ ਪੰਜਾਬ ਸੂਬੇ ਦੀ ਅਸਲ ਵਾਗਡੋਰ ਵੱਡੇ ਭਰਾ ਨਵਾਜ਼ ਸ਼ਰੀਫ਼ ਦੇ ਹੱਥਾਂ ਵਿਚ ਰਹੇਗੀ ਜੋ ਆਪਣੀ ਧੀ ਮਰੀਅਮ ਨਵਾਜ਼ ਨੂੰ ਅਹਿਮ ਭੂਮਿਕਾ ਵਿੱਚ ਲਿਆਉਣ ਲਈ ਸਿਆਸੀ ਜ਼ਮੀਨ ਤਿਆਰ ਕਰ ਰਹੇ ਹਨ। ਮਰੀਅਮ ਨੂੰ ਪੰਜਾਬ ਦੀ ਮੁੱਖ ਮੰਤਰੀ ਬਣਾਇਆ ਗਿਆ ਹੈ। ਇਉਂ ਉਸ ਨੂੰ ਨਵਾਜ਼ ਸ਼ਰੀਫ਼ ਦੀ ਜਾਨਸ਼ੀਨ ਵਜੋਂ ਤਿਆਰ ਕੀਤਾ ਜਾ ਰਿਹਾ ਹੈ। ਪਾਕਿਸਤਾਨ ਦੇ ਅਰਥਚਾਰੇ ਨੂੰ ਪੈਰਾਂ ਸਿਰ ਕਰਨ ਦਾ ਮੁਸ਼ਕਲ ਕੰਮ ਸ਼ਾਹਬਾਜ਼ ਸ਼ਰੀਫ਼ ਨੂੰ ਸੌਂਪਿਆ ਗਿਆ ਹੈ। ਸ਼ਾਹਬਾਜ਼ ਅਜੇ ਤੱਕ ਤਾਂ ਜਨਰਲ ਮੁਨੀਰ ਦੀ ਮਰਜ਼ੀ ਮੁਤਾਬਕ ਹੀ ਚੱਲ ਰਹੇ ਹਨ ਤੇ ਜਨਰਲ ਦੀ ਇੱਛਾ ਮੁਤਾਬਕ ਹੀ ਅਹਿਮ ਨਿਯੁਕਤੀਆਂ ਕੀਤੀਆਂ ਹਨ। ਸੈਨਾ ਅਤੇ ਇਸ ਦੇ ਮੁਖੀ ਨੂੰ ਨਾਰਾਜ਼ ਨਾ ਕਰਨ ਦੇ ਨਾਲ-ਨਾਲ ਵੱਡੇ ਭਰਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦਾ ਸ਼ਾਹਬਾਜ਼ ਕੋਲ ਕਾਫ਼ੀ ਤਜਰਬਾ ਅਤੇ ਸਿਆਸੀ ਸੂਝ ਹੈ!

> ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਕੁਝ ਹੋਰ ਮੰਤਰੀਆਂ ਦੇ ਭਾਰਤ ਨਾਲ ਦੁਵੱਲੇ ਮੁੱਦਿਆਂ 'ਤੇ ਗੱਲਬਾਤ ਅਤੇ ਸਹਿਯੋਗ ਦੀ ਲੋੜ ਬਾਰੇ ਬਿਆਨ ਆਏ ਹਨ।

ਸ਼ਾਹਬਾਜ਼ ਸ਼ਰੀਫ਼ ਕੋਲ ਦੀਵਾਲੀਆ ਚੱਲ ਰਹੇ ਮੁਲਕ ਨੂੰ ਆਈ.ਐੱਮ.ਐੱਫ. ਦੇ ਸਮਝੌਤਿਆਂ ਦੀ ਮਦਦ ਨਾਲ ਚਲਾਉਣ ਦਾ ਠੋਸ ਤਜਰਬਾ ਹੈ। ਪਾਕਿਸਤਾਨ ਕੋਲ ਵਿਦੇਸ਼ੀ ਮੁਦਰਾ ਦੀ ਘਾਟ ਸ਼ਰੀਫ਼ ਲਈ ਸਭ ਤੋਂ ਵੱਡੀ ਚੁਣੌਤੀ ਹੈ। ਮੁਲਕ ਦਾ ਵਰਤਮਾਨ ਵਿਦੇਸ਼ੀ ਮੁਦਰਾ ਭੰਡਾਰ ਮਹਿਜ਼ 8.26 ਅਰਬ ਡਾਲਰ ਹੈ ਤੇ ਆਈ.ਐੱਮ.ਐੱਫ. ਦੀ ਖ਼ੈਰਾਤ ਲਈ ਕਾਫ਼ੀ ਯਤਨਾਂ ਦੀ ਲੋੜ ਪਵੇਗੀ ਤਾਂ ਕਿ ਮੁਲਕ ਦਾ ਗੁਜ਼ਾਰਾ ਹੁੰਦਾ ਰਹੇ। ਇਸ ਲਈ ਸ਼ਾਹਬਾਜ਼ ਨੂੰ ਅਮਰੀਕਾ ਨੂੰ ਖ਼ੁਸ਼ ਰੱਖਣ ਲਈ ਯਤਨ ਕਰਨੇ ਪੈਣਗੇ। ਆਈ.ਐੱਮ.ਐੱਫ. ਦੀ ਮਨਜ਼ੂਰੀ ਪੱਛੜਨ 'ਤੇ ਪਾਕਿਸਤਾਨ ਸਰਕਾਰ ਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਭਾਰਤ ਨਾਲ ਰਿਸ਼ਤਿਆਂ 'ਤੇ ਸ਼ਾਹਬਾਜ਼ ਸ਼ਰੀਫ਼ ਦੇ ਬਿਆਨ ਆਮ ਤੌਰ 'ਤੇ ਸਕਾਰਾਤਮਕ ਤੇ ਸੰਜਮੀ ਰਹੇ ਹਨ। ਨਵਾਜ਼ ਜਦ ਪ੍ਰਧਾਨ ਮੰਤਰੀ ਸਨ ਤਾਂ ਸ਼ਾਹਬਾਜ਼ ਨੇ ਬੰਗਲੌਰ ਦਾ ਸੂਚਨਾ ਤਕਨੀਕ ਸੈਕਟਰ ਦੇਖਣ ਦੀ ਇੱਛਾ ਜ਼ਾਹਿਰ ਕੀਤੀ ਸੀ। ਉਨ੍ਹਾਂ ਨਾਲ ਰਾਬਤਾ ਰੱਖਣਾ ਲਾਭਕਾਰੀ ਹੋਵੇਗਾ ਤੇ ਜਦ ਵੀ ਹਾਲਾਤ ਇਜਾਜ਼ਤ ਦੇਣ, ਉਨ੍ਹਾਂ ਨੂੰ ਦੌਰੇ ਦਾ ਸੱਦਾ ਵੀ ਦਿੱਤਾ ਜਾ ਸਕਦਾ ਹੈ। ਭਾਰਤ ਦੀ ਸਮਰੱਥਾ ਅਤੇ ਜਵਾਬੀ ਕਾਰਵਾਈ ਦੀ ਤਿਆਰੀ ਨੂੰ ਦੇਖਦਿਆਂ ਪਾਕਿਸਤਾਨ ਅਤਿਵਾਦ ਨੂੰ ਸ਼ਹਿ ਦੇਣ 'ਚ ਪਹਿਲਾਂ ਨਾਲੋਂ ਵੱਧ ਸਾਵਧਾਨੀ ਵਰਤੇਗਾ। ਸਮੇਂ ਦੇ ਨਾਲ-ਨਾਲ ਦੋਵਾਂ ਗੁਆਂਢੀਆਂ ਦਰਮਿਆਨ ਆਮ ਕੂਟਨੀਤਕ ਰਿਸ਼ਤਿਆਂ, ਸੈਰ-ਸਪਾਟੇ ਤੇ ਯਾਤਰਾਵਾਂ ਦੀ ਬਹਾਲੀ ਵਰਗੀਆਂ ਤਜਵੀਜ਼ਾਂ 'ਤੇ ਸਹਿਮਤੀ ਵੀ ਲਾਹੇਵੰਦ ਹੋ ਸਕਦੀ ਹੈ।

ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਕੁਝ ਹੋਰ ਮੰਤਰੀਆਂ ਦੇ ਭਾਰਤ ਨਾਲ ਦੁਵੱਲੇ ਮੁੱਦਿਆਂ 'ਤੇ ਗੱਲਬਾਤ ਅਤੇ ਸਹਿਯੋਗ ਦੀ ਲੋੜ ਬਾਰੇ ਬਿਆਨ ਆਏ ਹਨ। ਪਾਕਿਸਤਾਨ ਸਰਕਾਰ ਨਾਲ ਅੰਦਰਖਾਤੇ 'ਗੁਪਤ ਵਾਰਤਾ' ਚੱਲਦੀ ਰਹਿਣੀ ਚਾਹੀਦੀ ਹੈ। ਇਹ ਦੇਖਣਾ ਪਵੇਗਾ ਕਿ ਦੋਵਾਂ ਦੇਸ਼ਾਂ ਦੀਆਂ ਰਾਜਧਾਨੀਆਂ ਵਿਚ ਰਾਜਦੂਤਾਂ ਦੀ ਵਾਪਸੀ ਤੋਂ ਬਾਅਦ ਕੂਟਨੀਤਕ ਸਬੰਧ ਬਹਾਲ ਕਰਨ ਵਿਚ ਕਿੰਨੀ ਕੁ ਪੇਸ਼ਕਦਮੀ ਹੋ ਸਕਦੀ ਹੈ। ਪਾਕਿਸਤਾਨ ਵਿਚ ਭਾਰਤ ਨਾਲ ਵਪਾਰਕ ਸਬੰਧ ਬਹਾਲ ਕਰਨ ਅਤੇ ਇਸ ਦੇ ਦੁਵੱਲੇ ਫਾਇਦਿਆਂ ਬਾਰੇ ਸੋਚ ਵਿਚਾਰ ਹੋ ਰਹੀ ਹੈ। ਇਹ ਤਦ ਹੀ ਸੰਭਵ ਹੋ ਸਕੇਗਾ ਜੇ ਪਾਕਿਸਤਾਨ ਭਾਰਤ ਖ਼ਿਲਾਫ਼ ਅਤਿਵਾਦ ਦਾ ਅੰਤ ਕਰੇਗਾ। ਪਾਕਿਸਤਾਨ ਨਾਲ ਗੁਪਤ ਵਾਰਤਾ ਸ਼ੁਰੂ ਕਰ ਕੇ ਇਹ ਪਤਾ ਲਾਉਣਾ ਚਾਹੀਦਾ ਹੈ ਕਿ ਭਾਰਤ ਵਿਚ ਚੋਣਾਂ ਤੋਂ ਬਾਅਦ ਦੁਵੱਲੇ ਸਬੰਧ ਬਹਾਲ ਕਰਨ ਲਈ ਅਗਾਂਹ ਕਿਵੇਂ ਵਧਿਆ ਜਾ ਸਕਦਾ ਹੈ।

# ‘ਪੰਜਾਬ ਟਾਈਮਜ਼’ ਦੀ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ!

ਮੈਂ ਅਤੇ ਮਰਹੂਮ ਸ. ਅਮੋਲਕ ਸਿੰਘ ਜੰਮੂ ਨੇ ਸੰਨ 2000 ਵਿਚ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਏ.ਬੀ. ਪਬਲਿਕੇਸ਼ਨਜ਼ (ਅਮੋਲਕ ਐਂਡ ਬਲਕਾਰ) ਦੇ ਨਾਂ ਹੇਠ ‘ਪੰਜਾਬ ਟਾਈਮਜ਼’ ਅਖਬਾਰ ਸ਼ੁਰੂ ਕੀਤਾ ਸੀ, ਜੋ ਹੁਣ 25ਵੇਂ ਵਰ੍ਹੇ ਵਿਚ ਪੁੱਜ ਗਿਆ ਹੈ। ਇਹ ਸਭ ਮਿੱਡਵੈਸਟ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਖੇਡ ਸੰਸਥਾਵਾਂ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ। ਮੈਂ ਉਮੀਦ ਕਰਦਾ ਹਾਂ ਕਿ ਅੱਗੇ ਤੋਂ ਵੀ ਪੰਜਾਬੀ ਭਾਈਚਾਰੇ ਦੀ ਸੇਵਾ ਕਰਨ ਵਾਲੀਆਂ ਇਨ੍ਹਾਂ ਸਾਰੀਆਂ ਸੰਸਥਾਵਾਂ ਦਾ ਸਹਿਯੋਗ ‘ਪੰਜਾਬ ਟਾਈਮਜ਼’ ਨੂੰ ਮਿਲਦਾ ਰਹੇਗਾ ਅਤੇ ਇਹ ਹੋਰ ਬੁਲੰਦੀਆਂ ਨੂੰ ਛੂਹੇਗਾ।



ਸ. ਬਲਕਾਰ ਸਿੰਘ ਢਿੱਲੋਂ

## ਵਲੋਂ: ਸ. ਬਲਕਾਰ ਸਿੰਘ ਢਿੱਲੋਂ ਅਤੇ ਪਰਿਵਾਰ

# ‘ਪੰਜਾਬ ਟਾਈਮਜ਼’ ਦੀ 25ਵੀਂ ਵਰ੍ਹੇਗੰਢ ਦੀਆਂ ਲੱਖ-ਲੱਖ ਵਧਾਈਆਂ!



ਮਰਹੂਮ ਸ. ਹਰਜਾਪ ਸਿੰਘ ਸੰਘਾ

‘ਪੰਜਾਬ ਟਾਈਮਜ਼’ ਨੂੰ ਸ਼ੁਰੂ ਕਰਨ ਲਈ ਸਾਡੇ ਪਿਤਾ ਮਰਹੂਮ ਸ. ਹਰਜਾਪ ਸਿੰਘ ਸੰਘਾ ਨੇ ਮਰਹੂਮ ਸ. ਅਮੋਲਕ ਸਿੰਘ ਜੰਮੂ ਨੂੰ ਪਹਿਲਾ ਚੈੱਕ ਦਿੱਤਾ ਸੀ ਤੇ ਐਡਵਾਈਜ਼ਰੀ ਕਮੇਟੀ ਅਤੇ ਸਾਰੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਅੱਜ ਇਹ ਅਖਬਾਰ ਆਪਣੀ 25ਵੀਂ ਵਰ੍ਹੇਗੰਢ ਮਨਾਉਣ ਜਾ ਰਿਹਾ ਹੈ, ਜੋ ਸਾਡੇ ਪਰਿਵਾਰ ਲਈ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ। ਅਸੀਂ ਅੱਗੇ ਤੋਂ ਵੀ ਅਖਬਾਰ ਦੀ ਹਰ ਸੰਭਵ ਮਦਦ ਦਾ ਭਰੋਸਾ ਦਿੰਦੇ ਹਾਂ ਅਤੇ ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

## ਵਲੋਂ: ਸ. ਰਾਏ ਸਿੰਘ ਸੰਘਾ ਅਤੇ ਰਣਜੀਤ ਸਿੰਘ ਸੰਘਾ

ੴ ਸਤਿਗੁਰ ਪ੍ਰਸਾਦਿ

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
# ਖਾਲਸਾ ਸਿਰਜਣਾ ਦਿਹਾੜੇ
# ਅਤੇ ਵਿਸਾਖੀ ਦੀ
# ਲੱਖ ਲੱਖ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

## From:
## Major Gurcharn Singh Jhaj
## Jaidev Singh Bhattal & Sukhraj Singh Takher
## and their families.

# 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ ਦੀਆਂ ਲੱਖ-ਲੱਖ ਵਧਾਈਆਂ!

ਆਪਣੇ ਸਨੇਹੀਆਂ, ਸਹਿਯੋਗੀਆਂ ਅਤੇ ਪਾਠਕਾਂ ਦੇ ਸਾਥ ਅਤੇ ਸਹਿਯੋਗ ਸਦਕਾ 'ਪੰਜਾਬ ਟਾਈਮਜ਼' ਨੇ 25 ਵਰ੍ਹੇ ਪੂਰੇ ਕਰ ਲਏ ਹਨ, ਜੋ ਪੂਰੇ ਪੰਜਾਬੀ ਭਾਈਚਾਰੇ ਲਈ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ। ਸਾਡੇ ਵਲੋਂ 'ਪੰਜਾਬ ਟਾਈਮਜ਼' ਦੀ ਪੂਰੀ ਟੀਮ, ਲੇਖਕਾਂ, ਸਮੂਹ ਪਾਠਕਾਂ, ਸਹਿਯੋਗੀਆਂ ਅਤੇ ਸ਼ੁਭ ਚਿੰਤਕਾਂ ਨੂੰ 25ਵੀਂ ਵਰ੍ਹੇਗੰਢ ਦੀ

# ਲੱਖ ਲੱਖ ਵਧਾਈ



ਅਸੀਂ ਅਰਦਾਸ ਕਰਦੇ ਹਾਂ ਕਿ ਪੰਜਾਬ ਟਾਈਮਜ਼ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰੇ ਤੇ ਇਸੇ ਤਰ੍ਹਾਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਾ ਰਹੇ।

ਵਲੋਂ: ਸ. ਜਸਮੀਰ ਸਿੰਘ ਅਤੇ ਪਰਿਵਾਰ (ਸ਼ਿਕਾਗੋ)
ਫੂਲਾ ਸਿੰਘ ਅਤੇ ਪਰਿਵਾਰ (ਵਾਸ਼ਿੰਗਟਨ ਡੀ ਸੀ)

# ਬਾਵਾ ਨਿਰੰਜਨ ਸਿੰਘ ਮਿਆਣੀ ਨੂੰ ਯਾਦ ਕਰਦਿਆਂ ...!

ਇਹ ਘਟਨਾ ਤਕਰੀਬਨ 54 ਸਾਲ ਪੁਰਾਣੀ ਏ, ਜਿਸ ਦੇ ਮੁੱਖ ਪਾਤਰ ਸਵਰਗੀ ਬਾਵਾ ਨਿਰੰਜਨ ਸਿੰਘ ਮਿਆਣੀ ਹਨ, ਜਿਨ੍ਹਾਂ ਨੇ ਕਿਸੇ ਫਿਲਮ ਦੇ ਉਪਕਾਰੀ ਕਿਰਦਾਰ ਵਾਂਗ ਆਪਣੇ ਜੀਵਨ ਵਿਚ ਆਰਜ਼ੀ ਤੌਰ 'ਤੇ ਮਿਲੇ ਇਕ ਸਾਧਾਰਨ ਕਿਰਦਾਰ ਨੂੰ ਜ਼ਿੰਦਗੀ ਦਾ ਅਹਿਮ ਪੜਾਅ ਪਾਰ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਮੈਂ ਬਹੁਤ ਵਾਰ ਇਸ ਘਟਨਾ ਬਾਰੇ ਲਿਖਣਾ ਚਾਹਿਆ, ਪਰ ਹਰ ਵਾਰ ਘੌਲ ਕਰ ਲੈਂਦਾ। ਪਿਛਲੇ ਦਿਨੀਂ ਸਬੱਬੀਂ ਮੇਰੀ ਮੁਲਾਕਾਤ ਬਾਬੂ ਜੋਗਿੰਦਰ ਸਿੰਘ ਮਿਆਣੀ ਨਾਲ ਹੋਈ, ਜਿਨ੍ਹਾਂ ਦੇ ਪਿਤਾ ਬਾਬੂ ਬੂੜ ਸਿੰਘ ਨਾਲ ਬਾਵਾ ਜੀ ਦੀ ਰਿਸ਼ਤੇਦਾਰੀ ਅਤੇ ਗੂੜ੍ਹੀ ਮਿੱਤਰਤਾ ਸੀ। ਬਾਵਾ ਨਿਰੰਜਨ ਸਿੰਘ ਬਾਰੇ ਬਹੁਤ ਗੱਲਾਂ ਹੋਈਆਂ, ਤੇ ਉਨ੍ਹਾਂ ਮੈਨੂੰ ਅੱਧੀ ਸਦੀ ਤੋਂ ਵੱਧ

ਅਮਰਜੀਤ ਸਿੰਘ ਮੁਲਤਾਨੀ
multainny@gmial.com

ਸਮਾਂ ਪਹਿਲਾਂ ਇੱਕ ਹੈੱਡ ਮਾਸਟਰ ਵੱਲੋਂ ਆਪਣੇ ਆਮ ਜਿਹੇ ਵਿਦਿਆਰਥੀ ਨਾਲ ਅਚਨਚੇਤ ਕੀਤੇ ਵਾਅਦੇ ਨੂੰ ਨਿਭਾਉਣ ਲਈ ਵਿਖਾਈ ਸੰਜੀਦਗੀ ਵਾਲੀ ਇਸ ਅਨੋਖੀ ਘਟਨਾ ਬਾਰੇ ਲਿਖਣ ਲਈ ਪ੍ਰੇਰਿਆ।

ਮੈਂ ਆਪਣੀ ਨੌਵੀਂ ਜਮਾਤ ਤੱਕ ਦੀ ਪੜ੍ਹਾਈ ਟਾਂਡਾ ਉੜਮੜ ਦੇ ਸਰਕਾਰੀ ਸੀਨੀਅਰ ਹਾਇਰ ਸੈਕੰਡਰੀ ਸਕੂਲ ਤੋਂ ਪਾਸ ਕੀਤੀ। ਇੱਥੇ ਮੇਰੀ ਪੜ੍ਹਾਈ ਦਾ ਮੀਡੀਅਮ ਹਿੰਦੀ ਸੀ, ਕਿਉਂਕਿ ਮੇਰੀ ਮੁਢਲੀ ਸਿੱਖਿਆ ਕਲਕੱਤੇ ਹਿੰਦੀ ਮੀਡੀਅਮ ਸਕੂਲਾਂ ਵਿਚ ਹੋਈ ਸੀ। ਪਰ ਦਸਵੀਂ ਜਮਾਤ ਮੈਂ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ, ਬੇਗੋਵਾਲ ਤੋਂ ਪੰਜਾਬੀ ਮੀਡੀਅਮ ਨਾਲ ਕੀਤੀ। ਇੱਥੇ ਮੇਰੇ ਕਲਾਸ ਇੰਚਾਰਜ ਗਿਆਨੀ ਮਾਨ ਸਿੰਘ ਨੌਰੰਗਪੁਰ ਸਨ, ਜੋ ਸਾਡੇ ਪੰਜਾਬੀ ਅਧਿਆਪਕ ਵੀ ਸਨ। ਸਾਡੇ ਹੈੱਡ ਮਾਸਟਰ ਬਾਵਾ ਨਿਰੰਜਨ ਸਿੰਘ ਵੱਡੀ ਮਿਆਣੀ ਸਨ। ਉਹ ਹੈੱਡ ਮਾਸਟਰ ਹੋਣ ਦੇ ਨਾਲ-ਨਾਲ ਦਸਵੀਂ ਕਲਾਸ ਦੇ ਸਾਰੇ ਸੈਕਸ਼ਨਾਂ ਨੂੰ ਹਿਸਾਬ ਵੀ ਪੜ੍ਹਾਉਂਦੇ ਸਨ। ਹਿਸਾਬ ਵਿਚ ਮੈਂ ਮੁਢ ਤੋਂ ਹੀ ਕਮਜ਼ੋਰ ਸੀ। ਪਰ ਜਿਵੇਂ ਕਿਵੇਂ ਕਰ ਕੇ ਦਸਵੀਂ ਜਮਾਤ ਤੱਕ ਪਹੁੰਚ ਗਿਆ ਸਾਂ। ਚਿੰਤਾ ਜ਼ਰੂਰ ਸੀ ਕਿ ਦਸਵੀਂ ਵਿਚ ਹਿਸਾਬ ਦਾ ਕੀ ਬਣੂੰ? ਮੈਂ ਇੰਗਲਿਸ਼, ਪੰਜਾਬੀ, ਸੋਸ਼ਲ ਸਟੱਡੀ, ਡ੍ਰਾਇੰਗ, ਆਦਿ ਵਿਸ਼ਿਆਂ ਵਿਚ ਕਾਫ਼ੀ ਚੰਗਾ ਸੀ।

ਸਾਡੇ ਸਕੂਲ ਵਿਚ ਸਾਲਾਨਾ ਤਿਮਾਹੀ ਪ੍ਰੀਖਿਆ ਦੇ ਨਤੀਜਿਆਂ ਦੇ ਆਧਾਰ 'ਤੇ ਬੋਰਡ 'ਚ ਦਾਖ਼ਲਾ ਭੇਜਿਆ ਜਾਂਦਾ ਸੀ। ਉਹ ਦਿਨ ਵੀ ਆ ਗਿਆ ਜਦੋਂ ਦਸਵੀਂ ਜਮਾਤ ਦੀ ਬੋਰਡ ਪ੍ਰੀਖਿਆ ਲਈ ਦਾਖ਼ਲੇ ਭੇਜੇ ਜਾਣੇ ਸਨ। ਉਨ੍ਹਾਂ ਦਿਨਾਂ ਵਿਚ ਦਾਖ਼ਲੇ ਭੇਜਣ ਤੋਂ ਪਹਿਲਾਂ ਦਸਵੀਂ ਦੇ ਸਾਰੇ ਸੈਕਸ਼ਨਾਂ ਦੇ ਵਿਦਿਆਰਥੀਆਂ ਨੂੰ ਇਕ ਥਾਂ ਇਕੱਠਾ ਕਰ ਲਿਆ ਜਾਂਦਾ ਸੀ। ਸਾਰੇ ਸੈਕਸ਼ਨਾਂ ਦੇ ਇੰਚਾਰਜ, ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ ਅਤੇ ਬਾਵਾ ਨਿਰੰਜਨ ਸਿੰਘ ਬਤੌਰ ਹੈੱਡ ਮਾਸਟਰ ਮੀਟਿੰਗ ਵਿਚ ਸ਼ਾਮਲ ਹੁੰਦੇ ਸਨ। ਫਿਰ ਸਾਰੇ ਸੈਕਸ਼ਨਾਂ ਦੇ ਵਿਦਿਆਰਥੀਆਂ ਨੂੰ ਇੱਕ-ਇੱਕ ਕਰ ਕੇ ਬੁਲਾਇਆ ਜਾਂਦਾ ਸੀ। ਸੈਕਸ਼ਨ ਦਾ ਇੰਚਾਰਜ ਪਹਿਲਾਂ ਤਿਮਾਹੀ ਪ੍ਰੀਖਿਆ ਵਿਚ ਪ੍ਰਾਪਤ ਨੰਬਰ ਦੱਸਦਾ, ਫਿਰ ਉਹ ਵਿਦਿਆਰਥੀ ਜੇਕਰ ਕਿਸੇ ਵਿਸ਼ੇ ਵਿਚ ਘੱਟ ਨੰਬਰ ਪ੍ਰਾਪਤ ਕਰਦਾ ਤਾਂ ਉਸ ਵਿਸ਼ੇ ਦੇ ਅਧਿਆਪਕ ਤੋਂ ਸਲਾਹ ਲਈ ਜਾਂਦੀ ਕਿ ਇਸਦਾ ਦਾਖ਼ਲਾ ਭੇਜਿਆ ਜਾਵੇ ਜਾਂ ਨਾ? ਆਮ ਤੌਰ 'ਤੇ ਅਧਿਆਪਕ ਦਾਖ਼ਲਾ ਭੇਜਣ ਦੀ ਹਾਮੀ ਭਰ ਹੀ ਦਿੰਦੇ ਸਨ।

ਦਾਖ਼ਲੇ ਭੇਜਣ ਦੀ ਪ੍ਰਕਿਰਿਆ ਚੱਲ ਰਹੀ ਸੀ। ਜਦੋਂ ਮੇਰੀ ਵਾਰੀ ਆਈ ਤਾਂ ਮੇਰੇ ਇੰਚਾਰਜ ਗਿਆਨੀ ਮਾਨ ਸਿੰਘ ਨੇ ਕਿਹਾ, 'ਮੁੰਡਾ ਠੀਕ ਏ ਦਾਖ਼ਲਾ ਭੇਜ ਦਿਓ।' ਕੁਝ ਅਜਿਹੀ ਹੀ ਰਾਇ ਬਾਕੀ ਵਿਸ਼ਿਆਂ ਦੇ ਅਧਿਆਪਕਾਂ ਦੀ ਵੀ ਸੀ, ਪਰ ਜਦੋਂ ਮੇਰੇ ਹਿਸਾਬ ਦੇ ਨੰਬਰ ਵੇਖੇ ਤਾਂ ਵੱਡਾ ਸਾਰਾ ਜ਼ੀਰੋ। ਬਾਵਾ ਨਿਰੰਜਨ ਸਿੰਘ ਜ਼ੀਰੋ ਵੇਖ ਕੇ ਇਕਦਮ ਤ੍ਰਭਕ ਗਏ ਕਿ ਉਨ੍ਹਾਂ ਦੇ ਪੜ੍ਹਾਏ ਵਿਸ਼ੇ ਵਿਚ ਜ਼ੀਰੋ। ਉਨ੍ਹਾਂ ਨੋਟ ਕੀਤਾ ਕਿ ਹਿਸਾਬ ਦੇ ਵਿਸ਼ੇ ਨੂੰ ਛੱਡ ਕੇ ਬਾਕੀ ਵਿਸ਼ਿਆਂ ਵਿਚ ਮੇਰੇ ਨੰਬਰ ਬਹੁਤ ਵਧੀਆ ਸਨ। ਬਾਵਾ ਜੀ ਨੇ ਮੈਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਹਿਸਾਬ ਵਿਚ ਨੰਬਰ ਕਿਉਂ ਘੱਟ ਹਨ? ਮੈਂ ਬਾਵਾ ਜੀ ਨੂੰ ਕਿਹਾ, 'ਸਰ ਜੀ ਹਿਸਾਬ ਮੇਰੇ ਵੱਸ ਦਾ ਰੋਗ ਨਹੀਂ।' ਉਨ੍ਹਾਂ ਕਿਹਾ ਕਿ ਦਸਵੀਂ ਪਾਸ ਕਰਨ ਲਈ ਹਿਸਾਬ ਵਿਚ ਵੀ ਪਾਸ ਹੋਣਾ ਬਹੁਤ ਜ਼ਰੂਰੀ ਏ। ਮੈਂ ਅਸਮਰੱਥਾ ਜਤਾਈ ਤਾਂ ਉਨ੍ਹਾਂ ਕਿਹਾ, 'ਤੈਨੂੰ ਮੈਂ ਦਸਵੀਂ ਪਾਸ ਕਰਾਵਾਂਗਾ? ਪਰ ਤੈਨੂੰ ਵੀ ਹਿੰਮਤ ਕਰਨੀ ਪਵੇਗੀ।' ਮੈਂ ਉਸ ਦਿਨ ਲਾਲ ਰੰਗ ਦੀ ਸ਼ਰਟ ਪਾਈ ਹੋਈ ਸੀ, ਜਿਸ ਵਿਚ ਸਟਾਈਲ ਵਜੋਂ ਕਾਲਰਾਂ 'ਤੇ ਅਤੇ ਬਾਕੀ ਸਾਰੇ ਬਟਨਾਂ ਦੇ ਨਾਲ-ਨਾਲ ਇਕ ਬਟਨ ਵਾਧੂ ਲੱਗਾ ਹੋਇਆ ਸੀ। ਇਸ ਵਾਰਤਾਲਾਪ ਦੌਰਾਨ ਬਾਵਾ ਜੀ ਮੇਰੀ ਸ਼ਰਟ ਵਿਚ ਲੱਗੇ ਵਾਧੂ ਬਟਨ ਉਤਾਰ ਦਿੱਤੇ ਅਤੇ ਉਨ੍ਹਾਂ ਬਟਨਾਂ ਨੂੰ ਕਾਗਜ਼ ਦੇ ਟੁਕੜੇ ਵਿਚ ਲਪੇਟ ਕੇ ਪੁੜੀ ਬਣਾ ਕੇ ਰੱਖ ਲਏ ਅਤੇ ਕਿਹਾ, 'ਤੂੰ ਇਸ ਵੇਲੇ ਇਹੋ ਜਿਹੀ ਟੌਹਰੀ ਸ਼ਰਟ ਪਾਉਣ ਦੇ ਯੋਗ ਨਹੀਂ।' ਬਾਵਾ ਜੀ ਕਹਿਣ ਲੱਗੇ ਕਿ ਦਾਖ਼ਲਾ ਭੇਜ ਦੇਣ ਲੱਗਾ ਹਾਂ, ਤੂੰ ਵੀ ਕੋਸ਼ਿਸ਼ ਜਾਰੀ ਰੱਖੀਂ। ਮੈਂ ਕਿਹਾ, 'ਠੀਕ ਏ ਸਰ'।

ਬੋਰਡ ਦੇ ਦਾਖ਼ਲੇ ਚਲੇ ਗਏ। ਪੜ੍ਹਾਈ ਬਾ-ਦਸਤੂਰ ਜਾਰੀ ਸੀ। ਮੈਂ ਲੱਖ ਯਤਨਾਂ ਦੇ ਬਾਵਜੂਦ ਹਿਸਾਬ ਦੇ ਵਿਸ਼ੇ ਵਿਚ ਕੋਈ ਖ਼ਾਸ— ਨਹੀਂ ਕਰ ਸਕਿਆ। ਦੋ-ਤਿੰਨ ਮਹੀਨਿਆਂ ਬਾਅਦ ਮਾਰਚ ਵਿਚ ਬੋਰਡ ਦੀ ਪ੍ਰੀਖਿਆ ਦੀ ਡੇਟਸ਼ੀਟ ਵੀ ਆ ਗਈ। ਬਾਕੀ ਸਭ ਵਧੀਆ ਸੀ ਪਰ ਹਿਸਾਬ ਦੇ ਪੇਪਰ ਵੱਡੀ ਚਿੰਤਾ ਦੇ ਕਾਰਨ ਸਨ। ਬੋਰਡ ਦੇ ਪੇਪਰ ਸ਼ੁਰੂ ਹੋ ਗਏ। ਜਿਸ ਦਿਨ ਹਿਸਾਬ ਦਾ ਪਹਿਲਾ ਪੇਪਰ ਸੀ, ਮੈਨੂੰ ਪਤਾ ਸੀ ਕਿ ਮੈਥੋਂ ਕੁਝ ਨਹੀਂ ਹੋਣਾ। ਪੇਪਰ ਵੰਡੇ ਗਏ। ਮੇਰੇ ਤੋਂ ਸਿਵਾਏ ਸਾਰੇ ਵਿਦਿਆਰਥੀ ਪੇਪਰ ਪੜ੍ਹ ਰਹੇ ਸਨ ਤੇ ਯੋਜਨਾ ਬਣਾ ਰਹੇ ਸਨ ਕਿ ਪਹਿਲਾਂ ਕਿਹੜੇ ਸਵਾਲਾਂ ਦੇ ਉੱਤਰ ਲਿਖਣੇ ਹਨ। ਮੈਂ ਆਪਣੀ ਜਗ੍ਹਾ 'ਤੇ ਚੁੱਪ-ਚਾਪ ਬੈਠਾ ਬਾਕੀ ਪੇਪਰ ਕਰ ਰਹੇ ਵਿਦਿਆਰਥੀਆਂ ਨੂੰ ਦੇਖ ਰਿਹਾ ਸੀ ਕਿ ਮੇਰੇ ਕੰਨਾਂ ਵਿਚ ਬਾਵਾ ਜੀ ਦੀ ਆਵਾਜ਼ ਪਈ। ਥੋੜ੍ਹੀ ਦੇਰ ਬਾਅਦ ਮੈਂ ਵੇਖਿਆ ਕਿ ਬਾਵਾ ਜੀ ਮੇਰੇ ਕੋਲ ਖੜ੍ਹੇ ਹਨ। ਉਨ੍ਹਾਂ ਮੈਨੂੰ ਹੌਲੀ ਜਿਹੇ ਪੁੱਛਿਆ ਕਿ ਕੁਛ ਕਰੇਂਗਾ? ਮੈਂ ਨਾ ਵਿਚ ਸਿਰ ਹਿਲਾਇਆ। ਫਿਰ ਉਹ ਤੁਰਦੇ ਹੋਏ ਸੁਪਰਵਾਈਜ਼ਰ ਕੋਲ ਗਏ ਅਤੇ ਉਸਦੇ ਕੰਨ ਵਿਚ ਕੁਝ ਕਿਹਾ। ਬਾਵਾ ਜੀ ਦਾ ਆਪਣੇ ਸਮੇਂ ਦੌਰਾਨ ਵਿੱਦਿਅਕ ਖੇਤਰਾਂ ਵਿਚ ਬੜਾ ਵੱਡਾ ਨਾਮ ਅਤੇ ਉੱਚਾ ਮੁਕਾਮ ਸੀ। ਕੋਈ ਸਹਿਜ ਕੀਤੇ ਉਨ੍ਹਾਂ ਦੀ


Late BAWA NARINJAN SINGH (16.10.1931 TO 01.11.2008)

ਗੱਲ ਨਹੀਂ ਕੱਟਦਾ ਸੀ। ਥੋੜ੍ਹੀ ਦੇਰ ਬਾਅਦ ਪਾਣੀ ਪਿਆਉਣ ਵਾਲਾ ਸੇਵਕ ਆਇਆ ਅਤੇ ਬੜੀ ਸਫ਼ਾਈ ਨਾਲ ਕੁਝ ਸਵਾਲਾਂ ਦੇ ਉੱਤਰ ਮੇਰੇ ਸਾਹਮਣੇ ਰੱਖ ਕੇ ਚਲਾ ਗਿਆ। ਮੈਂ ਸਮਝ ਗਿਆ ਕਿ ਬਾਵਾ ਜੀ ਦੇ ਰੂਪ ਵਿਚ ਰੱਬ ਬਹੁੜਿਆ ਏ। ਦੋ ਘੰਟੇ ਬਾਅਦ ਫਿਰ ਉਹੀ ਸੇਵਾਦਾਰ ਆਇਆ ਤੇ ਦਿੱਤਾ ਹੋਇਆ ਸਾਮਾਨ ਵਾਪਸ ਲੈ ਕੇ ਚਲਾ ਗਿਆ। ਠੀਕ ਇਸੇ ਤਰ੍ਹਾਂ ਦਾ ਵਰਤਾਰਾ ਹਿਸਾਬ ਦੇ ਦੂਸਰੇ ਪੇਪਰ ਵਾਲੇ ਦਿਨ ਵੀ ਹੋਇਆ। ਬਾਵਾ ਜੀ ਆਏ ਅਤੇ ਫਿਰ ਪੁੱਛਿਆ ਕੁਝ ਕਰੇਂਗਾ? ਮੈਂ ਫਿਰ ਨਾ ਵਿਚ ਸਿਰ ਹਿਲਾਇਆ। ਉਨ੍ਹਾਂ ਨੇ ਉਸ ਦਿਨ ਦੇ ਸੁਪਰਵਾਈਜ਼ਰ ਨਾਲ ਕੁਝ ਗੱਲ ਕੀਤੀ ਅਤੇ ਚਲੇ ਗਏ। ਫਿਰ ਉਹੋ ਪਾਣੀ ਪਿਆਉਣ ਵਾਲਾ ਸੇਵਕ ਆਇਆ ਅਤੇ ਕੁਛ ਅਲਜਬਰੇ ਦੇ ਅਤੇ ਕੁਛ ਜੀਉਮੈਟਰੀ ਦੀਆਂ ਥਿਊਰਮਾਂ ਦੇ ਗਿਆ। ਇੰਜ ਇੱਕ-ਇੱਕ ਕਰ ਕੇ ਸਾਰੇ ਪੇਪਰ ਹੋ ਗਏ। ਦਿਲ ਨੂੰ ਤਸੱਲੀ ਸੀ ਕਿ ਦਸਵੀਂ ਵੀ ਹੁਣ ਪਾਸ ਸਮਝੋ। ਪੇਪਰਾਂ ਤੋਂ ਬਾਅਦ ਰਿਜ਼ਲਟ ਆਉਣ ਤੱਕ ਛੁੱਟੀਆਂ ਦਾ ਲੰਮਾ ਸਿਲਸਿਲਾ। ਤਕਰੀਬਨ ਦੋ ਤੋਂ ਵੱਧ ਮਹੀਨਿਆਂ ਬਾਅਦ ਦਸਵੀਂ ਦੇ ਰਿਜ਼ਲਟ ਆਉਣ ਦੀਆਂ ਖ਼ਬਰਾਂ ਵੀ ਮਿਲਣ ਲੱਗ ਪਈਆਂ। ਅਖੀਰ ਇਕ ਦਿਨ ਰਿਜ਼ਲਟ ਆ ਹੀ ਗਿਆ। ਮੈਂ ਅਤੇ ਮੇਰੇ ਦੋਸਤ ਨੇ ਟਾਂਡਾ ਰੇਲਵੇ ਰੋਡ 'ਤੇ ਇਕ ਕਿਤਾਬਾਂ ਦੀ ਦੁਕਾਨ 'ਤੇ ਰੋਲ ਨੰਬਰ ਗਜ਼ਟ 'ਤੇ ਚੈੱਕ ਕੀਤੇ। ਮੇਰੇ ਸਾਰੇ ਦੋਸਤ ਪਾਸ ਹੋ ਗਏ ਪਰ ਮੇਰਾ ਰੋਲ ਨੰਬਰ ਨਹੀਂ ਮਿਲ ਰਿਹਾ ਸੀ। ਮੇਰਾ ਰੰਗ ਉੱਡ ਗਿਆ। ਮੈਂ ਮੰਨ ਲਿਆ ਕਿ ਮੈਂ ਫੇਲ੍ਹ ਹੋ ਗਿਆ ਹਾਂ। ਗਜ਼ਟ ਵਿਚੋਂ ਰੋਲ ਨੰਬਰ ਚੈੱਕ ਕਰਨ ਵਾਲਾ ਮੁੰਡਾ ਕਹਿੰਦਾ ਥਰਡ ਡਿਵੀਜ਼ਨ ਵਿਚ ਤਾਂ ਰੋਲ ਨੰਬਰ ਨਹੀਂ ਮਿਲ ਰਿਹਾ, ਸੈਕਿੰਡ ਡਿਵੀਜ਼ਨ ਵਿਚ ਚੈੱਕ ਕਰਾਂ? ਮੈਂ ਕਿਹਾ, ਸਾਰੇ ਤਾਂ ਥਰਡ ਡਿਵੀਜ਼ਨ ਵਿਚ ਪਾਸ ਹੋਏ ਹਨ, ਭਲਾ ਮੇਰੀ ਸੈਕਿੰਡ ਡਿਵੀਜ਼ਨ ਕਿੱਥੋਂ ਆਉਣ ਲੱਗੀ ਏ? ਉਹ ਕਹਿਣ ਲੱਗਾ ਕਿ ਰੋਲ ਨੰਬਰ ਚੈੱਕ ਕਰਨ ਵਿਚ ਕੀ ਜਾਂਦਾ ਏ। ਜਦੋਂ ਉਸ ਨੇ ਸੈਕਿੰਡ ਡਿਵੀਜ਼ਨ ਵਾਲੇ ਪਾਸੇ ਰੋਲ ਨੰਬਰ ਚੈੱਕ ਕੀਤਾ ਤਾਂ ਉੱਥੇ ਮੇਰਾ ਰੋਲ ਨੰਬਰ ਮਿਲ ਗਿਆ ਯਾਨੀ ਕਿ ਮੈਂ ਦਸਵੀਂ ਜਮਾਤ ਸੈਕਿੰਡ ਡਿਵੀਜ਼ਨ ਨਾਲ ਪਾਸ ਕਰ ਲਈ ਸੀ। ਦਿਲ ਨੂੰ ਅੰਤਰੀਵ ਖ਼ੁਸ਼ੀ ਮਿਲੀ ਕਿ ਚਲੋ ਪੜ੍ਹਾਈ ਦਾ ਪਹਿਲਾ ਵੱਡਾ ਪੜਾਅ ਜੋ ਕਿ ਦਸਵੀਂ ਜਮਾਤ ਦਾ ਹੁੰਦਾ ਸੀ, ਪਾਰ ਕਰ ਲਿਆ ਏ।

ਦਸਵੀਂ ਪਾਸ ਕਰਦੇ ਸਾਰ ਹਰੇਕ ਦਾ ਸੁਪਨਾ ਹੁੰਦਾ ਏ ਕਾਲਜ ਜਾਣ ਦਾ। ਕਾਲਜ ਵਿਚ ਦਾਖ਼ਲਾ ਲੈਣ ਲਈ ਦਸਵੀਂ ਦੀ ਮਾਰਕ ਸ਼ੀਟ ਹੋਣੀ ਜ਼ਰੂਰੀ ਹੁੰਦੀ ਏ। ਕਿਉਂਕਿ ਦਸਵੀਂ ਦੇ ਨੰਬਰਾਂ ਤੋਂ ਹੀ ਤੁਸੀਂ ਕਾਲਜ ਵਿਚ ਕਿਸ ਵਿਸ਼ੇ ਵਿਚ ਦਾਖ਼ਲਾ ਲੈਣਾ ਏ ਨਿਰਭਰ ਕਰਦਾ ਏ। ਇਕ ਦਿਨ ਮੈਂ ਅਤੇ ਮੇਰਾ ਦੋਸਤ ਬਲਰਾਜ ਮਾਰਕ ਸ਼ੀਟ ਲੈਣ ਲਈ ਸਕੂਲ ਗਏ। ਅਸੀਂ ਸਕੂਲ ਦੇ ਦਫ਼ਤਰ ਤੋਂ ਆਪਣੀਆਂ ਮਾਰਕ ਸ਼ੀਟਾਂ ਲੈ ਲਈਆਂ ਅਤੇ ਸਾਈਕਲ ਲੈਣ ਲਈ ਸਾਈਕਲ ਸਟੈਂਡ ਵੱਲ ਜਾ ਰਹੇ ਸਾਂ ਕਿ ਅਚਾਨਕ ਪਿੱਛੋਂ ਰੁਕਣ ਲਈ ਆਵਾਜ਼ ਆਈ। ਸਾਡੇ ਪੈਰ ਉੱਥੇ ਹੀ ਰੁਕ ਗਏ ਕਿਉਂਕਿ ਇਹ ਆਵਾਜ਼ ਸਾਡੇ ਹੈੱਡ ਮਾਸਟਰ ਬਾਵਾ ਜੀ ਦੀ ਸੀ। ਮੈਂ ਪਿੱਛੇ ਮੁੜਿਆ ਤਾਂ ਵੇਖਿਆ ਕਿ ਉਹ ਆਪਣੇ ਪਿੱਛੇ ਆਉਣ ਦਾ ਇਸ਼ਾਰਾ ਕਰ ਰਹੇ ਸਨ। ਮੈਂ ਅਤੇ ਬਲਰਾਜ, ਬਾਵਾ ਜੀ ਦੇ ਪਿੱਛੇ-ਪਿੱਛੇ ਉਨ੍ਹਾਂ ਦੇ ਦਫ਼ਤਰ ਵੱਲ ਨੂੰ ਚਲੇ ਗਏ। ਜਦੋਂ ਅਸੀ ਉਨ੍ਹਾਂ ਦੇ ਦਫ਼ਤਰ ਸਾਹਮਣੇ ਗਏ, ਤਾਂ ਬਾਵਾ ਜੀ ਨੇ ਅੰਦਰ ਆਉਣ ਲਈ ਕਿਹਾ। ਅਸੀਂ ਜਦੋਂ ਅੰਦਰ ਗਏ ਤਾਂ ਮੈਂ ਵੇਖਿਆ ਕਿ ਬਾਵਾ ਜੀ ਆਪਣੇ ਟੇਬਲ ਦਾ ਦਰਾਜ਼ ਫਰੋਲ ਰਹੇ ਸਨ। ਅਚਾਨਕ ਮੈਂ ਵੇਖਿਆ ਕਿ ਉਨ੍ਹਾਂ ਦੇ ਹੱਥ ਵਿਚ ਇੱਕ ਪੁੜੀ ਸੀ। ਜਦੋਂ ਉਨ੍ਹਾਂ ਨੇ ਪੁੜੀ ਖੋਲ੍ਹੀ ਤਾਂ ਮੈਂ ਵੇਖ ਕੇ ਹੱਕਾ-ਬੱਕਾ ਰਹਿ ਗਿਆ ਕਿ ਉਸ ਪੁੜੀ ਵਿਚ ਮੇਰੀ ਲਾਲ ਸ਼ਰਟ ਦੇ ਬਟਨ ਸਨ, ਜੋ ਬਾਵਾ ਜੀ ਨੇ ਦਾਖ਼ਲਾ ਭੇਜਣ ਵੇਲੇ ਮੇਰੀ ਲਾਲ ਸ਼ਰਟ ਤੋਂ ਤੋੜੇ ਸਨ। ਉਨ੍ਹਾਂ ਬਟਨਾਂ ਵਾਲੀ ਪੁੜੀ ਮੈਨੂੰ ਦਿੰਦਿਆਂ ਕਿਹਾ, 'ਹੁਣ ਤੂੰ ਇਹ ਬਟਨਾਂ ਵਾਲੀ ਸ਼ਰਟ ਪਾ ਸਕਦਾ ਏਂ'। ਬਾਵਾ ਜੀ ਨੇ ਆਪਣਾ ਵਚਨ ਪੂਰਾ ਕਰ ਦਿੱਤਾ ਸੀ। ਬਾਵਾ ਨਿਰੰਜਨ ਸਿੰਘ ਸਦਕਾ ਮੈਂ ਦਸਵੀਂ ਜਮਾਤ ਪਾਸ ਕਰ ਸਕਿਆ। ਨਹੀਂ ਤਾਂ ਮੈਂ ਸਾਰੀ ਉਮਰ ਅੰਡਰ ਮੈਟ੍ਰਿਕ ਦੀ ਡਿਗਰੀ ਨਾਲ ਜਿਉਣਾ ਸੀ। ਮਾਰਕ ਸ਼ੀਟ ਅਨੁਸਾਰ ਮੈਨੂੰ ਹਿਸਾਬ ਦੇ ਦੋਵਾਂ ਪੇਪਰਾਂ ਵਿਚ ਕੁੱਲ 52 ਨੰਬਰ ਮਿਲੇ ਸਨ, ਜੋ ਕਿ ਪਾਸ ਹੋਣ ਲਈ ਘੱਟੋ-ਘੱਟ ਜ਼ਰੂਰੀ ਚਾਹੀਦੇ ਸਨ। ਬਹੁਤ-ਬਹੁਤ ਧੰਨਵਾਦ ਬਾਵਾ ਜੀ। ਕੌਣ ਯਾਦ ਰੱਖਦਾ ਏ ਕਿ ਕਿਸੇ ਆਮ ਵਿਦਿਆਰਥੀ ਨਾਲ ਇੱਕ ਹੈੱਡ ਮਾਸਟਰ ਨੇ ਕੋਈ ਵਾਅਦਾ ਕੀਤਾ ਸੀ। ਫਿਰ ਉਸ ਵਾਅਦੇ ਨੂੰ ਪੁਗਾਉਣ ਲਈ ਹੈੱਡ ਮਾਸਟਰ ਉਚੇਚੇ ਤੌਰ 'ਤੇ ਹਿਸਾਬ ਦੇ ਪੇਪਰਾਂ ਨੂੰ ਯਾਦ ਰੱਖਦਾ ਏ। ਸੁਪਰਵਾਈਜ਼ਰ ਨੂੰ ਰਿਕੁਐਸਟ ਕਰਦਾ ਏ। ਫਿਰ ਸੇਵਾਦਾਰ ਹੱਥ ਪਰਚੀਆਂ ਭੇਜਦਾ ਏ। ਵਾਹ! ਬਾਵਾ ਜੀ!

ਇਹੋ ਜਿਹੇ ਸਨ, ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ, ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਦੀ ਰੂਹੇ- ਰਵਾਂ ਬਾਵਾ ਨਿਰੰਜਨ ਸਿੰਘ ਹੈੱਡ ਮਾਸਟਰ। ਬਾਵਾ ਜੀ ਦੀ ਯਾਦਦਾਸ਼ਤ ਬਹੁਤ ਤੇਜ਼ ਸੀ। ਉਹ ਆਪਣੇ ਪੜ੍ਹਾਏ ਹੋਏ ਵਿਦਿਆਰਥੀਆਂ ਨੂੰ ਸਾਲਾਂ ਬਾਅਦ ਵੀ ਪਛਾਣ ਲੈਂਦੇ ਸਨ। ਜਿੰਨੀ ਦੇਰ ਬਾਵਾ ਜੀ ਸਕੂਲ ਦੇ ਹੈੱਡ ਮਾਸਟਰ ਰਹੇ, ਉਨੀ ਦੇਰ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਚੜ੍ਹਦੀ ਕਲਾ ਵਿਚ ਰਿਹਾ। ਬਾਵਾ ਜੀ ਦੇ ਸਕੂਲ ਛੱਡਣ ਤੋਂ ਬਾਅਦ ਐਸ ਪੀ ਐਸ ਖ਼ਾਲਸਾ ਹਾਈ ਸਕੂਲ ਮੁੜ ਉਨ੍ਹਾਂ ਬੁਲੰਦੀਆਂ ਨੂੰ ਨਹੀਂ ਛੋਹ ਸਕਿਆ। ਰਾਜਨੀਤੀ ਵਿਚ ਬਾਵਾ ਜੀ ਦਾ ਲਗਾਓ ਸ਼ੁਰੂ ਤੋਂ ਹੀ ਕਾਂਗਰਸ ਵੱਲ ਸੀ। ਸਕੂਲ ਦੀ ਨੌਕਰੀ ਤੋਂ ਬਾਅਦ ਉਹ ਕਾਂਗਰਸ ਦੀ ਸਰਗਰਮ ਸਿਆਸਤ ਵਿਚ ਭਾਗ ਲੈਣ ਲੱਗ ਪਏ ਸਨ। ਉਨ੍ਹਾਂ ਨੇ ਕਾਂਗਰਸ ਦੀ ਟਿਕਟ 'ਤੇ ਇਕ ਵਾਰ ਭੁਲੱਥ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੋਣ ਵੀ ਲੜੀ ਸੀ ਪਰ ਬਹੁਤ ਥੋੜ੍ਹੀਆਂ ਵੋਟਾਂ ਦੇ ਫ਼ਰਕ ਨਾਲ ਹਾਰ ਗਏ ਸਨ। ਵੱਡੀ ਮਿਆਣੀ ਦੇ ਵਸਨੀਕ ਹੋਣ ਕਾਰਨ ਉਹ ਟਾਂਡਾ ਅਤੇ ਭੁਲੱਥ ਹਲਕੇ ਵਿਚ ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਬਹੁਤ ਸਰਗਰਮ ਰਹੇ। ਉਨ੍ਹਾਂ ਦਾ ਨਿਊ ਯਾਰਕ ਵਿਚ ਆਉਣਾ ਜਾਣਾ ਵੀ ਲੱਗਾ ਰਹਿੰਦਾ ਸੀ। ਨਿਊ ਯਾਰਕ ਦੇ ਰਿਚਮੰਡ ਹਿੱਲ ਵਿਚ ਉਨ੍ਹਾਂ ਦੇ ਪੁੱਤਰ ਬਾਵਾ ਰਾਜਿੰਦਰ ਸਿੰਘ ਲਾਲੀ ਦਾ ਕੰਸਟ੍ਰੱਕਸ਼ਨ ਦੇ ਖੇਤਰ ਵਿਚ ਵੱਡਾ ਨਾਮ ਏ। ਬਾਵਾ ਰਾਜਿੰਦਰ ਸਿੰਘ ਲਾਲੀ ਨਿਊ ਯਾਰਕ ਦੀ ਸਭ ਤੋਂ ਵੱਡੀ ਸਿੱਖ ਸੰਸਥਾ ਸਿੱਖ ਕਲਚਰਲ ਸੋਸਾਇਟੀ ਦਾ ਪਿਛਲੇ ਕਾਫੀ ਸਮੇਂ ਤੋਂ ਉੱਚ ਅਹੁਦੇਦਾਰ ਵੀ ਏ। ਬਾਵਾ ਜੀ ਦਾ ਦੂਜਾ ਪੁੱਤਰ ਵੀ ਰਿਚਮੰਡ ਹਿੱਲ ਵਿਚ ਕੰਮ ਕਰਦਾ ਏ।

ਬਾਵਾ ਜੀ ਨਾਲ ਸੰਬੰਧਤ ਇਹ ਵਾਰਤਾ ਉਨ੍ਹਾਂ ਦੇ ਸੰਗੀ ਬਾਬੂ ਬੂੜ ਸਿੰਘ ਬਾਰੇ ਹੋਰ ਜ਼ਿਕਰ ਕਰਨ ਤੋਂ ਬਿਨਾਂ ਅਧੂਰੀ ਰਹੇਗੀ। ਉਹ ਵੰਡ ਤੋਂ ਪਹਿਲਾਂ, ਜਦੋਂ ਗਿਣਤੀ ਦਿਆਂ ਲੋਕਾਂ ਨੇ ਹੀ ਉੱਚ ਵਿੱਦਿਆ ਪ੍ਰਾਪਤ ਕੀਤੀ ਹੁੰਦੀ ਸੀ, ਵਿਚੋਂ ਇਕ ਸਨ। ਉਨ੍ਹਾਂ ਦੇ ਪਿਤਾ ਸ. ਤੇਜਾ ਸਿੰਘ ਮੱਟ ਵੱਢੇ ਧਨਾਢ ਸਨ ਅਤੇ ਸੰਤ ਬਾਬਾ ਪ੍ਰੇਮ ਸਿੰਘ ਨਾਲ ਕਾਫ਼ੀ ਨੇੜਤਾ ਸੀ। ਇਸੇ ਕਰਕੇ ਬਾਬੂ ਬੂੜ ਸਿੰਘ ਦੀ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਨਾਲ ਵੀ ਕਾਫ਼ੀ ਨੇੜਤਾ ਸੀ। ਉਹ ਪਾਕਿਸਤਾਨ ਬਣਨ ਤੋਂ ਪਹਿਲਾਂ ਅਤੇ ਬਾਅਦ ਵਿਚ ਸੰਤ ਪ੍ਰੇਮ ਸਿੰਘ ਵੱਲੋਂ ਸੰਚਾਲਿਤ ਸਾਰੇ ਸਕੂਲਾਂ ਦਾ ਸਕੱਤਰ ਵਜੋਂ ਕੰਮ ਕਾਜ ਦੇਖਦੇ ਸਨ। ਬਾਵਾ ਜੀ ਅਤੇ ਬਾਬੂ ਜੀ ਨੂੰ ਸਮਾਜਿਕ ਸਮਾਗਮਾਂ ਵਿਚ ਆਮ ਹੀ ਇਕੱਠਿਆਂ ਵੇਖਿਆ ਜਾਂਦਾ ਸੀ। ਬਾਬੂ ਬੂੜ ਸਿੰਘ ਦੇ ਬੇਟੇ ਬਾਬੂ ਜੋਗਿੰਦਰ ਸਿੰਘ, ਮਾਸਟਰ ਮਨਮੋਹਨ ਸਿੰਘ, ਪੋਤਰੇ ਸੁਖਵਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਬਿੱਲਾ, ਨਿਊ ਯਾਰਕ ਦੇ ਲੌਂਗ ਆਈ ਲੈਂਡ ਵਿਚ ਲਿਕਰ ਦੇ ਵੱਡੇ ਕਾਰੋਬਾਰੀ ਰਹੇ ਹਨ।

# ਚਿੰਤਾ ਅਤੇ ਡਿਪਰੈਸ਼ਨ

ਚਿੰਤਾ ਅਤੇ ਡਿਪਰੈਸ਼ਨ ਵੱਖਰੀਆਂ ਮਾਨਸਿਕ ਸਿਹਤ ਸਥਿਤੀਆਂ ਹਨ, ਪਰ ਇਹ ਅਕਸਰ ਇਕੱਠੇ ਵਾਪਰਦੀਆਂ ਹਨ। ਹਰੇਕ ਅਵਸਥਾ ਦਾ ਪ੍ਰਭਾਵਸ਼ਾਲੀ ਢੰਗ ਨਾਲ ਨਿਦਾਨ ਕਰਨਾ ਅਤੇ ਇਲਾਜ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ, ਪਰ ਇਹ ਸੰਭਵ ਹੈ।

ਇਲਾਜ ਦੇ ਕਈ ਵਿਕਲਪ ਹਨ, ਜਿਸ ਵਿਚ ਦਵਾਈ ਅਤੇ ਥੈਰੇਪੀ ਸ਼ਾਮਲ ਹਨ। ਕਈ ਵਾਰ, ਇਕ ਵਿਅਕਤੀ ਨੂੰ ਲੱਗਦਾ ਹੈ ਕਿ ਦੋ ਇਲਾਜਾਂ ਦਾ ਸੁਮੇਲ ਉਸ ਲਈ ਸਭ



ਡਾਕਟਰ ਕੁਲਦੀਪ ਸਿੰਘ
ਫੋਨ: +91-98960-63134

ਤੋਂ ਵਧੀਆ ਹੈ।

**ਚਿੰਤਾ ਅਤੇ ਉਦਾਸੀਨਤਾ ਵਿਚਕਾਰ ਸਬੰਧ:**

ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ ਚਿੰਤਾ ਅਤੇ ਉਦਾਸੀਨਤਾ ਅਕਸਰ ਮਰੀਜ਼ਾਂ ਵਿਚ ਇਕੱਠੀਆਂ ਮੌਜੂਦ ਹੁੰਦੀਆਂ ਹਨ। ਖੋਜਕਰਤਾਵਾਂ ਕੋਲ ਅਜੇ ਤੱਕ ਇਸ ਬਾਰੇ ਸਾਰੇ ਜਵਾਬ ਨਹੀਂ ਹਨ ਕਿ ਲੋਕ ਅਕਸਰ ਚਿੰਤਾ ਅਤੇ ਉਦਾਸੀਨਤਾ ਨੂੰ ਇਕੱਠਿਆਂ ਅਨੁਭਵ ਕਿਉਂ ਕਰਦੇ ਹਨ।

ਚਿੰਤਾ ਨਾਲ ਜੁੜੀ ਚਿੰਤਾ, ਡਰ ਅਤੇ ਤਣਾਅ ਲਗਾਤਾਰ ਨਕਾਰਾਤਮਕ ਦ੍ਰਿਸ਼ਟੀਕੋਣ ਪੈਦਾ ਕਰਦੇ ਹਨ, ਜਿਸ ਨਾਲ ਉਦਾਸੀਨਤਾ ਦੇ ਲੱਛਣ ਪੈਦਾ ਹੁੰਦੇ ਹਨ। ਇਸ ਦੇ ਉਲਟ, ਨਿਰਾਸ਼ਾ ਅਤੇ ਉਦਾਸੀ ਦੀਆਂ ਭਾਵਨਾਵਾਂ ਜੋ ਉਦਾਸੀ ਨੂੰ ਦਰਸਾਉਂਦੀਆਂ ਹਨ, ਚਿੰਤਤ ਵਿਚਾਰਾਂ ਨੂੰ ਵਧੇਰੇ ਗੁੰਝਲਦਾਰ ਬਣਾਉਂਦੀਆਂ ਹਨ।

ਵਿਸ਼ਵ ਸਿਹਤ ਸੰਗਠਨ (WHO) ਦੇ ਅਨੁਸਾਰ, ਉਦਾਸੀਨਤਾ ਅਤੇ ਚਿੰਤਾ ਵਿਸ਼ਵ ਭਰ ਵਿਚ ਸਭ ਤੋਂ ਵੱਧ ਪ੍ਰਚਲਿਤ ਮਾਨਸਿਕ ਸਿਹਤ ਵਿਕਾਰ ਹਨ। ਕੋਵਿਡ ਮਹਾਂਮਾਰੀ ਦੌਰਾਨ, ਚਿੰਤਾ ਅਤੇ ਉਦਾਸੀਨਤਾ ਦੀਆਂ ਘਟਨਾਵਾਂ ਵਿਚ ਹੈਰਾਨੀਜਨਕ ਵਾਧਾ ਹੋਇਆ।

**ਚਿੰਨ੍ਹ ਅਤੇ ਲੱਛਣ (Signs and Symptoms):**

ਡਿਪਰੈਸ਼ਨ ਅਤੇ ਚਿੰਤਾ ਦੇ ਵਿਲੱਖਣ ਲੱਛਣ ਹੁੰਦੇ ਹਨ, ਪਰ ਇਨ੍ਹਾਂ ਲੱਛਣਾਂ ਦੇ ਓਵਰਲੈਪ ਜਾਂ ਨਤੀਜਿਆਂ ਦੀ ਸਹੀ ਮਾਤਰਾ ਵੀ ਹੁੰਦੀ ਹੈ.

**ਓਵਰਲੈਪਿੰਗ ਲੱਛਣ:**

ਚਿੰਤਾ ਅਤੇ ਉਦਾਸੀਨਤਾ ਦੋਵੇਂ ਕੁਝ ਆਮ ਲੱਛਣ ਸਾਂਝੇ ਕਰਦੇ ਹਨ। ਕੁਝ ਓਵਰਲੈਪਿੰਗ ਲੱਛਣਾਂ ਵਿਚ ਸ਼ਾਮਲ ਹਨ:

ਨੀਂਦ ਵਿਚ ਰੁਕਾਵਟਾਂ (ਜਾਂ ਤਾਂ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਸੌਣਾ), ਯਾਦਦਾਸ਼ਤ ਵਿਚ ਕਮੀ, ਇਕਾਗਰਤਾ ਵਿਚ ਕਮੀ, ਫੈਸਲੇ ਲੈਣ ਵਿਚ ਮੁਸ਼ਕਿਲ, ਸਿਰ ਦਰਦ ਵਰਗੇ ਸਰੀਰਕ ਲੱਛਣ, ਥਕਾਵਟ, ਮਾਸਪੇਸ਼ੀਆਂ ਵਿਚ ਤਣਾਅ, ਬੇਚੈਨੀ ਅਤੇ ਚਿੜਚਿੜਾਪਨ।

**ਕਾਰਣ:** ਡਿਪਰੈਸ਼ਨ ਅਤੇ ਚਿੰਤਾ ਨੂੰ ਅਨੁਵੰਸ਼ਿਕ ਕਾਰਕਾਂ ਦੇ ਨਾਲ-ਨਾਲ ਵਾਤਾਵਰਣ ਦੇ ਕਾਰਕਾਂ ਦਾ ਕਾਰਨ ਵੀ ਮੰਨਿਆ ਜਾਂਦਾ ਹੈ। ਹਾਲਾਂਕਿ, ਵਿਗਿਆਨੀ ਅਜੇ ਵੀ ਖੋਜ ਕਰ ਰਹੇ ਹਨ ਕਿ ਕਿਹੜੇ ਸਹੀ ਜੀਨ ਡਿਪਰੈਸ਼ਨ ਅਤੇ ਚਿੰਤਾ ਵਰਗੇ ਹਾਲਾਤਾਂ ਲਈ ਜ਼ਿੰਮੇਵਾਰ ਹੋ ਸਕਦੇ ਹਨ।

ਡਿਪਰੈਸ਼ਨ ਜਾਂ ਚਿੰਤਾ ਲਈ ਕੁਝ ਜਾਣੇ ਜਾਂਦੇ ਕਾਰਕ ਹਨ, ਜਿਨ੍ਹਾਂ ਵਿਚ ਸ਼ਾਮਲ ਹਨ:

ਡਿਪਰੈਸ਼ਨ ਜਾਂ ਚਿੰਤਾ ਦਾ ਪਰਿਵਾਰਕ ਇਤਿਹਾਸ, ਬਚਪਨ ਦੇ ਮਾੜੇ ਤਜ਼ਰਬੇ (Childhood Traumas), ਜਿਵੇਂ ਕਿ ਦੁਰ-ਵਿਹਾਰ, ਹੋਰ ਮਾਨਸਿਕ ਸਿਹਤ ਸਮੱਸਿਆਵਾਂ ਦਾ ਇਤਿਹਾਸ, ਸਮਾਜ ਨਾਲੋਂ ਵਖਰੇਵਾਂ।

**ਡਿਪਰੈਸ਼ਨ ਅਤੇ ਚਿੰਤਾ ਲਈ ਇਲਾਜ: (Treatment for Depression and Anxiety)**

ਤੁਹਾਡੇ ਲੱਛਣਾਂ ਅਤੇ ਹੋਰ ਕਾਰਕਾਂ ਦੀ ਤੀਬਰਤਾ 'ਤੇ ਨਿਰਭਰ ਕਰਦੇ ਹੋਏ, ਤੁਹਾਡੀ ਇਲਾਜ ਯੋਜਨਾ ਵਿਚ ਦਵਾਈ, ਥੈਰੇਪੀ, ਜਾਂ ਦੋਹਾਂ ਦਾ ਸੁਮੇਲ ਸ਼ਾਮਲ ਹੋ ਸਕਦਾ ਹੈ।

**ਮਨੋਵਿਗਿਆਨਕ ਕੌਂਸਲਿੰਗ ਅਤੇ ਸਾਈਕੋਥੈਰੇਪੀ (Psychological Counselling and Psychotherapy):**

ਡਿਪਰੈਸ਼ਨ ਅਤੇ ਚਿੰਤਾ ਵਿਕਾਰਾਂ ਦੇ ਇਲਾਜ ਲਈ ਕਈ ਕਿਸਮਾਂ ਦੇ ਕੌਂਸਲਿੰਗ ਅਤੇ ਸਾਈਕੋਥੈਰੇਪੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਬੌਧਿਕ ਵਿਵਹਾਰਕ ਥੈਰੇਪੀ (Cognitive Behaviour Therapy):** ਕਿਸੇ ਵਿਅਕਤੀ ਨੂੰ ਤਣਾਅਪੂਰਨ ਹਾਲਾਤਾਂ ਪ੍ਰਤੀ ਸੋਚਣ, ਵਿਵਹਾਰ ਕਰਨ ਅਤੇ ਪ੍ਰਤੀਕਿਰਿਆ ਦੇਣ ਦੇ ਵੱਖ-ਵੱਖ ਤਰੀਕੇ ਸਿਖਾਉਣਾ।

**ਐਕਸਪੋਜ਼ਰ ਥੈਰੇਪੀ (Exposure Therapy):** ਈਟੀ ਵਿਚ ਉਸ ਵਸਤੂ ਜਾਂ ਸਥਿਤੀ ਦੇ ਸੰਪਰਕ ਵਿਚ ਆਉਣਾ ਸ਼ਾਮਲ ਹੈ ਜੋ ਡਰ ਜਾਂ ਚਿੰਤਾ ਨੂੰ ਚਾਲੂ ਕਰਦੀ ਹੈ। ਐਕਸਪੋਜ਼ਰ ਵਾਰ-ਵਾਰ ਕੀਤਾ ਜਾਂਦਾ ਹੈ, ਆਮ ਤੌਰ 'ਤੇ ਇੱਕ ਨਿਰਧਾਰਤ ਮਿਆਦ ਵਿਚ ਲਾਗੂ ਕੀਤਾ ਜਾਂਦਾ ਹੈ, ਜਦੋਂ ਤੱਕ ਕਿ ਕਿਸੇ ਵਿਅਕਤੀ ਨੂੰ ਆਰਾਮ ਨਹੀਂ ਮਿਲ ਜਾਂਦਾ।

**ਦਵੰਦਵਾਦੀ ਵਿਵਹਾਰਕ ਥੈਰੇਪੀ (Dialectical Behaviour Therapy):** ਡੀਬੀਟੀ ਭਾਵਨਾਤਮਕ ਨਿਯਮਾਂ, ਮਾਨਸਿਕਤਾ, ਅਤੇ ਸੰਕਟ ਪ੍ਰਤੀ ਕਿਸੇ ਦੀ ਸਹਿਣਸ਼ੀਲਤਾ ਨੂੰ ਵਧਾਉਣ 'ਤੇ ਕੇਂਦਰਤ ਕਰਦੀ ਹੈ। ਇਹ ਥੈਰੇਪੀ ਲੋਕਾਂ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕਾਬੂ ਕਰਨ ਵਿਚ ਮਦਦ ਲਈ ਦਿੱਤੀ ਜਾਂਦੀ ਹੈ ਅਤੇ ਇਸ ਨਾਲ ਕਾਰਜਕਾਰੀ ਫੰਕਸ਼ਨ ਵਿਚ ਵਿਸ਼ੇਸ਼ ਲਾਭ ਹੁੰਦਾ ਹੈ।

# ਪੰਜਾਬ ਦਾ ਵਿਕਾਸ ਅਤੇ ਨਵੀਂ ਤਕਨਾਲੋਜੀ

**ਡਾ. ਬੀ.ਐੱਸ. ਘੁੰਮਣ**

ਪੰਜਾਬ ਦੇ ਅਰਥਚਾਰੇ ਵਿਚ ਵਿਕਾਸ ਤਾਂ ਹੋ ਰਿਹਾ ਹੈ ਪਰ ਇਸ ਦੀ ਗਤੀ ਹੋਰਨਾਂ ਸੂਬਿਆਂ ਨਾਲੋਂ ਮੱਠੀ ਹੈ। 2012 ਤੋਂ 2022 ਤੱਕ ਇਸ ਦੀ ਔਸਤ ਦਰ 5.04 ਫ਼ੀਸਦ ਰਹੀ ਹੈ ਜੋ ਗੁਜਰਾਤ (8.41 ਫ਼ੀਸਦ), ਕਰਨਾਟਕ (7.43 ਫ਼ੀਸਦ), ਹਰਿਆਣਾ (6.82 ਫ਼ੀਸਦ), ਮੱਧ ਪ੍ਰਦੇਸ਼ (6.75 ਫ਼ੀਸਦ), ਤਿਲੰਗਾਨਾ (6.62 ਫ਼ੀਸਦ), ਉੜੀਸਾ (6.59 ਫ਼ੀਸਦ) ਅਤੇ ਤਾਮਿਲ ਨਾਡੂ (6.01 ਫ਼ੀਸਦ) ਨਾਲੋਂ ਨੀਵੀਂ ਹੈ। ਪੰਜਾਬ ਦੀ ਵਿਕਾਸ ਦਰ ਨੀਵੀਂ ਰਹਿਣ ਪਿੱਛੇ ਮੁੱਖ ਤੌਰ 'ਤੇ ਚਾਰ ਕਾਰਕ ਗਿਣਾਏ ਜਾਂਦੇ ਹਨ: 1) ਸੂਬੇ ਨੇ ਵੱਡੇ ਪੈਮਾਨੇ 'ਤੇ ਸਨਅਤ ਨੂੰ ਵਿਕਸਤ ਕਰਨ ਲਈ ਭਾਰੀ ਅਤੇ ਪੂੰਜੀਗਤ ਵਸਤਾਂ ਦੇ ਸਨਅਤੀ ਮਾਡਲ ਜੋ ਮਹਾਲਾਨੋਬਿਸ ਮਾਡਲ ਵਜੋਂ ਜਾਣਿਆ ਜਾਂਦਾ ਹੈ, ਦਾ ਲਾਹਾ ਨਹੀਂ ਲਿਆ; 2) ਖੇਤੀਬਾੜੀ ਨੂੰ ਹੁਲਾਰਾ ਦੇਣ ਵਾਲੀ ਹਰੀ ਕ੍ਰਾਂਤੀ ਨੂੰ ਢੁਕਵੇਂ ਰੂਪ ਵਿਚ ਸਨਅਤ ਨਾਲ ਨਹੀਂ ਜੋੜਿਆ; 3) ਸੂਚਨਾ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਪੂਰਾ ਫਾਇਦਾ ਨਹੀਂ ਲਿਆ; 4) ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਇੰਟਰਨੈੱਟ ਆਫ ਥਿੰਗਜ਼ (ਵਸਤਾਂ ਦੇ ਇੰਟਰਨੈੱਟ) ਦੀ ਅਗਵਾਈ ਵਾਲੀ ਚੌਥੀ ਸਨਅਤੀ ਕ੍ਰਾਂਤੀ ਲਈ ਹੁੰਗਾਰਾ ਮੱਠਾ ਰਿਹਾ ਹੈ। ਜੇ ਪੰਜਾਬ ਨੇ ਵਿਕਾਸ ਲਈ ਇਨ੍ਹਾਂ ਅਵਸਰਾਂ ਦਾ ਨਿੱਠ ਕੇ ਫਾਇਦਾ ਲਿਆ ਹੁੰਦਾ ਤਾਂ ਇਸ ਦੇ ਅਰਥਚਾਰੇ ਵਿਚ ਚੱਲ ਰਹੀ ਮੰਦੀ ਤੋਂ ਬਚਾਓ ਕੀਤਾ ਜਾ ਸਕਦਾ ਸੀ। ਉਂਝ, ਆਰਥਿਕ ਵਿਕਾਸ ਲਈ ਇਨ੍ਹਾਂ ਅਵਸਰਾਂ ਦੀ ਯੋਗ ਵਰਤੋਂ ਦੀਆਂ ਰਣਨੀਤੀਆਂ ਘੜਨ ਵਿਚ ਹਾਲੇ ਵੀ ਬਹੁਤੀ ਦੇਰ ਨਹੀਂ ਹੋਈ।

ਪੰਜਾਬ ਨੇ ਜੋ ਪਹਿਲਾ ਮੌਕਾ ਖੁੰਝਾਇਆ, ਉਹ ਭਾਰੀ ਸਨਅਤੀ ਮਾਡਲ ਨਾਲ ਸਬੰਧਿਤ ਸੀ। ਇਹ ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਅਪਣਾਇਆ ਗਿਆ ਸੀ। ਇਸ ਮਾਡਲ ਤਹਿਤ ਭਾਰੀਆਂ ਅਤੇ ਬੁਨਿਆਦੀ ਸਨਅਤਾਂ ਵਿਕਸਤ ਕਰਨ ਲਈ ਤਰਜੀਹ ਦਿੱਤੀ ਗਈ ਸੀ। ਸਨਅਤੀ ਨੀਤੀ ਮਤੇ-1956 ਵਿਚ ਤੈਅ ਕੀਤਾ ਗਿਆ ਸੀ ਕਿ ਇਹ ਸਨਅਤਾਂ ਜਨਤਕ ਖੇਤਰ ਵਿਚ ਲਾਈਆਂ ਜਾਣਗੀਆਂ। ਕੇਂਦਰ ਦੇ ਜਨਤਕ ਖੇਤਰ ਦੇ ਉਦਮਾਂ (ਸੀ.ਪੀ.ਐੱਸ.ਈਜ਼) ਵਿਚ ਨਿਵੇਸ਼ ਅਤੇ ਰੁਜ਼ਗਾਰ ਦਾ ਵੱਡਾ ਹਿੱਸਾ ਮਹਾਰਾਸ਼ਟਰ, ਉੱਤਰ ਪ੍ਰਦੇਸ਼, ਤਾਮਿਲ ਨਾਡੂ, ਉੜੀਸਾ, ਗੁਜਰਾਤ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਕਰਨਾਟਕ ਜਿਹੇ ਸੂਬਿਆਂ ਨੂੰ ਦਿੱਤਾ ਗਿਆ। ਪੂੰਜੀ ਅਤੇ ਰੁਜ਼ਗਾਰ ਦੇ ਲਿਹਾਜ਼ ਤੋਂ ਕੇਂਦਰੀ ਉਦਮਾਂ ਵਿਚੋਂ ਪੰਜਾਬ ਨੂੰ ਮਾਮੂਲੀ ਹਿੱਸਾ ਹੀ ਮਿਲ ਸਕਿਆ। ਜਨਤਕ ਉਦਮ ਸਰਵੇਖਣ 2022-23 ਅਨੁਸਾਰ ਕੇਂਦਰੀ ਜਨਤਕ ਖੇਤਰ ਦੇ ਉਦਮਾਂ ਦੇ ਪੂੰਜੀਗਤ ਅਸਾਸਿਆਂ ਦੀ ਕੁੱਲ ਕੀਮਤ ਦਾ ਮਹਿਜ਼ 0.87 ਫ਼ੀਸਦ ਹਿੱਸਾ ਹੀ ਮਿਲਿਆ ਅਤੇ ਕੁੱਲ ਰੁਜ਼ਗਾਰ ਵਿਚ ਇਨ੍ਹਾਂ ਉਦਮਾਂ ਦਾ ਹਿੱਸਾ ਮਹਿਜ਼ 1.85 ਫ਼ੀਸਦ ਹੈ। ਸੀ.ਪੀ.ਐੱਸ.ਈਜ਼ ਦੇ ਇਸ ਮਾਮੂਲੀ ਜਿਹੇ ਨਿਵੇਸ਼ ਕਰ ਕੇ ਪੰਜਾਬ ਭਾਰੀ ਸਨਅਤਾਂ ਦਾ ਵਿਕਾਸ ਕਰਨ ਤੋਂ ਵਿਰਵਾ ਰਹਿ ਗਿਆ ਜਿਵੇਂ ਸਨਅਤੀ ਵਿਕਾਸ ਦੇ ਢਾਂਚੇ ਤੋਂ ਖੁਲਾਸਾ ਹੁੰਦਾ ਹੈ ਕਿ ਪੰਜਾਬ ਦੀਆਂ ਕੁੱਲ ਸਨਅਤੀ ਇਕਾਈਆਂ 'ਚੋਂ ਦਰਮਿਆਨੀਆਂ ਅਤੇ ਵੱਡੀਆਂ ਸਨਅਤੀ ਇਕਾਈਆਂ ਦੀ ਸੰਖਿਆ ਇਕ ਫ਼ੀਸਦ ਤੋਂ ਵੀ ਘੱਟ ਬਣਦੀ ਹੈ।



ਪੰਜਾਬ ਆਪਣੀ ਖੇਤੀਬਾੜੀ ਅਤੇ ਸਨਅਤ ਵਿਚਕਾਰਲੇ ਸੂਤਰਾਂ ਨੂੰ ਮਜ਼ਬੂਤ ਕਰਨ ਵਿਚ ਨਾਕਾਮ ਰਿਹਾ ਹੈ। ਕੇਂਦਰ ਸਰਕਾਰ ਨੇ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮਨਸ਼ੇ ਨਾਲ ਹਰੀ ਕ੍ਰਾਂਤੀ ਦਾ ਪ੍ਰੋਗਰਾਮ ਵਿੱਢਿਆ। ਪੰਜਾਬ ਕਣਕ ਝੋਨੇ ਦੇ ਉਤਪਾਦਨ ਵਿਚ ਸੁਧਾਰ ਕਰਨ ਦੇ ਮਾਮਲੇ ਵਿਚ ਮੋਹਰੀ ਸੂਬੇ ਵਜੋਂ ਉਭਰਿਆ। ਇਨ੍ਹਾਂ ਫ਼ਸਲਾਂ ਦਾ ਜ਼ਿਆਦਾਤਰ ਹਿੱਸਾ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਿਆ ਜਾਂਦਾ ਸੀ ਜੋ ਬਾਅਦ ਵਿਚ ਕੇਂਦਰੀ ਪੂਲ ਵਿਚ ਚਲਾ ਜਾਂਦਾ ਸੀ। ਪੰਜਾਬ ਵਿਚ ਮੁਲਕ ਦੇ ਦੂਜੇ ਹਿੱਸਿਆਂ ਵਿਚ ਬਰਾਮਦ ਕਰਨ ਤੋਂ ਪਹਿਲਾਂ ਅਨਾਜ ਵਿਚ ਕੋਈ ਮੁੱਲ ਵਾਧਾ (ਵੈਲਿਊ ਅਡੀਸ਼ਨ) ਨਹੀਂ ਕੀਤਾ ਜਾਂਦਾ। ਪੰਜਾਬ ਦੇ ਕਿਸਾਨਾਂ ਅਤੇ ਰਾਜ ਸਰਕਾਰ ਨੂੰ ਖੇਤੀਬਾੜੀ ਵਿਚ ਹੋਏ ਵਿਕਾਸ ਦਾ ਲਾਭ ਮਿਲਿਆ ਪਰ ਇਸ ਨੂੰ ਖੇਤੀਬਾੜੀ ਤੋਂ ਅਗਾਂਹ ਰਾਜ ਦਾ ਭਵਿੱਖ ਨਹੀਂ ਵਿਉਂਤਿਆ ਜਿਸ ਕਰ ਕੇ ਖੇਤੀਬਾੜੀ ਦੀ ਸਫਲਤਾ ਨੂੰ ਸਨਅਤੀ ਵਿਕਾਸ ਨਾਲ ਇਕਜੁੱਟ ਕਰਨ ਦੀ ਵਿਉਂਤਬੰਦੀ ਨਹੀਂ ਕੀਤੀ ਜਾ ਸਕੀ। ਜੇ ਵਿਕਸਤ ਖੇਤੀਬਾੜੀ ਖੇਤਰ ਅਤੇ ਸਨਅਤ ਵਿਚਕਾਰ ਪੂਰਕ ਰਿਸ਼ਤੇ ਨੂੰ ਮਜ਼ਬੂਤ ਕਰਨ ਵਾਲਾ ਵਿਕਾਸ ਮਾਡਲ ਸਿਰਜਿਆ ਜਾਂਦਾ ਤਾਂ ਪੰਜਾਬ ਦੇ ਅਰਥਚਾਰੇ ਦੀ ਰਫ਼ਤਾਰ ਹੋਰਨਾਂ ਸੂਬਿਆਂ ਨਾਲੋਂ ਕਿਤੇ ਜ਼ਿਆਦਾ ਤੇਜ਼ ਹੋਣੀ ਸੀ।

ਪੰਜਾਬ ਕਾਫ਼ੀ ਹੱਦ ਤੱਕ ਸੂਚਨਾ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਵੀ ਲਾਹਾ ਨਹੀਂ ਲੈ ਸਕਿਆ ਹਾਲਾਂਕਿ ਇੱਥੇ ਤਕਨੀਕੀ ਸਿੱਖਿਆ ਸੰਸਥਾਵਾਂ ਦਾ ਵਿਕਸਤ ਢਾਂਚਾ ਅਤੇ ਸਿੱਖਿਅਤ ਤਕਨੀਕੀ ਗ੍ਰੈਜੂਏਟ ਮੌਜੂਦ ਹਨ। ਸੂਚਨਾ ਤਕਨਾਲੋਜੀ ਦੀ ਕ੍ਰਾਂਤੀ ਦੀ ਅਣਹੋਂਦ ਵਿਚ ਪੰਜਾਬ ਦੇ ਬਹੁਤੇ ਗ੍ਰੈਜੂਏਟਾਂ ਨੂੰ ਰੁਜ਼ਗਾਰ ਲਈ ਬੰਗਲੂਰੂ, ਹੈਦਰਾਬਾਦ, ਚੇਨਈ ਅਤੇ ਗੁਰੂਗ੍ਰਾਮ ਜਿਹੇ ਸ਼ਹਿਰਾਂ ਦਾ ਰੁਖ਼ ਕਰਨਾ ਪੈਂਦਾ ਹੈ। ਬਿਨਾਂ ਸ਼ੱਕ, ਪੰਜਾਬ ਵਿਚ ਖ਼ਾਸਕਰ ਮੁਹਾਲੀ 'ਚ ਆਈਟੀ ਹੱਬ ਵਿਕਸਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਅਤੇ ਸ਼ੁਰੂ ਵਿਚ ਇਨ੍ਹਾਂ ਨੂੰ ਆਈਟੀ ਕੰਪਨੀਆਂ ਦਾ ਚੰਗਾ ਹੁੰਗਾਰਾ ਵੀ ਮਿਲਿਆ ਪਰ ਸੂਚਨਾ ਤਕਨਾਲੋਜੀ ਨੀਤੀ ਨਾ ਹੋਣ ਕਰ ਕੇ ਮੁਹਾਲੀ ਗੁਰੂਗ੍ਰਾਮ, ਬੰਗਲੂਰੂ, ਹੈਦਰਾਬਾਦ ਅਤੇ ਚੇਨਈ ਦੀਆਂ ਆਈਟੀ ਹੱਬਾਂ ਦੇ ਮੁਕਾਬਲੇ ਨਹੀਂ ਉੱਭਰ ਸਕਿਆ।

ਇਕ ਹੋਰ ਮੌਕਾ ਜੋ ਪੰਜਾਬ ਨੇ ਖੁੰਝਾਇਆ ਹੈ, ਉਹ ਚੌਥੀ ਸਨਅਤੀ ਕ੍ਰਾਂਤੀ ਨਾਲ ਜੁੜਿਆ ਹੈ। ਇਹ ਕ੍ਰਾਂਤੀ ਹੋਰਨਾਂ ਕਾਰਕਾਂ ਤੋਂ ਇਲਾਵਾ ਆਰਟੀਫੀਸ਼ੀਅਲ ਇੰਟੈਲੀਜੈਂਸ, ਇੰਟਰਨੈੱਟ ਆਫ ਥਿੰਗਜ਼ ਅਤੇ 3ਡੀ ਪ੍ਰਿੰਟਿੰਗ ਜਿਹੀਆਂ ਸਮਾਰਟ ਤਕਨਾਲੋਜੀਆਂ ਨਾਲ ਸੰਚਾਲਤ ਹੁੰਦਾ ਹੈ। ਇਸ ਕ੍ਰਾਂਤੀ ਦੀ ਸਫਲਤਾ ਮੁੱਖ ਤੌਰ 'ਤੇ ਸਨਅਤ ਅਤੇ ਸਿੱਖਿਆ ਸੰਸਥਾਵਾਂ ਵਿਚਕਾਰ ਸਾਂਝੇਦਾਰੀ ਉਪਰ ਮੁਨੱਸਰ ਕਰਦੀ ਹੈ। ਪੰਜਾਬ ਕੋਲ ਸਿੱਖਿਆ ਸੰਸਥਾਵਾਂ ਦਾ ਵਿਆਪਕ ਤਾਣਾ ਬਾਣਾ ਮੌਜੂਦ ਹੈ ਜਿਨ੍ਹਾਂ ਵਿਚ 40 ਯੂਨੀਵਰਸਿਟੀਆਂ, 80 ਇੰਜਨੀਅਰਿੰਗ, ਤਕਨਾਲੋਜੀ ਤੇ ਆਰਕੀਟੈਕਚਰ ਕਾਲਜ, 499 ਆਰਟਸ, ਸਾਇੰਸ ਤੇ ਕਾਮਰਸ ਕਾਲਜ ਅਤੇ 12 ਮੈਡੀਕਲ ਕਾਲਜ ਸ਼ਾਮਲ ਹਨ। ਪੰਜਾਬ ਵਿਚ ਅਜਿਹੀਆਂ ਕੰਪਨੀਆਂ ਮੌਜੂਦ ਹਨ ਜੋ ਸਮਾਰਟ ਤਕਨਾਲੋਜੀਆਂ ਦੇ ਖੇਤਰ ਵਿਚ ਸਰਗਰਮ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬ ਕੋਲ ਵਿਸ਼ਾਲ ਪਰਵਾਸੀ ਭਾਈਚਾਰਾ ਵੀ ਹੈ ਜਿਸ ਦਾ ਸਿੱਖਿਆ ਅਤੇ ਸਮਾਰਟ ਤਕਨਾਲੋਜੀਆਂ ਦੀ ਵਰਤੋਂ ਦੀਆਂ ਸਨਅਤਾਂ ਦਾ ਚੋਖਾ ਤਜਰਬਾ ਹੈ। ਮੰਦੇ ਭਾਗੀਂ ਪੰਜਾਬ ਵਿਚ ਸਾਰੇ ਹਿੱਤਧਾਰਕ ਆਪੋ-ਆਪਣੇ ਖੇਮਿਆਂ ਵਿਚ ਹੀ ਵਿਚਰ ਰਹੇ ਹਨ ਜਿਸ ਕਰ ਕੇ ਉਨ੍ਹਾਂ ਦਰਮਿਆਨ ਆਪਸੀ ਤਾਲਮੇਲ ਤੇ ਸਾਂਝ ਪੈਦਾ ਨਹੀਂ ਹੋ ਰਹੀ।

ਸਾਰੀਆਂ ਊਣਤਾਈਆਂ ਦੇ ਬਾਵਜੂਦ ਪੰਜਾਬ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਖੋਲ੍ਹ ਸਕਦਾ ਹੈ। 1991 ਵਿਚ ਆਰਥਿਕ ਸੁਧਾਰਾਂ ਕਰ ਕੇ ਜਨਤਕ ਖੇਤਰ ਦੀ ਭੂਮਿਕਾ ਵਿਚ ਕਮੀ ਆਉਣ ਦੇ ਬਾਵਜੂਦ ਪੰਜਾਬ ਆਪਣੇ ਜਨਤਕ ਉਦਮਾਂ ਵਿਚ ਨਵੀਂ ਰੂਹ ਫੂਕ ਕੇ ਅਤੇ ਸਰਕਾਰੀ ਨਿੱਜੀ ਭਿਆਲੀ ਮਾਡਲ ਦੀ ਵਰਤੋਂ ਕਰ ਕੇ ਭਾਰੀ ਸਨਅਤ ਦੇ ਫਾਇਦੇ ਚੁੱਕ ਸਕਦਾ ਹੈ। ਕੇਂਦਰ ਸਰਕਾਰ ਉਚ ਤਕਨੀਕੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਬਹੁਤ ਭਾਰੀ ਨਿਵੇਸ਼ ਕਰ ਰਹੀ ਹੈ। ਪੰਜਾਬ ਸਰਕਾਰ ਨੂੰ ਆਲਮੀ ਮਿਆਰ ਦਾ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਕੇਂਦਰ ਨੂੰ ਢੁਕਵੀਆਂ ਤਜਵੀਜ਼ਾਂ ਭੇਜਣੀਆਂ ਚਾਹੀਦੀਆਂ ਹਨ ਜਿਸ ਨਾਲ ਅਰਥਚਾਰੇ ਉੱਪਰ ਭਰਵਾਂ ਅਸਰ ਪੈ ਸਕਦਾ ਹੈ।

ਖੇਤੀਬਾੜੀ ਵਿਚ ਵਿਕਸਤ ਸੂਬਾ ਹੋਣ ਸਦਕਾ ਪੰਜਾਬ ਕੋਲ ਖੇਤੀ ਸਨਅਤਾਂ ਲਾਉਣ, ਖ਼ਾਸਕਰ ਫੂਡ ਪ੍ਰੋਸੈਸਿੰਗ ਅਤੇ ਖੇਤੀਬਾੜੀ ਦੀ ਰਹਿੰਦ ਖੂੰਹਦ ਆਧਾਰਿਤ ਊਰਜਾ ਪੈਦਾਵਾਰ ਨਾਲ ਸਬੰਧਿਤ ਅਥਾਹ ਸੰਭਾਵਨਾਵਾਂ ਹਨ। ਪੰਜਾਬ ਸਰਕਾਰ ਨੂੰ ਕਿਸਾਨਾਂ, ਨੌਜਵਾਨਾਂ ਅਤੇ ਸਨਅਤਕਾਰਾਂ ਨਾਲ ਸਲਾਹ ਮਸ਼ਵਰਾ ਕਰ ਕੇ ਅਜਿਹੀਆਂ ਸਨਅਤਾਂ ਵਿਕਸਤ ਕਰਨ ਲਈ ਖਾਕਾ ਤਿਆਰ ਕਰਨਾ ਚਾਹੀਦਾ ਹੈ। ਸੂਬਾ ਸਮੁੰਦਰੀ ਬੰਦਰਗਾਹ ਤੋਂ ਦੂਰ ਹੋਣ, ਖਣਿਜ ਪਦਾਰਥਾਂ ਦੀ ਘਾਟ ਅਤੇ ਮਹਿੰਗੀ ਜ਼ਮੀਨ ਜਿਹੀਆਂ ਦਿੱਕਤਾਂ ਨੂੰ ਮੁਖ਼ਾਤਬ ਹੋ ਕੇ ਸੂਚਨਾ ਤੇ ਸਮਾਰਟ ਤਕਨਾਲੋਜੀਆਂ ਅਤੇ ਆਨਲਾਈਨ ਮਾਰਕੀਟਿੰਗ ਜ਼ਰੀਏ ਸਨਅਤੀਕਰਨ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ। ਇਨ੍ਹਾਂ ਸਨਅਤਾਂ ਲਈ ਜ਼ਮੀਨ ਦੀ ਲੋੜ ਘੱਟ ਪੈਂਦੀ ਹੈ; ਬਹੁਤੀ ਗਿਆਨ ਸਮੱਗਰੀ ਅਤੇ ਹਲਕੇ ਕੱਚੇ ਮਾਲ ਦੀ ਲੋੜ ਪੈਂਦੀ ਹੈ ਜੋ ਬਾਹਰੋਂ ਅਸਾਨੀ ਨਾਲ ਮੰਗਵਾਇਆ ਜਾ ਸਕਦਾ ਹੈ। ਇਹ ਸਨਅਤਾਂ ਉਚ ਕੀਮਤ ਵਾਲੀ ਪੈਦਾਵਾਰ ਕਰਦੀਆਂ ਹਨ ਅਤੇ ਇਨ੍ਹਾਂ ਦਾ ਈ-ਮਾਰਕੀਟਿੰਗ ਦਾ ਤਰੀਕਾਕਾਰ ਵੀ ਕਾਫ਼ੀ ਕਿਫ਼ਾਇਤੀ ਹੁੰਦਾ ਹੈ।

ਇਸ ਨੂੰ ਸਾਕਾਰ ਕਰਨ ਲਈ ਸਰਕਾਰ ਨੂੰ ਸਿੱਖਿਆ ਸੰਸਥਾਵਾਂ, ਸੂਚਨਾ ਤਕਨਾਲੋਜੀ ਅਤੇ ਸਮਾਰਟ ਤਕਨਾਲੋਜੀਆਂ ਦੀ ਅਗਵਾਈ ਵਾਲੀ ਸਨਅਤ ਅਤੇ ਪਰਵਾਸੀ ਭਾਈਚਾਰੇ ਲਈ ਸਾਂਝਾ ਸੰਸਥਾਈ ਮੰਚ ਮੁਹੱਈਆ ਕਰਵਾਉਣਾ ਚਾਹੀਦਾ ਹੈ ਤਾਂ ਕਿ ਪੰਜਾਬ ਵਿਕਾਸ ਲਈ ਚੌਥੀ ਸਨਅਤੀ ਕ੍ਰਾਂਤੀ ਦਾ ਭਰਵਾਂ ਲਾਹਾ ਉਠਾ ਸਕੇ।

# ਕਰਜ਼ਾ-ਦਰ-ਕਰਜ਼ਾ ਕੋਈ ਹੱਲ ਨਹੀਂ

**ਰਾਜੀਵ ਖੋਸਲਾ**

ਕੌਮਾਂਤਰੀ ਮੁਦਰਾ ਕੋਸ਼ (ਆਈ.ਐੱਮ.ਐੱਫ.) ਨੇ ਹਾਲ ਹੀ ਵਿਚ ਜਾਰੀ ਕੀਤੇ ਆਪਣੇ ਅਨੁਮਾਨਾਂ ਵਿਚ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਭਾਰਤ ਵਿਚ ਕੇਂਦਰ ਸਰਕਾਰ ਦੇ ਕਰਜ਼ੇ ਛੇਤੀ ਹੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ 100% ਤੋਂ ਵੱਧ ਪਹੁੰਚ ਜਾਣਗੇ। ਇਸੇ ਪ੍ਰਸੰਗ ਵਿਚ 7 ਫਰਵਰੀ ਨੂੰ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਸੰਸਦ ਵਿਚ ਕਿਹਾ ਕਿ ਕੌਮਾਂਤਰੀ ਮੁਦਰਾ ਕੋਸ਼ ਦਾ ਇਹ ਖ਼ਦਸ਼ਾ ਭਾਰਤ ਵਿਚ ਬਹੁਤ ਖਰਾਬ ਆਰਥਿਕ ਸਥਿਤੀ ਹੋਣ ਦੇ ਨਜ਼ਰੀਏ ਦੇ ਮੱਦੇਨਜ਼ਰ ਕੀਤਾ ਗਿਆ ਹੈ ਜੋ ਇਸ ਵੇਲੇ ਸਹੀ ਨਹੀਂ ਹੈ। ਭਾਰਤ ਦੀ ਕਰਜ਼ਾ-ਜੀ.ਡੀ.ਪੀ. ਦਰ 'ਹੋਰ ਉਭਰ ਰਹੇ ਅਰਥਚਾਰਿਆਂ ਨਾਲੋਂ ਬਹੁਤ ਹੇਠਾਂ ਹੈ'। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਜਾਣਦੀ ਹੈ ਕਿ ਸਥਿਤੀ ਨਾਲ ਕਿਵੇਂ ਨਜਿੱਠਣਾ ਹੈ ਅਤੇ ਕਰਜ਼ਾ ਕਿਵੇਂ ਕਾਬੂ ਵਿਚ ਰੱਖਣਾ ਹੈ। ਭਾਰਤ ਸਰਕਾਰ ਦਾ ਬਾਹਰੀ ਕਰਜ਼ਾ ਹੋਰ ਉਭਰ ਰਹੇ ਅਰਥਚਾਰਿਆਂ ਦੇ ਮੁਕਾਬਲੇ 'ਨਾ ਬਰਾਬਰ' ਹੈ।

ਐੱਨ.ਡੀ.ਏ. ਸਰਕਾਰ ਦੀ ਨਿਰਭਰਤਾ ਬੇਸ਼ੱਕ ਕਰਜ਼ਿਆਂ ਦੇ ਬਾਹਰੀ ਸਰੋਤਾਂ ਤੇ ਪਿਛਲੇ 10 ਸਾਲਾਂ ਦੌਰਾਨ ਘੱਟ ਰਹੀ ਹੈ ਪਰ ਇਹ ਵੀ ਸੱਚ ਹੈ ਕਿ ਹੁਣ ਘਰੇਲੂ ਬੈਂਕਾਂ ਅਤੇ ਛੋਟੀਆਂ ਬੱਚਤ ਸਕੀਮਾਂ ਤੋਂ ਕਰਜ਼ੇ ਦਾ ਪੂਰਾ ਲਾਹਾ ਲੈਣ ਤੋਂ ਬਾਅਦ ਕਰਜ਼ਿਆਂ ਦੀ ਹੋਰ ਲੋੜ ਕੇਂਦਰ ਸਰਕਾਰ ਨੂੰ ਬਾਹਰੀ ਸਰੋਤਾਂ ਤੋਂ ਕਰਜ਼ੇ ਲੈਣ ਵੱਲ ਲੈ ਗਈ ਹੈ। ਭਾਰਤੀ ਸਰਕਾਰ ਨੇ ਬਾਹਰੀ ਨਿਵੇਸ਼ਕਾਂ ਤੋਂ ਸਿੱਧੇ ਤੌਰ 'ਤੇ ਕਰਜ਼ੇ ਲੈਣ ਦੀ ਖ਼ਾਤਰ ਆਪਣੇ ਆਪ ਨੂੰ ਦੁਨੀਆ ਅਤੇ ਅਮਰੀਕਾ ਦੇ ਸਭ ਤੋਂ ਵੱਡੇ ਬੈਂਕ ਜੇ.ਪੀ. ਮੋਰਗਨ ਅਤੇ ਬਲੂਮਬਰਗ ਦੇ ਸੂਚਕ ਅੰਕ ਵਿਚ ਸ਼ਾਮਲ ਕਰਵਾਇਆ ਹੈ ਤਾਂ ਜੋ ਜੂਨ 2024 ਅਤੇ ਮਾਰਚ 2025 ਦੌਰਾਨ ਲਗਭਗ 2.50 ਲੱਖ ਕਰੋੜ ਰੁਪਏ ਦੇ ਕਰਜ਼ੇ ਹਾਸਲ ਕੀਤੇ ਜਾ ਸਕਣ। ਇਸ ਲੇਖ ਵਿਚ ਇਸੇ ਪੱਖ ਬਾਰੇ ਚਰਚਾ ਕੀਤੀ ਗਈ ਹੈ।

ਕੇਂਦਰ ਸਰਕਾਰ ਭਾਵੇਂ ਦਾਅਵਾ ਕਰ ਰਹੀ ਹੈ ਕਿ ਸਰਕਾਰ ਦਾ ਜ਼ਿਆਦਾਤਰ ਕਰਜ਼ਾ ਭਾਰਤ ਦੇ ਅੰਦਰੂਨੀ ਸਰੋਤਾਂ ਤੋਂ ਲਿਆ ਗਿਆ ਹੈ, ਫਿਰ ਵੀ ਰਿਜ਼ਰਵ ਬੈਂਕ ਦੀਆਂ ਰਿਪੋਰਟਾਂ ਅਨੁਸਾਰ ਬਾਹਰੀ ਕਰਜ਼ੇ ਦੀ ਮਾਤਰਾ 2014-15 ਦੇ 3.74 ਲੱਖ ਕਰੋੜ ਰੁਪਏ ਦੇ ਮੁਕਾਬਲੇ 2023-24 ਵਿਚ ਲਗਭਗ 7.71 ਲੱਖ ਕਰੋੜ ਪਹੁੰਚ ਰਹੀ ਹੈ। ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ 6 ਫਰਵਰੀ ਨੂੰ ਸੰਸਦ ਵਿਚ ਦਿੱਤੇ ਆਪਣੇ ਲਿਖਤੀ ਜਵਾਬ ਵਿਚ ਦੱਸਿਆ ਕਿ ਕੇਂਦਰ ਸਰਕਾਰ ਦਾ ਬਾਹਰੀ ਕਰਜ਼ਾ ਸੋਧੇ ਅਨੁਮਾਨਾਂ ਅਨੁਸਾਰ ਵਿੱਤੀ ਸਾਲ 2024 ਵਿਚ 7.93 ਲੱਖ ਕਰੋੜ ਰੁਪਏ ਨੂੰ ਛੂਹ ਜਾਵੇਗਾ। ਇਹ ਦਰਸਾਉਂਦਾ ਹੈ ਕਿ ਐੱਨ.ਡੀ.ਏ. ਸਰਕਾਰ ਹੁਣ ਬਾਹਰੀ ਸਰੋਤਾਂ ਤੋਂ ਕਰਜ਼ੇ ਲੈਣ ਵੱਲ ਲਗਾਤਾਰ ਵਧ ਰਹੀ ਹੈ। ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਕੁਝ ਫੈਸਲੇ ਇਸ ਤੱਥ ਨੂੰ ਸਾਬਤ ਵੀ ਕਰਦੇ ਹਨ।

ਭਾਰਤੀ ਰਿਜ਼ਰਵ ਬੈਂਕ ਨੇ ਪਹਿਲੀ ਅਪਰੈਲ 2020 ਤੋਂ ਵਿਸ਼ੇਸ਼ ਸਕੀਮ ਦੀ ਸ਼ੁਰੂਆਤ ਕਰ ਗੈਰ-ਭਾਰਤੀ ਨਿਵਾਸੀਆਂ ਨੂੰ ਵੀ ਬਿਨਾਂ ਕਿਸੇ ਪਾਬੰਦੀ ਦੇ ਵਿਸ਼ੇਸ਼ ਸਰਕਾਰੀ ਸਕਿਓਰਿਟੀਜ਼ ਵਿਚ ਨਿਵੇਸ਼, ਅਰਥਾਤ ਭਾਰਤੀ ਸਰਕਾਰ ਨੂੰ ਕਰਜ਼ਾ ਦੇਣ ਦੀ ਆਗਿਆ ਦਿੱਤੀ ਹੈ। ਇਸ ਸਕੀਮ ਰਾਹੀਂ ਵਿਦੇਸ਼ੀ ਯੋਗ ਨਿਵੇਸ਼ਕ ਬਿਨਾਂ ਕਿਸੇ ਨਿਵੇਸ਼ ਸੀਮਾ ਦੇ ਭਾਰਤੀ ਸਰਕਾਰੀ ਸਕਿਓਰਿਟੀਜ਼ ਵਿਚ ਨਿਵੇਸ਼ ਕਰ ਸਕਦੇ ਹਨ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਨਾ ਕੇਵਲ ਬਾਹਰੀ ਸਰੋਤਾਂ ਤੋਂ ਆਪ ਕਰਜ਼ੇ ਲੈਣ ਦਾ ਮਾਧਿਅਮ ਕਾਇਮ ਕੀਤਾ ਬਲਕਿ ਇਸ ਮੁਹਿੰਮ ਤਹਿਤ ਭਾਰਤ ਦੀਆਂ ਵੱਡੀਆਂ ਕੰਪਨੀਆਂ ਨੂੰ ਵੀ ਵਪਾਰਕ ਕਰਜ਼ੇ ਲੈਣ ਦੀ ਖੁੱਲ੍ਹ ਦਿੱਤੀ। ਵਿਦੇਸ਼ੀ ਮਿਉਚੁਅਲ ਫੰਡ ਕੰਪਨੀਆਂ ਲਈ ਵੀ ਭਾਰਤੀ ਸਰਕਾਰੀ ਅਤੇ ਨਿੱਜੀ ਕੰਪਨੀਆਂ ਵਿਚ ਨਿਵੇਸ਼ ਕਰਨ ਦਾ ਰਾਹ ਨੂੰ ਆਸਾਨ ਕੀਤਾ। ਇਸ ਲੜੀ ਵਿਚ ਨਵੀਨਤਮ ਨਾਮ ਜੇ.ਪੀ. ਮੋਰਗਨ ਅਤੇ ਬਲੂਮਬਰਗ ਦਾ ਜੁੜਿਆ ਹੈ ਜਿੱਥੇ ਜੂਨ 2024 ਤੋਂ ਬਾਅਦ ਮੌਜੂਦਾ ਭਾਰਤ ਸਰਕਾਰ ਆਪਣੀਆਂ ਸਕਿਓਰਿਟੀਜ਼ ਵੇਚ ਕੇ ਬਾਹਰੀ ਨਿਵੇਸ਼ਕਾਂ ਤੋਂ ਸਿੱਧੇ ਤੌਰ 'ਤੇ ਕਰਜ਼ੇ ਲੈ ਸਕੇਗੀ। ਕੇਂਦਰ ਸਰਕਾਰ ਦੇ ਸਮਰਥਕ ਇਸ ਕਦਮ ਤੋਂ ਹੋਣ ਵਾਲੇ ਲਾਭ ਗਿਣਾਉਂਦੇ ਨਹੀਂ ਥੱਕ ਰਹੇ। ਉਨ੍ਹਾਂ ਦੀ ਦਲੀਲ ਹੈ ਕਿ ਇਹ ਸਰਕਾਰ ਦਾ ਮਾਸਟਰ ਸਟ੍ਰੋਕ ਹੈ ਜੋ ਘੱਟ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਪੈਸਾ ਮੁਹੱਈਆ ਕਰੇਗਾ। ਇਸ ਦੇ ਨਾਲ ਹੀ ਭਾਰਤੀ ਬੈਂਕਾਂ ਵਿਚ ਚਲ ਰਹੀ ਪੈਸੇ ਦੀ ਕਮੀ ਨੂੰ ਵੀ ਇਹ ਪੂਰਾ ਕਰਨ ਵਿਚ ਯੋਗਦਾਨ ਦੇਵੇਗਾ। ਸਰਕਾਰ ਕੋਲ ਵਿਦੇਸ਼ੀ ਨਿਵੇਸ਼ ਵਧਣ ਕਾਰਨ ਸਰਕਾਰ ਦੇ ਵਿੱਤੀ ਘਾਟੇ ਵਿਚ ਕਮੀ ਆਵੇਗੀ ਕਿਉਂਕਿ ਹੁਣ ਤੱਕ ਕੇਵਲ ਭਾਰਤੀ ਬੈਂਕਾਂ ਹੀ ਸਰਕਾਰੀ ਸਕਿਓਰਿਟੀਜ਼ ਦੀ ਖਰੀਦ ਕਰ ਕੇ ਸਰਕਾਰ ਨੂੰ ਕਰਜ਼ੇ ਮੁਹੱਈਆ ਕਰ ਰਹੀਆਂ ਸਨ। ਹੁਣ ਵਿਦੇਸ਼ੀ ਨਿਵੇਸ਼ ਵਧਣ ਕਾਰਨ ਭਾਰਤੀ ਬੈਂਕਾਂ ਹੋਰ ਜ਼ਰੂਰੀ ਪ੍ਰੋਜੈਕਟਾਂ ਲਈ ਆਪਣੇ ਪੈਸੇ ਦੀ ਵਰਤੋਂ ਕਰਨ ਦੀ ਸਥਿਤੀ ਵਿਚ ਆ ਜਾਣਗੀਆਂ। ਇਨ੍ਹਾਂ ਦਲੀਲਾਂ ਵਿਚ ਭਾਵੇਂ ਹਕੀਕਤ ਹੋ ਸਕਦਾ ਹੈ ਪਰ ਇਨ੍ਹਾਂ ਦਲੀਲਾਂ ਦੀ ਅਸਲ ਪਰਖ ਤਾਂ ਉਦੋਂ ਹੀ ਹੋ ਸਕਦੀ ਹੈ ਜਦੋਂ ਇਨ੍ਹਾਂ ਨੂੰ ਆਲੋਚਕਾਂ ਦੀਆਂ ਦਲੀਲਾਂ ਦੇ ਬਰਾਬਰ ਦੇਖਿਆ ਜਾਵੇ।

> ***ਭਾਰਤ ਸਰਕਾਰ ਦੇ ਬਾਹਰੀ ਨਿਵੇਸ਼ਕਾਂ ਤੋਂ ਸਿੱਧੇ ਤੌਰ 'ਤੇ ਕਰਜ਼ੇ ਲੈਣ ਦੇ ਫੈਸਲੇ ਦਾ ਹਾਂ ਅਤੇ ਨਾਂਹ ਪੱਖੀ ਵਿਸ਼ਲੇਸ਼ਣ ਸਾਨੂੰ ਇਸ ਸਿੱਟੇ 'ਤੇ ਪਹੁੰਚਾਉਂਦਾ ਹੈ ਕਿ ਭਾਵੇਂ ਇਹ ਕਦਮ ਸਰਕਾਰ ਨੂੰ ਫੌਰੀ ਤੌਰ 'ਤੇ ਕੁਝ ਰਾਹਤ ਦੇ ਸਕਦਾ ਹੈ ਪਰ ਲੰਮੇ ਸਮੇਂ ਵਿਚ ਇਹ ਆਉਣ ਵਾਲੀਆਂ ਸਰਕਾਰਾਂ ਲਈ ਅਨੁਕੂਲ ਨਹੀਂ ਰਹਿ ਸਕਦਾ।***

ਭਾਰਤ ਸਰਕਾਰ ਦੇ ਬਾਹਰੀ ਨਿਵੇਸ਼ਕਾਂ ਤੋਂ ਸਿੱਧੇ ਤੌਰ 'ਤੇ ਕਰਜ਼ੇ ਲੈਣ ਦੇ ਫੈਸਲੇ ਤੇ ਆਲੋਚਕਾਂ ਦਾ ਮੰਨਣਾ ਹੈ ਕਿ ਇਸ ਨਾਲ ਸਾਡੀ ਨਿਰਭਰਤਾ ਵਿਦੇਸ਼ੀ ਨਿਵੇਸ਼ਕਾਂ 'ਤੇ ਵਧੇਗੀ। ਹੌਲੀ-ਹੌਲੀ ਵਿਦੇਸ਼ੀ ਸਰੋਤਾਂ ਤੋਂ ਆਉਣ ਵਾਲਾ ਬੇਤਹਾਸ਼ਾ ਕਰਜ਼ਾ ਭਾਰਤ ਦੀ ਕਰਜ਼ ਨਿਰਭਰਤਾ ਪੂਰੀ ਤਰ੍ਹਾਂ ਨਾਲ ਬਾਹਰਲੇ ਮੁਲਕਾਂ ਅਤੇ ਨਿਵੇਸ਼ਕਾਂ ਉੱਤੇ ਕਰ ਦੇਵੇਗਾ। ਇਉਂ ਜੇ ਉਸ ਮੁਲਕ ਵਿਚ ਕੋਈ ਆਰਥਿਕ ਸਮੱਸਿਆ ਆਉਂਦੀ ਹੈ ਜਿੱਥੋਂ ਦੇ ਨਿਵੇਸ਼ਕਾਂ ਨੇ ਭਾਰਤੀ ਸਰਕਾਰ ਦੀਆਂ ਸਕਿਓਰਿਟੀਜ਼ ਖਰੀਦੀਆਂ ਹਨ ਤਾਂ ਵਿਦੇਸ਼ੀ ਨਿਵੇਸ਼ਕ ਥੋਕ ਵਿਚ ਭਾਰਤ ਤੋਂ ਆਪਣੀ ਨਿਵੇਸ਼ ਕੀਤੀ ਰਕਮ ਕਢਵਾਉਣਗੇ ਜਿਸ ਦਾ ਮਾੜਾ ਪ੍ਰਭਾਵ ਭਾਰਤ ਨੂੰ ਝੱਲਣਾ ਪਵੇਗਾ। ਵਿਦੇਸ਼ੀ ਨਿਵੇਸ਼ਕਾਂ ਦੀ ਰਕਮ ਦੀ ਥੋਕ ਨਿਕਾਸੀ ਦਾ ਅਰਥ ਹੈ ਭਾਰਤੀ ਰੁਪਏ 'ਤੇ ਦਬਾਅ ਜਿਸ ਕਾਰਨ ਕੌਮਾਂਤਰੀ ਪੱਧਰ 'ਤੇ ਰੁਪਏ ਦਾ ਮੁੱਲ ਘਟੇਗਾ ਅਤੇ ਦਰਾਮਦਾਂ ਵੱਧ ਕੀਮਤ 'ਤੇ ਹੋਣਗੀਆਂ ਜਿਸ ਕਾਰਨ ਭਾਰਤ ਦੀ ਆਮ ਜਨਤਾ ਨੂੰ ਮਹਿੰਗਾਈ ਦਾ ਸਾਹਮਣਾ ਕਰਨਾ ਪਵੇਗਾ। ਸਭ ਤੋਂ ਵੱਡਾ ਖ਼ਦਸ਼ਾ ਤਾਂ ਮੁਲਕ ਦਾ ਕਰਜ਼ਿਆਂ ਦੇ ਜਾਲ ਵਿਚ ਫਸਣ ਦਾ ਹੋਵੇਗਾ ਜੋ ਅਸੀਂ ਸ੍ਰੀਲੰਕਾ, ਪਾਕਿਸਤਾਨ, ਬ੍ਰਾਜ਼ੀਲ, ਇੰਡੋਨੇਸ਼ੀਆ ਅਤੇ ਹੋਰ ਅਫਰੀਕੀ ਮੁਲਕਾਂ ਦੇ ਪ੍ਰਸੰਗ ਵਿਚ ਵੀ ਦੇਖਿਆ ਹੈ। ਜੇ ਭਾਰਤੀ ਰੁਪਿਆ ਭਾਰਤੀ ਸਰਕਾਰ ਦੇ ਵਿਦੇਸ਼ੀ ਨਿਵੇਸ਼ਕਾਂ ਤੋਂ ਕਰਜ਼ੇ ਲੈਣ ਤੋਂ ਬਾਅਦ ਦੇ ਸਮੇਂ ਦੌਰਾਨ ਕਮਜ਼ੋਰ ਹੋ ਜਾਂਦਾ ਹੈ ਤਾਂ ਸਮੱਸਿਆ ਭਾਰਤ ਲਈ ਬਹੁਤ ਗੰਭੀਰ ਰੂਪ ਲੈ ਸਕਦੀ ਹੈ ਕਿਉਂਕਿ ਜਦੋਂ ਭਾਰਤ ਸਰਕਾਰ ਨੇ ਕਰਜ਼ਾ ਲਿਆ, ਉਸ ਵੇਲੇ ਰੁਪਏ ਦੀ ਕੀਮਤ ਬਹੁਤ ਘੱਟ ਨਹੀਂ ਸੀ ਜਿਸ ਕਾਰਨ ਭਾਰਤ ਕੋਲ ਘੱਟ ਪੈਸੇ ਇਕੱਠੇ ਹੋਏ ਸਨ ਪਰ ਰੁਪਏ ਦਾ ਮੁੱਲ ਡਿੱਗਣ ਕਾਰਨ ਸਰਕਾਰ ਨੂੰ ਵਿਦੇਸ਼ੀ ਨਿਵੇਸ਼ਕਾਂ ਨੂੰ ਅਸਲ ਵਿਚ ਵੱਧ ਭੁਗਤਾਨ ਕਰਨਾ ਪਵੇਗਾ। ਇਹ ਭੁਗਤਾਨ ਮੂਲ ਅਤੇ ਵਿਆਜ, ਦੋਹਾਂ ਪੱਖਾਂ ਤੋਂ ਵੱਧ ਕਰਨਾ ਪਵੇਗਾ। ਇਹ ਭਾਰਤੀ ਅਰਥਚਾਰੇ ਨੂੰ ਕਰਜ਼ੇ ਦੇ ਮੱਕੜਜਾਲ ਵੱਲ ਧੱਕ ਸਕਦਾ ਹੈ। ਇਸ ਸਭ ਤੋਂ ਦੂਰ ਭਾਰਤ ਸਰਕਾਰ ਨੂੰ ਵਿਦੇਸ਼ੀ ਨਿਵੇਸ਼ਕਾਂ ਨੂੰ ਆਕਰਸ਼ਤ ਕਰਨ ਵਾਸਤੇ ਮਜ਼ਬੂਤ ਭਾਰਤੀ ਅਰਥਚਾਰਾ ਦਿਖਾਉਣ ਦੀ ਵੀ ਲੋੜ ਪਵੇਗੀ ਜਿਸ ਦਾ ਮਤਲਬ ਹੈ ਕਿ ਵਿੱਤੀ ਅਨੁਸ਼ਾਸਨ ਜਾਂ ਘੱਟ ਘਾਟੇ ਵਾਲੇ ਅਰਥਚਾਰੇ ਨੂੰ ਹਕੀਕੀ ਬਣਾਉਣ ਲਈ ਕੇਂਦਰ ਸਰਕਾਰ ਲੋਕਾਂ 'ਤੇ ਆਪਣੇ ਖਰਚਿਆਂ ਨੂੰ ਹੋਰ ਘਟਾ ਦੇਵੇਗੀ।

ਇਉਂ ਭਾਰਤ ਸਰਕਾਰ ਦੇ ਬਾਹਰੀ ਨਿਵੇਸ਼ਕਾਂ ਤੋਂ ਸਿੱਧੇ ਤੌਰ 'ਤੇ ਕਰਜ਼ੇ ਲੈਣ ਦੇ ਫੈਸਲੇ ਦਾ ਹਾਂ ਅਤੇ ਨਾਂਹ ਪੱਖੀ ਵਿਸ਼ਲੇਸ਼ਣ ਸਾਨੂੰ ਇਸ ਸਿੱਟੇ 'ਤੇ ਪਹੁੰਚਾਉਂਦਾ ਹੈ ਕਿ ਭਾਵੇਂ ਇਹ ਕਦਮ ਸਰਕਾਰ ਨੂੰ ਫੌਰੀ ਤੌਰ 'ਤੇ ਕੁਝ ਰਾਹਤ ਦੇ ਸਕਦਾ ਹੈ ਪਰ ਲੰਮੇ ਸਮੇਂ ਵਿਚ ਇਹ ਆਉਣ ਵਾਲੀਆਂ ਸਰਕਾਰਾਂ ਲਈ ਅਨੁਕੂਲ ਨਹੀਂ ਰਹਿ ਸਕਦਾ। ਗੱਲ ਭਾਵੇਂ ਥੋੜ੍ਹੇ ਸਮੇਂ ਦੀ ਹੋਵੇ ਜਾਂ ਲੰਮੇ ਸਮੇਂ ਦੀ, ਆਮ ਆਦਮੀ ਦੀਆਂ ਮੁਸ਼ਕਲਾਂ ਤਾਂ ਦੋਹਾਂ ਪਾਸਿਆਂ ਤੋਂ ਹੀ ਵਧਦੀਆਂ ਨਜ਼ਰ ਆਉਣਗੀਆਂ।

# ਅਜੋਕੇ ਯਥਾਰਥ ਦਾ ਗਲਪੀਕਰਣ - ਗੱਲਾਂ ਕਰਨ ਕਹਾਣੀਆਂ

ਡਾ. ਪ੍ਰੇਮ ਮਾਨ ਵਲੋਂ ਸੰਪਾਦਤ ਕੀਤੀਆਂ 11 ਪੰਜਾਬੀ ਕਹਾਣੀਆਂ ਦਾ ਸੰਗ੍ਰਹਿ 'ਗੱਲਾਂ ਕਰਨ ਕਹਾਣੀਆਂ', ਅਜੋਕੇ ਸਮੇਂ ਦਾ ਸੱਚ ਸਮੋਈ ਬੈਠੀਆਂ ਹਨ ਜਿਸ ਤੋਂ ਮੁਨਕਰੀ ਮਨੁੱਖੀ ਵਿਕਾਸ ਦੇ ਰਾਹ ਵਿਚ ਅੜਿਕਾ ਬਣ ਰਹੀ ਹੈ। ਇਹ ਕਹਾਣੀ ਸੰਗ੍ਰਹਿ ਕਈ ਪੱਖਾਂ ਤੋਂ ਨਿਵੇਕਲਾ ਹੈ। ਇਨ੍ਹਾਂ ਕਹਾਣੀਆਂ ਦੀ ਚੋਣ ਵੀ ਨਿਰਪੱਖਤਾ ਨਾਲ ਕਹਾਣੀਆਂ ਦੇ ਵਿਸ਼ੇ ਅਤੇ ਅਜੋਕੇ ਸਰੋਕਾਰਾਂ ਪ੍ਰਤੀ ਸੰਵੇਦਨਾ ਵਿਚੋਂ ਪੈਦਾ ਹੋਈ ਹੈ। ਵਧੀਆ ਗੱਲ ਇਹ ਹੈ ਕਿ ਸਿਰਫ ਦੋ ਪ੍ਰੌੜ ਕਹਾਣੀਕਾਰਾਂ ਡਾ. ਪ੍ਰੇਮ ਮਾਨ ਅਤੇ ਜਗਜੀਤ ਬਰਾੜ ਨੂੰ ਛੱਡ ਕੇ ਬਾਕੀ ਨੌਂ ਕਹਾਣੀਕਾਰ ਨਵੇਂ ਪੂਰ ਦੇ ਹਨ, ਜਿਨ੍ਹਾਂ ਨੇ ਬਦਲਦੇ ਯਥਾਰਥ ਨੂੰ ਬਹੁਤ ਨੇੜਿਓਂ ਦੇਖਿਆ ਅਤੇ ਹੰਢਾਇਆ ਹੈ। ਚੰਗੀ ਗੱਲ ਇਹ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

**ਪੁਸਤਕ ਚਰਚਾ**

ਹੈ ਕਿ ਇਨ੍ਹਾਂ ਕਹਾਣੀਆਂ ਦੇ ਵਿਸ਼ੇ ਨਿਵੇਕਲੇ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਕਹਾਣੀਆਂ ਮਰਦ-ਔਰਤ ਦੇ ਅਜਿਹੇ ਸੰਬੰਧਾਂ ਕਾਰਨ ਪੈਦਾ ਹੋਈ ਮਾਨਸਿਕ ਟੁੱਟ-ਭੱਜ ਦਾ ਬਿਰਤਾਂਤ ਹਨ, ਜਿਸ ਦੀ ਸਮਾਜ ਆਗਿਆ ਨਹੀਂ ਦਿੰਦਾ। ਪਰ ਇਨ੍ਹਾਂ ਨਵੇਂ ਸੰਬੰਧਾਂ ਨੂੰ ਨਵੀਂ ਪੀੜ੍ਹੀ ਮਾਨਤਾ ਦੇ ਰਹੀ ਹੈ।

ਇਸ ਸੰਗ੍ਰਹਿ ਦੀ ਇਹ ਵੀ ਖੂਬਸੂਰਤੀ ਹੈ ਕਿ ਵੱਡੇ-ਵੱਡੇ ਸਥਾਪਤ ਕਹਾਣੀਕਾਰਾਂ ਨੂੰ ਛੱਡ ਕੇ ਉਨ੍ਹਾਂ ਨਵੇਂ ਕਹਾਣੀਕਾਰਾਂ ਨੂੰ ਚੁਣਿਆ ਗਿਆ ਹੈ ਜਿਨ੍ਹਾਂ ਦੀ ਸੋਚ ਨਵੇਂ ਵਰਤਾਰੇ ਵਿਚੋਂ ਮਨੁੱਖੀ ਪਰਤਾਂ ਨੂੰ ਫਰੋਲਣ ਦੇ ਸਮਰੱਥ ਹੈ। ਇਹ ਸਾਰੀਆਂ ਕਹਾਣੀਆਂ ਬੀਤੇ ਸਾਲ ਪੰਜਾਬੀ ਦੇ ਚੋਟੀ ਦੇ ਰਸਾਲਿਆਂ ਵਿਚ ਛਪ ਚੁੱਕੀਆਂ ਹਨ ਜਿਨ੍ਹਾਂ ਨੂੰ ਪੰਜਾਬੀ ਪਾਠਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਸੀ। ਦਰਅਸਲ ਇਹ ਕਹਾਣੀਆਂ ਚਰਚਿਤ ਕਹਾਣੀਆਂ ਦਾ ਪੂਰ ਹੈ।

ਖਾਸ ਗੱਲ ਇਹ ਹੈ ਕਿ ਡਾ. ਪ੍ਰੇਮ ਮਾਨ ਨੇ ਹਰੇਕ ਕਹਾਣੀਕਾਰ ਦੀ ਕਹਾਣੀ ਤੋਂ ਪਹਿਲਾਂ ਕਹਾਣੀਕਾਰ ਦਾ ਸਵੈ-ਕਥਨ ਵੀ ਛਾਪਿਆ ਹੈ ਤਾਂ ਕਿ ਪਾਠਕ ਕਹਾਣੀਕਾਰ ਦੇ ਅੰਤਰੀਵ ਵਿਚ ਝਾਤੀ ਮਾਰ ਸਕੇ ਜਿਸ ਨਾਲ ਉਸਦੀ ਕਹਾਣੀ ਦੀਆਂ ਪਰਤਾਂ ਨੂੰ ਫਰੋਲਣਾ ਆਸਾਨ ਹੋ ਜਾਂਦਾ ਹੈ।

ਜਗਜੀਤ ਬਰਾੜ ਦੀ ਕਹਾਣੀ 'ਚਿੱਟੀ ਤਿਤਲੀ ਦਾ ਸਿਰਨਾਵਾਂ' ਮਾਨਸਿਕ ਦਵੰਧ ਦਾ ਬਾਖੂਬੀ ਵਰਣਨ ਹੈ। ਮਨੁੱਖੀ ਮਨ ਦੀਆਂ ਆਪਾ-ਵਿਰੋਧੀ ਪਰਤਾਂ ਦਾ ਵਿਸ਼ਲੇਸ਼ਣ ਹੈ। ਮਨ ਵਿਚ ਦੱਬੀਆਂ ਭਾਵਨਾਵਾਂ ਅਤੇ ਰਿਸ਼ਤਈ ਬੰਧਨਾਂ ਦਰਮਿਆਨ ਪੈਦਾ ਹੋਇਆ ਟਕਰਾਅ ਅਤੇ ਬੰਦੇ ਦੇ ਅੰਦਰਲੀ ਟੁੱਟ-ਭੱਜ ਕਿਵੇਂ ਕਈ ਪਰਤਾਂ ਦਾ ਰੂਪ ਧਾਰਦੀ ਹੈ, ਜਗਜੀਤ ਬਰਾੜ ਨੇ ਇਸਨੂੰ ਬਹੁਤ ਬਾਰੀਕ-ਬੀਨੀ ਨਾਲ ਚਿੱਤਰਿਆ ਹੈ।

ਆਗਾਜ਼ਬੀਰ ਦੀ ਕਹਾਣੀ 'ਚੈਪਟਰ ਕਲੋਜ਼' ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਵਿਦੇਸ਼ ਵਿਚ ਜਾ ਕੇ ਮਨ ਦੀਆਂ ਖੁੱਲ੍ਹੀਆਂ ਪਰਤਾਂ ਰਾਹੀਂ ਬੰਦੇ ਦਾ ਮਾਨਸਿਕ ਵਿਕਾਸ ਕਿਵੇਂ ਹੁੰਦਾ ਹੈ? ਉਹ ਧਾਰਮਿਕ ਵਲਗਣਾਂ ਨੂੰ ਉਲੰਘ ਆਪਣੇ ਜੀਵਨ ਸਾਥੀ ਦੀ ਚੋਣ ਕਰਨ ਲਈ ਸਥਾਪਤ ਦਾਇਰਿਆਂ ਨੂੰ ਨਕਾਰ ਕੇ ਨਵੀਆਂ ਰਾਹਾਂ ਦੀ ਸਿਰਜਣਾ ਕਰਦਾ ਹੈ। ਦਰਅਸਲ ਇਹ ਕਹਾਣੀ ਧਾਰਮਿਕ ਕੱਟੜਤਾ ਦੇ ਖੰਡਰ 'ਤੇ ਉਸਰੇ ਮੁਹੱਬਤ ਦੇ ਮਹਿਲ ਦੀ ਤਾਮੀਰਦਾਰੀ ਹੈ।

ਅਨੇਮਨ ਸਿੰਘ ਦੀ 'ਮਾਰੂਥਲ' ਕਹਾਣੀ ਜਵਾਨੀ ਵੇਲੇ ਮਾਂ ਦੀਆਂ ਝੁਲਸੀਆਂ ਖੁਸ਼ੀਆਂ ਦਾ ਦੁਬਾਰਾ ਪੁੰਗਰਨਾ ਅਤੇ ਮਾਰੂਥਲ ਵਰਗੇ ਜੀਵਨ 'ਚ ਸੰਦਲੀ ਵਕਤਾਂ ਦੀ ਦਸਤਕ ਅਤੇ ਜ਼ਿੰਦਗੀ ਦੇ ਫਿੱਕੇ ਰੰਗਾਂ ਵਿਚ ਗੂੜ੍ਹੇ ਰੰਗ ਭਰਨ ਦੀ ਕਥਾ ਹੈ, ਜਿਸਨੂੰ ਉਸਦਾ ਪੁੱਤਰ ਵੀ ਮਾਨਤਾ ਦੇ ਦਿੰਦਾ ਹੈ।

ਸਿਮਰਨ ਧਾਲੀਵਾਲ ਦੀ ਕਹਾਣੀ 'ਝਾਂਜਰਾਂ ਦਾ ਜੋੜਾ' ਪਤੀ-ਪਤਨੀ ਦੇ ਰਿਸ਼ਤੀ ਸਮਰਪਿਤਾ




ਵਿਚੋਂ ਉਗੀ ਵਾਰਤਾ ਹੈ ਜਿਹੜੀ ਰਿਸ਼ਤਿਆਂ ਵਿਚਲੇ ਖਲਾਅ ਨੂੰ ਭਰਨ ਦੀ ਬੇਹੱਦ ਖੂਬਸੂਰਤ ਸ਼ੁਰੂਆਤ ਹੈ।

ਸੁਰਿੰਦਰ ਨੀਰ ਦੀ ਕਹਾਣੀ 'ਟੌਫੀਆਂ ਦਾ ਹਾਰ' ਧੀਆਂ ਜਾਂ ਪੁੱਤਰਾਂ ਦੀ ਲੋਹੜੀ ਤੋਂ ਬੱਚਿਆਂ ਦੀ ਲੋਹੜੀ ਮਨਾਉਣ ਦੀ ਆਰਜਾ ਨਾਲ ਭਰਪੂਰ ਹੈ ਜੋ ਨਵੇਂ ਮਾਨਸਿਕ ਬਦਲਾਅ ਦਾ ਆਗਾਜ਼ ਹੈ। ਪੁਰਾਣੀਆਂ ਰਵਾਇਤਾਂ ਨੂੰ ਨਕਾਰ ਕੇ ਨਵੇਂ ਯੁਗ ਦੀ ਸ਼ੁਰੂਆਤ ਕਰਨ ਦਾ ਸੁਨੇਹਾ ਦਿੰਦੀ ਹੈ ਇਹ ਕਹਾਣੀ।

ਜਸਪਾਲ ਕੌਰ ਦੀ ਕਹਾਣੀ 'ਓਹਲਿਆਂ ਦੇ ਆਰ ਪਾਰ', ਵਿਆਹੋਂ ਬਾਹਰੇ ਸਬੰਧਾਂ ਦਾ ਮਤਲਬੀਪੁਣਾ ਤੇ ਖੋਖਲਾਪਣ ਦਰਸਾਉਂਦੀ ਹੈ। ਅਧੂਰੀ ਜ਼ਿੰਦਗੀ ਨੂੰ ਸੰਪੂਰਨ ਰੂਪ ਵਿਚ ਜਿਊਣ ਦਾ ਚਾਅ ਵੀ ਅਜਿਹੇ ਰਿਸ਼ਤਿਆਂ ਦਾ ਮੁੱਢ ਬਣਦਾ ਹੈ। ਔਰਤ ਦੇ ਮਨ ਦੀਆਂ ਕਈ ਪਰਤਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਹੈ ਇਹ ਕਹਾਣੀ।

ਜਤਿੰਦਰ ਹਾਂਸ ਦੀ ਕਹਾਣੀ 'ਉਸ ਦੀਆਂ ਅੱਖਾਂ 'ਚ ਸੂਰਜ ਦਾ ਵਾਸ ਹੈ' ਦਰਅਸਲ ਅਜੋਕੇ ਅਤੇ ਅਖੌਤੀ ਗਊ ਰਾਖਿਆਂ ਵਲੋਂ ਗਰੀਬਾਂ ਅਤੇ ਬੇਕਸੂਰਾਂ 'ਤੇ ਢਾਹੇ ਜਾ ਰਹੇ ਜ਼ੁਲਮ ਅਤੇ ਕਤਲ ਕੀਤੀਆਂ ਜਾ ਰਹੀਆਂ ਗਊ-ਰੂਹਾਂ ਦਾ ਬਿਰਤਾਂਤ ਹੈ ਜੋ ਅੱਜ ਕੱਲ੍ਹ ਸਾਡੇ ਸਮਾਜ ਵਿਚ ਧਰਮ ਦੇ ਨਾਮ 'ਤੇ ਧੰਦਾ ਬਣ ਚੁੱਕਾ ਹੈ।

ਨਿਰੰਜਣ ਬੋਹਾ ਦੀ 'ਨਰ ਬੰਦਾ' ਦਰਅਸਲ ਅਣਖ 'ਚੋਂ ਉਭਰੇ ਨਰ ਬੰਦੇ ਦੀ ਕਥਾ ਹੈ ਜੋ ਹਰ ਔਰਤ ਚਾਹੁੰਦੀ ਹੈ ਕਿ ਉਸਦੇ ਸਿਰ ਦਾ ਸਾਈਂ ਨਰ ਬੰਦਾ ਹੀ ਬਣੇ। ਗੁਰਮੇਲ ਵਲੋਂ ਦਲੇਰੀ ਨਾਲ ਆਪਣੀ ਬੇਵਾ ਭਰਜਾਈ ਦੇ ਮਨ ਵਿਚ ਸਦਾ ਲਈ ਥਾਂ ਬਣਾਉਣ ਦੀ ਕਥਾ ਹੈ ਇਹ ਖੂਬਸੂਰਤ ਕਹਾਣੀ।

ਬਲਵੰਤ ਫਰਵਾਲੀ ਦੀ 'ਡੌਂਕੀ' ਕਹਾਣੀ ਦਰਅਸਲ ਵਿਦੇਸ਼ ਜਾਣ ਲਈ ਲਾਈ ਜਾਣ ਵਾਲੀ ਡੌਂਕੀ ਤੋਂ ਆਪਣੇ ਹੀ ਦੇਸ਼ ਤੇ ਆਪਣੇ ਅੰਦਰ ਹੀ ਡੌਂਕੀ ਲਾਉਣ ਦੀ ਖੂਬਸੂਰਤ ਵਿਧਾ ਹੈ।

ਰਮਨਦੀਪ ਵਿਰਕ ਦੀ ਕਹਾਣੀ 'ਐਨ ਅਫੇਅਰ' ਵਿਆਹੋਂ ਬਾਹਰੇ ਰਿਸ਼ਤਿਆਂ ਵਿਚੋਂ ਸੁਖਨ ਭਾਲਦਿਆਂ, ਆਪਣੇ ਜੀਵਨ ਨੂੰ ਵਿਅਰਥ ਗਵਾਉਣ, ਸਮਾਜਿਕ ਨਮੋਸ਼ੀ ਵਿਚੋਂ ਆਪਣੇ ਆਪ ਨੂੰ ਖਤਮ ਕਰਨ ਅਤੇ ਕਿਸੇ ਦੇ ਦਰਦ ਵਿਚ ਪਸੀਜ ਜਾਣ ਦਾ ਨਿਹੋਰਾ ਹੈ।

ਇਸ ਸੰਗ੍ਰਹਿ ਦੀ ਆਖਰੀ ਕਹਾਣੀ ਡਾ. ਪ੍ਰੇਮ ਮਾਨ ਦੀ 'ਹਕੀਕਤ' ਕਹਾਣੀ ਹੈ ਜਿਹੜੀ ਆਧੁਨਿਕ ਜੀਵਨ ਵਿਚ ਮਰਦ-ਔਰਤ ਦੇ ਦਿਲ ਦੀ ਥਾਹ ਪਾਉਂਦੀ, ਦਿਲ ਤੋਂ ਰੂਹਾਂ ਤੀਕ ਅਸਰ-ਅੰਦਾਜ਼ ਕਰਦੀ ਹੈ। ਕਮਾਲ ਇਸ ਗੱਲ ਦਾ ਹੈ ਕਿ ਇਸ ਕਹਾਣੀ ਵਿਚ ਆਪਣੇ ਵਿਆਹੋਂ ਬਾਹਰੇ ਰਿਸ਼ਤੇ ਬਾਰੇ ਮਾਂ ਵੀ ਆਪਣੇ ਪੁੱਤ ਕੋਲ ਝੂਠ ਨਹੀਂ ਬੋਲਦੀ। ਜਦ ਪੁੱਤ ਦਾ ਅੰਕਲ ਵੀ ਸੱਚ ਦੱਸਦਿਆਂ ਕਹਿੰਦਾ ਹੈ ਕਿ ਹਾਂ, ਮੈਂ ਹੀ ਤੇਰਾ ਬਾਪ ਹਾਂ ਤਾਂ ਪੁੱਤ ਇਸ ਰਿਸ਼ਤੇ ਨੂੰ ਮਾਨਤਾ ਦਿੰਦਾ, ਆਪਣੇ ਨਵਾਂ ਪਤਾ ਲੱਗੇ ਬਾਪ ਨੂੰ ਗਲਵੱਕੜੀ ਵਿਚ ਲੈਂਦਾ ਹੈ। ਦਰਅਸਲ ਇਹ ਕਹਾਣੀ ਨਵੀਨ ਸੋਚ ਅਤੇ ਨਵੀਂ ਧਾਰਨਾ ਨੂੰ ਅਪਣਾ ਕੇ ਕਿਸੇ ਆਪਣੇ ਦੀ ਜ਼ਿੰਦਗੀ ਨੂੰ ਖੁਸ਼ੀਆਂ ਅਤੇ ਖੇੜਿਆਂ ਨਾਲ ਭਰਨ ਅਤੇ ਜ਼ਿੰਦਗੀ ਨੂੰ ਰੂਹਦਾਰੀ ਨਾਲ ਜਿਊਣ ਦਾ ਪੈਗਾਮ ਦਿੰਦੀ ਹੈ। ਮੁਹੱਬਤ ਪ੍ਰਤੀ ਉਸਾਰੂ ਨਜ਼ਰੀਏ ਨਾਲ ਓਤ-ਪੋਤ ਇਹ ਕਹਾਣੀ ਨਵੀਆਂ ਪਿਰਤਾਂ ਦਾ ਸੰਦੇਸ਼ ਅਤੇ ਆਧਾਰ ਹੈ।

ਇਨ੍ਹਾਂ ਕਹਾਣੀਆਂ ਦੇ ਸੱਜਰੇ ਵਿਸ਼ੇ, ਨਿਵੇਕਲੀ ਬਿਰਤਾਂਤ-ਵਿਧੀ ਅਤੇ ਸਮਾਜਿਕ ਸਰੋਕਾਰਾਂ ਨੂੰ ਖਹਿ ਕੇ ਅਜੋਕੀਆਂ ਪ੍ਰਸਥਿਤੀਆਂ ਦੀ ਚਾਰ ਦੀਵਾਰੀ ਵਿਚੋਂ ਨਵੇਂ ਰਾਹ ਸਥਾਪਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਕੁਝ ਕੁ ਪੰਜਾਬੀ ਕਹਾਣੀਆਂ ਦੇ ਅੰਗਰੇਜ਼ੀ ਦੇ ਨਾਮ ਕੁਝ ਕੁ ਅੱਖਰਦੇ ਹਨ ਭਾਵੇਂ ਕਿ ਇਹ ਅੰਗਰੇਜ਼ੀ ਨੁਮਾ ਸ਼ਬਦ ਪੰਜਾਬੀ ਉਚਾਰਨ ਦਾ ਹਿੱਸਾ ਬਣ ਚੁੱਕੇ ਹਨ। ਸ਼ਾਇਦ ਕਹਾਣੀਕਾਰ ਦੀ ਕੋਈ ਮਜਬੂਰੀ ਹੋਵੇ।

ਇਸ ਕਹਾਣੀ-ਸੰਗ੍ਰਹਿ ਦਾ ਸਭ ਤੋਂ ਵੱਡਾ ਹਾਸਲ ਇਹ ਹੈ ਕਿ ਹਰ ਕਹਾਣੀ ਇਕ ਸੁਖਾਵੇਂ ਮੋੜ 'ਤੇ ਪੂਰੀ ਹੁੰਦੀ ਹੈ। ਪਾਠਕ ਹੈਰਾਨ ਹੁੰਦਾ ਹੈ ਕਿ ਇੰਝ ਵੀ ਕਹਾਣੀ ਨੂੰ ਕਾਟਵੇਂ ਮੋੜ 'ਤੇ ਲਿਆ ਕੇ ਪੂਰਨ ਕੀਤਾ ਜਾ ਸਕਦਾ ਹੈ। ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਨੇ ਇਹ ਦਰਸਾ ਦਿੱਤਾ ਕਿ ਕਹਾਣੀ ਇੰਝ ਵੀ ਲਿਖੀ ਜਾ ਸਕਦੀ ਹੈ। ਜੀਵਨ ਵਿਚ ਭਰੀ ਹੋਈ ਨਕਾਰਾਤਮਿਕਤਾ ਨੂੰ ਸਕਾਰਾਤਮਿਕਤਾ ਵਿਚ ਬਦਲਣ ਵਾਲੇ ਇਸ ਕਹਾਣੀ-ਸੰਗ੍ਰਹਿ ਦਾ ਹਾਰਦਿਕ ਸੁਆਗਤ ਅਤੇ ਡਾ. ਪ੍ਰੇਮ ਮਾਨ ਨੂੰ ਢੇਰ ਸਾਰੀਆਂ ਮੁਬਾਰਕਾਂ।

---

# ਅੱਜ-ਕੱਲ੍ਹ ਅਸੀਂ 'ਕਮਾਲ' ਕਰਦੇ ਹਾਂ

**ਵਿਅੰਗ**

ਜੀਵਨ ਵਿਚ ਸਾਡਾ ਕਈ ਵਾਰ ਚੱਪਣੀ 'ਚ ਨੱਕ ਡੋਬ ਕੇ ਮਰਨ ਨੂੰ ਦਿਲ ਕੀਤਾ, ਦੋ ਵਾਰ ਤਾਂ ਬਹੁਤ ਹੀ ਕੀਤਾ, ਪਰ ਏਦਾਂ ਕਰ ਇੱਕ ਵਾਰ ਵੀ ਨਾ ਹੋਇਆ। ਕਈ ਵਾਰ ਚੱਪਣੀ ਛੋਟੀ ਪੈ ਜਾਂਦੀ, ਕਦੇ ਪਾਣੀ ਘੱਟ ਹੁੰਦਾ ਤੇ ਜੇ ਦੋਵੇਂ ਠੀਕ-ਠਾਕ ਮਿਲ ਜਾਂਦੇ ਤਾਂ ਸਾਡਾ ਨਕੌੜਾ ਵੱਡਾ ਪੈ ਜਾਂਦਾ! ਹਰ ਵਾਰ ਸ਼ਰਮਸਾਰ ਹੋ ਕੇ ਮਰਨਾ 'ਕੈਂਸਲ' ਕਰਨਾ ਪੈਂਦਾ, ਸ਼ੋਅਲੇ ਫਿਲਮ ਦੇ ਟੈਂਕੀ 'ਤੇ ਚੜ੍ਹੇ, ਠਰੇ 'ਚ ਧੁੱਤ 'ਵੀਰੂ' ਵਾਂਗ।

ਸਾਡੀ ਇਹ ਨੌਬਤ ਪਹਿਲੀ ਵਾਰ ਨੌਕਰੀ ਮਿਲਣ ਉਪਰੰਤ ਹੋਈ, ਕੋਈ ਪੰਜ ਦਹਾਕੇ ਪਹਿਲਾਂ। ਅਸੀਂ ਬੜੇ ਖੁਸ਼ ਕਿ ਅਸੀਂ 'ਪ੍ਰੋਫੈਸਰ' ਲੱਗ ਗਏ, ਭਾਵੇਂ ਉਦੋਂ ਅਜੋਕੀ 'ਅਸਿਸਟੈਂਟ ਪ੍ਰੋਫੈਸਰ' ਵਾਲੀ ਪਦ-ਸੰਗਿਆ ਨਹੀਂ ਸੀ ਹੁੰਦੀ, ਲੈਕਚਰਰ ਦਾ ਡੈਜ਼ਿਗਨੇਸ਼ਨ ਹੀ ਹੁੰਦਾ ਸੀ।

ਅਸੀਂ ਕੱਛਾਂ ਵਜਾਉਂਦੇ ਪਿੰਡ ਪੁੱਜੇ, ਸੋਚਿਆ ਸਾਡਾ ਹਾਰਾਂ ਨਾਲ ਸਵਾਗਤ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਹੋਵੇਗਾ ਪਰ 'ਮਨ ਕੀ ਮਨ ਹੀ ਮਾਹਿ ਰਹੀ'। ਇਕ ਤਾਏ ਨੇ ਪੁੱਛਿਆ, 'ਕਾਕਾ, ਕੀ ਲਗੈਂ'? ਅਸੀਂ ਸੁੱਖ ਨਾਲ ਉਦੋਂ 'ਜਵਾਨ-ਜਹਾਨ' ਸੀ ਤੇ ਲੋਕੀਂ ਪਿਆਰ ਨਾਲ ਸਾਨੂੰ 'ਕਾਕਾ' ਕਹਿੰਦੇ ਸਨ। ਹਾਂ, ਉਦੋਂ 'ਜੀ' ਵਾਲਾ ਸਤਿਕਾਰ-ਸੂਚਕ ਸ਼ਬਦ ਪਿੱਛੇ ਨਹੀਂ ਸੀ ਲਗਾਇਆ ਜਾਂਦਾ ਜੋ ਅੱਜ-ਕੱਲ੍ਹ ਵੱਡਿਆਂ ਘਰਾਂ ਦੇ ਕਾਕਿਆਂ ਪਿੱਛੇ ਲਗਾਇਆ ਜਾਂਦੈ। ਵੈਸੇ ਕਈ 'ਕਰਮਾਂਵਾਲੇ ਕਾਕਿਆਂ' ਦੇ ਤਾਂ ਆਪਣੇ ਕਾਕੇ/ਕਾਕੀਆਂ ਹੋਣ ਉਪਰੰਤ ਵੀ ਉਨ੍ਹਾਂ ਨੂੰ 'ਕਾਕਾ ਜੀ' ਹੀ ਕਿਹਾ ਜਾਂਦੈ।

ਅਸੀਂ ਬੜਾ ਫੂਲ ਕੇ ਜਵਾਬ ਦਿੱਤਾ, ''ਤਾਇਆ, ਪ੍ਰੋਫੈਸਰ ਲਗਾਂ''। ''ਅੱਛਾ''! ਮਾਸਟਰ! ਨਿਆਣਿਆਂ ਨਾਲ ਮਗਜ਼ਪਚੀ ਕਰਨ ਵਾਲਾ! ਕੀ ਫਾਇਦਾ 'ਫਰਫੈਸਰ' ਲੱਗਣ ਦਾ? ਪਟਵਾਰੀ ਲੱਗਣਾ ਸੀ, ਮੱਲ'', ਤਾਏ ਨੇ ਨਿਰੁੱਤਰ ਕਰਨ ਵਾਲਾ ਮੋੜਵਾਂ ਉੱਤਰ ਦਿੱਤਾ। ਸਾਡੀ ਖੁੰਬ ਤਾਂ ਖੂਬ ਠੱਪੀ ਗਈ ਪਰ 'ਦੋ ਪਈਆਂ ਵਿਸਰ ਗਈਆਂ ਸਦਕਾ ਢੂਈ ਦਾ' ਵਾਂਗ ਅਸੀਂ ਡਟੇ ਰਹੇ ਤੇ ਕਿਹਾ, ''ਨਹੀਂ ਤਾਇਆ, ਪਟਵਾਰੀ ਨਾਲੋਂ ਤਾਂ ਪ੍ਰੋਫੈਸਰ ਦੀ ਤਨਖਾਹ ਵੱਧ ਹੁੰਦੀ ਹੈ''। ਪਰ ਤਾਇਆ ਕਿੱਥੇ ਮੰਨਣ ਵਾਲਾ ਸੀ। ਕਿਰਸਾਨੀ ਕਰਦੇ ਤਾਏ ਨੂੰ ਪਟਵਾਰੀ ਨਾਲ ਨਿੱਤ ਵਾਹ ਪੈਂਦਾ ਸੀ, ਪ੍ਰੋਫੈਸਰ ਕੋਲੋਂ ਉਸ ਨੇ ਭਲਾ ਵਟਾਉਂ ਲੈਣੇ ਸੀ, ਉਹ ਤਾਂ ਕਦੀ ਕਿਸੇ ਸਕੂਲ ਦੇ ਗੇਟ ਮੂਹਰਿਉਂ ਨਹੀਂ ਸੀ ਲੰਘਿਆ, ਕਾਲਜ ਤਾਂ ਦੂਰ ਦੀ ਗੱਲ ਸੀ।

ਤਾਏ ਦਾ ਅਗਲਾ ਜਵਾਬ ਅਸੀਂ ਉਨ੍ਹਾਂ ਸਾਰੇ ਇਮਾਨਦਾਰ ਕਰਮਚਾਰੀਆਂ (ਸਮੇਤ ਪਟਵਾਰੀਆਂ) ਅੱਗੇ ਨਤਮਸਤਕ ਹੋਣ ਉਪਰੰਤ ਦੱਸ ਰਹੇ ਹਾਂ ਜੋ ਭ੍ਰਿਸ਼ਟਾਚਾਰ ਦੇ ਚਿੱਕੜ ਵਿਚ ਕੰਵਲ ਦੇ ਫੁੱਲ ਵਾਂਗ ਨਿਰਮਲ ਖਿੜੇ ਰਹਿੰਦੇ ਹਨ।

''ਓਹ ਮੱਲਾ! ਤਨਖਾਹਾਂ ਕੌਣ ਦੇਖਦਾ ਅੱਜ ਕੱਲ੍ਹ, 'ਉਤੋਂ' ਕਮਾਈ ਚਾਹੀਦੀ ਐ'', ਤਾਇਆ ਅਗੋਂ ਬੋਲਿਆ। ਅਸੀਂ ਉਦੋਂ ਐਡੇ ਭੋਲੇ ਸੀ (ਕਮਾਲ ਐ! ਅਸੀਂ ਕਦੀ ਭੋਲੇ ਵੀ ਸੀ!) ਕਿ ਸਾਨੂੰ ਉਦੋਂ 'ਉਤਲੀ/ਉਪਰਲੀ' ਕਮਾਈ ਦਾ ਬਿਲਕੁਲ ਨਹੀਂ ਸੀ ਪਤਾ। ਹੁਣ ਤਾਂ ਜਨਰਲ ਨੌਲੇਜ ਐਨੀ ਕੁ ਹੋ ਗਈ ਹੈ ਕਿ 'ਉਪਰਲੀ', 'ਹੇਠਲੀ', 'ਸੱਜੀ', 'ਖੱਬੀ', 'ਸਾਈਡ' ਦੀ, ਹਰ ਕਿਸਮ ਦੀ ਕਮਾਈ ਬਾਰੇ ਜਾਣਕਾਰੀ ਹੈ!

ਸਾਡੀ ਉਦੋਂ ਤਨਖਾਹ ਤਿੰਨ ਡਿਜਿਟੀ ਸੀ, ਬਸ ਥੋੜ੍ਹੇ ਕੁ ਸੌ। ਅੱਜ ਵਾਲੀ ਹਜ਼ਾਰਾਂ ਵਾਲੀ ਮੌਜ ਨਹੀਂ ਸੀ। ਉਦੋਂ ਮਾਸਟਰੀ ਤੇ ਮਜਬੂਰੀ ਦਾ ਚੋਲੀ ਦਾਮਨ ਦਾ ਸਾਥ ਹੁੰਦਾ ਸੀ। ਪਰਿਵਾਰ ਵੀ ਸਾਂਝੇ ਹੁੰਦੇ ਸਨ, ਇਕਹਿਰੇ ਟੱਬਰਾਂ ਦਾ ਲੱਪ-ਗੜੱਪੀ ਖਾਣ ਦਾ ਵਿਅਕਤੀਵਾਦੀ ਖਪਤਕਾਰੀ ਸਭਿਆਚਾਰ ਅਜੇ ਨਹੀਂ ਸੀ ਜਨਮਿਆ। ਸਾਡੀ ਮਾਸਟਰਾਂ ਵਿਚਾਰਿਆਂ ਦੀ ਤਾਂ ਉਦੋਂ ਵਿਆਹ-ਮੰਡੀ ਵਿਚ ਪੁੱਛ-ਪਰਤੀਤ ਜਾਂ 'ਕੀਮਤ' ਵੀ ਛੇਵੇਂ-ਸੱਤਵੇਂ ਥਾਂ 'ਤੇ ਹੁੰਦੀ ਸੀ। ਜਦੋਂ ਕਿਧਰੇ ਵੀ ਹੱਥ-ਪੱਲਾ ਨਾ ਪੈਂਦਾ ਤਾਂ ਚਲੋ 'ਮਾਸਟਰ-ਮਾਸਟਰਾਣੀ' ਹੀ ਸਹੀ। ਪੰਜ ਦਹਾਕੇ ਪਹਿਲਾਂ ਤਾਂ ਐਦਾਂ ਈ ਸੀ, ਅੱਜ ਦਾ ਪਤਾ ਨਹੀਂ। ਸਾਡਾ ਤਾਂ ਆਪਣਾ ਕੰਮ ਮਸੀਂ ਬਣਿਆ ਸੀ, ਮਿੰਨਤਾਂ-ਤਰਲਿਆਂ ਨਾਲ!

ਦੂਸਰੀ ਵਾਰ ਸਾਡੀ 'ਚੱਪਣੀ 'ਚ ਨੱਕ ਡੋਬੂ' ਨੌਬਤ ਨੌਕਰੀ ਤੋਂ ਸੇਵਾ-ਮੁਕਤੀ ਮਗਰੋਂ ਹੋਈ। ਰਿਟਾਇਰ ਹੋਣ ਬਾਅਦ ਦੋ-ਚਾਰ ਮਹੀਨੇ ਤਾਂ ਸੁਖੀ-ਸਾਂਦੀ ਲੰਘ ਗਏ ਪਰ ਫਿਰ ਮਿਹਰਬਾਨਾਂ-ਕਦਰਦਾਨਾਂ ਦੀ ਸਵੱਲੀ ਨਜ਼ਰ ਦੀ ਫਲੈਸ਼ ਲਾਈਟ ਸਾਡੇ ਉਪਰ ਕੇਂਦਰਤ ਹੋਣ ਲੱਗ ਪਈ। ਹਰ ਜਣਾ-ਖਣਾ ਪੁੱਛਣ ਲੱਗ ਪਿਆ ਕਿ ਅੱਜ-ਕੱਲ੍ਹ ਕੀ ਕਰਦੇ ਹੋ? ਬਹੁਤੀ ਵਾਰ ਤਾਂ ਅਸੀਂ ਇਕ ਹਿੰਦੀ ਫਿਲਮ ਵਿਚਲੇ ਅਦਾਕਾਰਾ ਰਾਖੀ ਵਲੋਂ ਅਮਿਤਾਭ ਨੂੰ ਦਿੱਤੇ ਜਵਾਬ ਨਾਲ ਟਾਲਣ ਦਾ ਯਤਨ ਕਰਦੇ ਕਿ 'ਅੱਜ ਕੱਲ੍ਹ ਅਸੀਂ ਕਮਾਲ ਕਰਦੇ ਹਾਂ', ਕਿਉਂਕਿ ਜੋ ਕੁਝ ਨਹੀਂ ਕਰਦੇ ਪਰ ਫਿਰ ਵੀ ਬੜਾ ਕੁਝ ਕਰਦੇ ਲਗਦੇ ਹਨ, ਉਹ ਵਾਕਿਆ ਹੀ ਕਮਾਲ ਕਰਦੇ ਹਨ।

ਸਾਨੂੰ ਇਥੇ ਕਲੀਮ ਆਜਿਜ਼ ਦਾ ਇਕ ਸ਼ੇਅਰ ਐਵੇਂ ਈ ਯਾਦ ਆ ਗਿਆ-''ਦਾਮਨ ਪੇ ਕੋਈ ਛੀਂਟ ਨ ਖੰਜਰ ਪੇ ਕੋਈ ਦਾਗ, /ਤੁਮ ਕਤਲ ਕਰੋ ਹੋ ਕਿ ਕਰਾਮਾਤ ਕਰੋ ਹੋ''!

ਵੈਸੇ ਵੀ ਵਿਹਲੇ ਹੁੰਦਿਆਂ ਰੁੱਝੇ ਹੋਏ ਲਗਣਾ ਇਕ ਕਲਾ ਹੀ ਤਾਂ ਹੈ, ਨਿਖੱਟੂ-ਕਲਾ!

''ਨਾ, ਚੰਗੇ ਭਲੇ ਹੋ, ਕੁਝ ਕਰਨਾ ਚਾਹੀਦੈ, ਮੰਜੀ ਫੜੀ ਰੱਖੀ ਤਾਂ ਮੰਜੀ ਨੇ ਤੁਹਾਨੂੰ ਫੜ ਲੈਣੈ'', ਬਿਨ ਮੰਗਿਆਂ ਸਲਾਹਾਂ ਦੀ ਬੌਛਾੜ ਹੋਣ ਲੱਗੀ। ਸਾਡੇ ਰੋਸ ਕਰਨ 'ਤੇ ਕਿ ਅਸੀਂ ਕੋਈ ਮੰਜੀ ਨਹੀਂ ਫੜੀ, ਥੋੜਾ ਬਹੁਤ ਮੰਜੀ 'ਤੇ ਆਰਾਮ ਜ਼ਰੂਰ ਕਰ ਲਈਦੈ, ਤਾਂ ਅਗੋਂ ਪਟਾਕ ਕਰਦਾ ਜਵਾਬ ਮਿਲਿਆ, ''ਆਰਾਮ ਹੈ ਹਰਾਮ! ਕੰਮ ਪਿਆਰਾ, ਚੰਮ ਨਹੀਂ! ਜੋ ਬਹਿ ਗਿਆ ਸੋ ਰਹਿ ਗਿਆ! ਬੰਦਾ ਖੜਾ ਲੋਹਿਆ, ਬੈਠਾ ਗੋਹਿਆ ਅਤੇ ਲੇਟਿਆ ਮੋਇਆ''!

ਕਈਆਂ ਨੇ ਲੌਰਡ ਟੈਨੀਸਨ ਦੀ ਸਾਡੀ ਮਨ-ਪਸੰਦ ਕਵਿਤਾ 'ਯੂਲਿਸਿਜ਼' ਦੀਆਂ ਸਤਰਾਂ, ਜੋ ਅਸੀਂ ਅਕਸਰ ਕੋਟ ਕਰਦੇ ਹੁੰਦੇ ਸਾਂ, ਸਾਨੂੰ ਹੀ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ, ''ਰੁਕਣਾ/ਅੰਤ ਕਰ ਦੇਣਾ ਕੇਡੀ ਬੋਰੀਅਤ ਵਾਲੀ ਗੱਲ ਹੈ, (ਤਲਵਾਰ ਦਾ) ਬਿਨ ਵਰਤੇ ਜੰਗਾਲੇ ਜਾਣਾ, ਵਰਤੋਂ 'ਚ ਆ ਕੇ ਨਾ ਲਿਸ਼ਕਣਾ..., ਜਿਵੇਂ ਸਾਹ ਲੈਣਾ ਹੀ ਜੀਵਨ ਹੋਵੇ''!

ਬਿਨ ਮੰਗੇ ਮਸ਼ਵਰਿਆਂ ਦਾ ਮੂਸਲੇਧਾਰ ਮੀਂਹ ਮੁਸਲਸਲ ਪੈਂਦਾ ਰਹਿੰਦਾ।

ਸਾਡੇ ਇਕ ਸੱਜਣ ਨੇ ਤਾਂ ਸਾਡੇ ਰਿਟਾਇਰ ਹੋਣ 'ਤੇ ਇਸ ਤਰ੍ਹਾਂ ਰਿਐਕਟ ਕੀਤਾ ਜਿਵੇਂ ਅਸੀਂ ਸੇਵਾ-ਮੁਕਤ ਨਾ ਹੋਏ ਹੋਈਏ, ਸਰੀਰ-ਮੁਕਤ ਹੋ ਗਏ ਹੋਈਏ!

ਦਰਅਸਲ ਲੋਕ ਚੜ੍ਹਦੇ ਸੂਰਜ ਦੇ ਪੁਜਾਰੀ ਹਨ। ਕੁਰਸੀ ਦੇ ਕਸੀਦੇ, ਰੁਤਬੇ ਨੂੰ ਸਲਾਮ, ਪੁਛ ਦੀ ਪੁੱਛ ਐ, ਬੰਦੇ ਨੂੰ ਕੌਣ ਪੁੱਛਦੈ! ਬਸ਼ੀਰ ਬਦਰ ਠੀਕ ਹੀ ਕਹਿੰਦੇ-''ਯਹਾਂ ਲਿਬਾਸ ਕੀ ਕੀਮਤ ਹੈ ਆਦਮੀ ਕੀ ਨਹੀਂ, ਮੁਝੇ ਗਲਾਸ ਬੜਾ ਦੇ, ਸ਼ਰਾਬ ਕਮ ਕਰ ਦੇ''!

ਸਾਡੇ ਇੱਕ ਸ਼ੁੱਭ-ਚਿੰਤਕ ਨੇ ਇਕ ਦਿਨ ਬੜੀ ਸੰਜੀਦਗੀ ਨਾਲ ਸਾਨੂੰ ਪੁੱਛਿਆ, ''ਨਾ ਸੱਚ ਦਸੀਂ, ਸਮਾਂ ਕਿਦਾਂ ਟੱਪਦੈ''? ਅਸੀਂ ਜਵਾਬ ਦਿੱਤਾ, ''ਪੜ੍ਹ-ਲਿਖ ਲਈਦੈ, ਕਦੇ ਕਦੇ ਕਲਮ-ਘਸਾਈ ਵੀ ਕਰ ਲਈਦੀ ਐ''।

ਸੁਣ ਕੇ ਸਾਡਾ ਮਿੱਤਰ ਅੱਗ ਬਬੂਲਾ ਹੋ ਗਿਆ ਤੇ ਸਾਨੂੰ ਕੁੱਦ ਕੇ ਪਿਆ, ''ਇਹ ਵੀ ਕੋਈ ਕੰਮ ਹੋਇਆ? ਇਹਤੋਂ ਭਲਾ ਕੀ ਪੱਲੇ ਪੈਂਦਾ ਹੋਊ? ਛਿੱਕੂ? ਬੰਦਾ ਕੋਈ ਕੰਮ ਦਾ ਕੰਮ ਕਰੇ, ਚਾਰ ਛਿੱਲੜ ਹੱਥ ਲੱਗਣ। ਕੀ ਨਪੈਥੜਾਂ ਵਾਲੇ ਕੰਮ 'ਚ ਪਿਐਂ''?

ਸਾਨੂੰ ਅੰਗਰੇਜ਼ੀ ਦੇ ਕਵੀ ਵਿਲੀਅਮ ਬਟਲਰ ਯੀਟਸ ਦੀ ਕਵਿਤਾ 'ਐਡਮਜ਼ ਕਰਸ' (ਆਦਮ ਦਾ ਸਰਾਪ) ਯਾਦ ਆ ਗਈ ਜਿਸ ਵਿਚ ਉਸ ਨੇ ਕਵਿਤਾ ਦੀ ਇਕ ਸਤਰ ਲਿਖੇ ਜਾਣ ਲਈ ਘੰਟਿਆਂ ਬੱਧੀ ਮਿਹਨਤ ਕੀਤੇ ਜਾਣ ਮਗਰੋਂ ਵੀ ਦੁਨੀਆਂਦਾਰਾਂ ਵਲੋਂ ਕਵੀਆਂ (ਲੇਖਕਾਂ) ਨੂੰ 'ਵਿਹਲੜ' ਕਹਿ ਕੇ ਭੰਡੇ ਜਾਣ ਅਤੇ ਦੂਸਰੇ ਸਧਾਰਨ ਜਿਹੇ ਕਾਰੋਬਾਰੀਆਂ ਨੂੰ 'ਸੂਰਮੇ' ਕਹਿ ਕੇ ਵਡਿਆਏ ਜਾਣ ਦੇ ਦੁਖਾਂਤ ਦੀ ਦਾਸਤਾਂ ਵਰਣਨ ਕੀਤੀ ਹੈ।

ਦਰਅਸਲ ਪੈਸੇ ਦੇ ਪੀਰਾਂ ਦਾ ਮਾਂ-ਪਿਓ ਵੀ ਪੈਸਾ ਤੇ ਪ੍ਰਭੂ-ਪ੍ਰਮਾਤਮਾ ਵੀ ਪੈਸਾ! ਹਿੰਦੀ ਫਿਲਮ ਦੇ ਇਕ ਗਾਣੇ ਵਾਂਗ 'ਬਾਪ ਬੜਾ ਨਾ ਭਈਆ ਸਭ ਸੇ ਬੜਾ ਰੁਪਈਆ'। ਬਸ ਪੈਸਾ ਆਉਣਾ ਚਾਹੀਦੈ ਚਾਹੇ ਦੀਨ-ਈਮਾਨ ਵੇਚ ਤੇ ਭਾਵੇਂ ਭੜਵਾਗੀਰੀ ਕਰੋ।

ਪਰ ਕਰੀਏ ਕੀ, ਅਜੇ ਵੀ ਸੰਸਾਰ ਵਿਚ ਕੁਝ ਸਿਰ-ਫਿਰੇ ਲੋਕ ਹਨ ਜੋ ਪੈਸੇ ਨਾਲੋਂ ਪੈਜ-ਪੱਤ ਨੂੰ ਵਧੇਰੇ ਪਹਿਲ ਦਿੰਦੇ ਹੋਏ ਬਾਬਾ ਫਰੀਦ ਦੇ ਦੱਸੇ ਹੋਏ ਪੈਂਡੇ ਦੇ ਪਾਂਧੀ ਬਣਨਾ ਪਸੰਦ ਕਰਦੇ ਹਨ-''ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ''॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1380)

ਮੁਥਾਜੀ ਦੀ ਮੱਖਣ-ਮਲਾਈ ਨਾਲੋਂ ਗੈਰਤ ਦੀ ਸੁੱਕੀ ਚੰਗੀ, ਲੱਲੀ-ਛੱਲੀ ਅੱਗੇ ਗੋਡੇ ਟੇਕਣ ਨਾਲੋਂ 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜ੍ਹਕ ਦੇ ਨਾਲ' ਵਾਲੀ ਅਵਸਥਾ ਬਿਹਤਰ! ਐਵੇਂ ਤਾਂ ਨਹੀਂ ਇਲਾਮਾ ਇਕਬਾਲ ਕਹਿੰਦੇ ''ਖੁਦੀ ਨਾ ਬੇਚ ਗਰੀਬੀ ਮੇਂ ਨਾਮ ਪੈਦਾ ਕਰ''!

ਸੇਵਾ-ਮੁਕਤ ਜੀਵਨ ਟਸ਼ਨ ਨਾਲ ਜੀਅ ਰਹੇ ਹਾਂ। ਆਪਣੀ ਨੀਂਦੇ ਸੌਂਦੇ ਹਾਂ, ਆਪਣੀ ਜਾਗੇ ਉਠਦੇ ਹਾਂ। ਹੁਣ ਹਰ 'ਵਾਰ' ਐਤਵਾਰ ਹੈ! ਪਹਿਲਾਂ ਸੋਮਵਾਰ ਨੂੰ ਸਾਨੂੰ ਸੱਪ ਸੁੰਘ/ਲੜ ਜਾਂਦਾ ਸੀ, ਹੁਣ ਸਾਡਾ ਸੋਮਵਾਰ ਹੁੰਦਾ ਹੀ ਨਹੀਂ! ਸਾਰਾ ਸਾਲ ਹੀ ਐਤਵਾਰ! ਵੈਲਸ਼ ਕਵੀ ਡਬਲਿਯੂ. ਐਚ. ਡੇਵਿਸ ਦਾ ਉਲਾਹਮਾਂ 'ਕਿ ਉਹ ਜੀਵਨ ਵੀ ਭਲਾ ਕਾਹਦਾ ਜੀਵਨ ਜਿਸ ਵਿਚ ਖੜ੍ਹਨ ਤੇ ਨਿਹਾਰਨ ਦਾ ਵਿਹਲ ਹੀ ਨਾ ਹੋਵੇ'? ਅਸੀਂ ਸਿਰਿਉਂ ਹੀ ਲਾਹ ਮਾਰਿਆ। ਜੀਵਨ 'ਚ ਹੁਣ 'ਖੜ੍ਹਨ ਤੇ ਨਿਹਾਰਨ' ਲਈ ਸਾਡੇ ਕੋਲ ਖੁੱਲ੍ਹਾ ਸਮਾਂ ਹੈ! ਉਮਰ ਵਧ ਰਹੀ ਹੈ ਪਰ ਕਮਾਲਾਂ ਕਰਨ ਵਿਚ ਕੋਈ ਕਮੀ ਨਹੀਂ ਆਈ! ਸਗੋਂ 'ਬੁੱਢਾ ਹੋਗਾ ਤੇਰਾ ਬਾਪ' ਵਾਂਗ ਸੂਰਤੇ ਹਾਲ ਇਹ ਹੈ ਕਿ ''ਉਮਰ ਢਲ ਗਈ ਲੇਕਿਨ ਖਲਿਸ਼ ਦਰਦੇ-ਮੁਹਬਤ ਕੀ, ਯਹਾਂ ਮਾਲੂਮ ਹੋਤੀ ਥੀ ਵਹੀਂ ਮਾਲੂਮ ਹੋਤੀ ਹੈ''!

# ਸ਼ਹਾਦਤ ਦਾ ਸਿੱਖ ਸੰਕਲਪ

**15-17 ਫਰਵਰੀ 2024 ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪ੍ਰਸਤੁਤ ਪਰਚਾ**

ਸ਼ਹਾਦਤ ਦੇ ਸਿੱਖ ਪ੍ਰਸੰਗ ਦੀਆਂ ਜਿਸ ਤਰ੍ਹਾਂ ਇਤਿਹਾਸਕ ਪ੍ਰਸੰਗ ਵਿਚ ਚਰਚਾਵਾਂ/ਗੱਲਾਂ ਹੋ ਰਹੀਆਂ ਹਨ, ਉਸ ਤਰ੍ਹਾਂ ਇਸ ਦੇ ਸਿਧਾਂਤ-ਉਸਾਰ ਜਾਂ ਸਿਧਾਂਤਕ ਧਰਾਤਲ ਦੀ ਚਰਚਾ/ਗੱਲ ਨਹੀਂ ਹੋ ਰਹੀ। ਇਉਂ ਵੀ ਕਿਹਾ ਜਾਂਦਾ ਰਿਹਾ ਹੈ ਕਿ ਆਮ ਬੰਦੇ ਤੱਕ ਪਹੁੰਚਾਏ ਜਾਣ ਵਾਲੇ ਬਿਰਤਾਂਤ ਨੂੰ ਸਿਧਾਂਤਕ ਬਾਰੀਕੀਆਂ ਦੀ ਲੋੜ ਨਹੀਂ ਹੁੰਦੀ। ਇਸ ਦੀ ਭੂਮਿਕਾ ਅੰਦਰੋਂ ਢਾਡੀ, ਕਵੀ ਅਤੇ ਕਥਾਕਾਰ ਨਿਭਾਉਂਦੇ ਰਹੇ ਹਨ ਅਤੇ ਬਾਹਰੋਂ ਪੱਛਮੀ ਰੰਗ ਵਾਲੀ ਅਕਾਦਮਿਕਤਾ ਨਿਭਾਉਣ ਲੱਗ ਪਈ ਸੀ। ਇਹੋ ਜਿਹੇ ਬਿਰਤਾਂਤ ਉਸ ਤਰ੍ਹਾਂ ਪਰੰਪਰਾ ਨਹੀਂ ਅਖਵਾ ਸਕਦੇ ਜਿਸ ਤਰ੍ਹਾਂ ਅੰਦਰੋਂ ਪੈਦਾ ਹੋਏ ਬਿਰਤਾਂਤ ਪਰੰਪਰਾ ਅਖਵਾਉਂਦੇ ਰਹੇ ਹਨ। ਇਹੋ ਜਿਹੀ ਜਿਹਤੀ ਅਕਾਦਮਿਕ ਮੁਹਿੰਮ ਹਿਊ ਮੈਕਲੋਡ (F.H. Mcleod) ਨੇ ਸ਼ੁਰੂ ਕੀਤੀ ਸੀ, ਉਸ ਦੀ ਸਿਖਰ ਡਾ. ਫੈਨਿਕ ਦਾ ਪੀ-ਐਚ.ਡੀ ਥੀਸਿਸ (Dr. Zenech, Playing the game of love: The sikh Tradition of Martyrdom) ਨੂੰ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਦਾ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91- 93163-01328**

ਸਿਰਲੇਖ ਤਾਂ ਸਲੋਕ ਵਾਰਾਂ ਤੇ ਵਧੀਕ ਵਿਚੋਂ ਗੁਰੂ ਨਾਨਕ ਦੇਵ ਜੀ ਦੇ 20ਵੇਂ ਸਲੋਕ ਵਿਚੋਂ ਲੈ ਲਿਆ ਗਿਆ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥1412

ਅਣਛਪੇ ਇਸ ਥੀਸਿਸ ਵਿਚ ਇਸ ਨਾਲ ਨਹੀਂ ਨਿਭਿਆ ਗਿਆ ਅਤੇ ਇਸ ਬਾਰੇ ਬਹੁਤ ਚਰਚਾ ਹੋ ਚੁੱਕੀ ਹੈ। ਏਥੇ ਤਾਂ ਏਨਾ ਹੀ ਕਹਿਣਾ ਹੈ ਕਿ ਡਾ. ਫੈਨਿਕ ਨੇ ਸਿਧਾਂਤ ਅਤੇ ਅਮਲ ਦੇ ਕੁਦਰਤੀ ਪਾੜੇ ਨੂੰ ਲੈ ਕੇ ਨਿਸ਼ੰਗ ਮਨਮਰਜ਼ੀਆਂ ਕਰਕੇ, ਸਿੱਖ ਦੀਆਂ ਕਮਜ਼ੋਰੀਆਂ/ਅਸਫਲਤਾਵਾਂ ਨੂੰ ਸਿੱਖ ਧਰਮ ਦੀਆਂ ਕਮਜ਼ੋਰੀਆਂ/ਅਸਫਲਤਾਵਾਂ ਵਾਂਗ ਪੇਸ਼ ਕਰ ਦਿੱਤਾ ਹੈ। ਇਸ ਦੇ ਵਿਸਥਾਰ ਵਿਚ ਜਾਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਬਾਣੀ ਰੋਸ਼ਨੀ ਵਿਚ ਸਿੱਖ ਇਤਿਹਾਸ ਨੂੰ ਵੇਖਾਂਗੇ ਤਾਂ ਇਸ ਨਤੀਜੇ 'ਤੇ ਪਹੁੰਚ ਸਕਾਂਗੇ ਕਿ ਸ਼ਹੀਦੀ ਦੀ ਸਿੱਖ ਪਰੰਪਰਾ ਸਿਧਾਂਤ ਅਤੇ ਅਮਲ ਵਿਚ ਬਹੁਤ ਮਜ਼ਬੂਤ ਹੈ। ਨਚੋੜੀਆਂ ਵਾਂਗ ਕੀਤੀਆਂ ਹੋਈਆਂ ਮੇਨ ਮੇਖਾਂ ਨੂੰ ਧਿਆਨ ਵਿਚ ਰੱਖ ਕੇ ਕਿਹਾ ਜਾ ਸਕਦਾ ਹੈ ਕਿ ਸ਼ਹੀਦੀ ਵਰਗੇ ਸੰਕਲਪਾਂ ਨੂੰ ਜਿਵੇਂ ਸਿਆਸਤ ਵਰਤਦੀ ਜਾ ਰਹੀ ਹੈ, ਤਿਵੇਂ ਤਿਵੇਂ ਸ਼ਹੀਦੀ ਦੇ ਇਹੋ ਜਿਹੇ ਨਵੇਂ ਨਵੇਂ ਰੰਗ ਸਾਹਮਣੇ ਆਈ ਜਾ ਰਹੇ ਹਨ, ਜਿਨ੍ਹਾਂ ਦੀ ਸਿਧਾਂਤਕ ਪ੍ਰਸੰਗਕਤਾ ਸਥਾਪਤ ਨਹੀਂ ਕੀਤੀ ਜਾ ਸਕਦੀ।

ਗੁਰੂ ਕਾਲ ਵਿਚ ਸਮੇਂ ਦੀ ਸਰਕਾਰ ਵੱਲੋਂ ਸ਼ਹੀਦ ਕੀਤੇ ਗਏ ਗੁਰੂਕਿਆਂ ਦਾ ਬਿਰਤਾਂਤ, ਜਿਸ ਤਰ੍ਹਾਂ ਹਰ ਸਮਕਾਲ ਤੱਕ ਪਹੁੰਚਣਾ ਚਾਹੀਦਾ ਸੀ, ਉਸ ਤਰ੍ਹਾਂ ਨਹੀਂ ਪਹੁੰਚਿਆ। ਇਸੇ ਦਾ ਸਿੱਟਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਇਤਿਹਾਸਕ ਵੇਰਵੇ ਤਾਂ ਹਨ, ਪਰ ਇਸ ਦਾ ਸਿਧਾਂਤਕ ਉਸਾਰ ਪ੍ਰਾਪਤ ਨਹੀਂ ਹੈ। ਇਸ ਨਾਲ ਜਿੰਨਾ ਸ਼ਹੀਦ ਕੀਤੇ ਜਾਣ ਦਾ ਪਤਾ ਲੱਗਦਾ ਹੈ, ਉਸ ਤਰ੍ਹਾਂ ਸ਼ਹੀਦੀ ਦੀਆਂ ਊਰਜਿਤ ਪਰਤਾਂ ਦਾ ਪਤਾ ਨਹੀਂ ਲੱਗਦਾ। ਇਸ ਵਾਸਤੇ ਭਾਈ ਗੁਰਦਾਸ ਜੀ ਨੇ ਕੋਈ ਲੀਹ ਨਹੀਂ ਤੋਰੀ ਸੀ ਅਤੇ ਨਾ ਹੀ 52 ਕਵੀਆਂ ਵਿਚੋਂ ਕਿਸੇ ਦਾ ਧਿਆਨ ਇਸ ਪਾਸੇ ਗਿਆ ਸੀ। ਉਸ ਵੇਲੇ ਇਸ ਦੇ ਕਾਰਨਾਂ ਬਾਰੇ ਸੋਚਣ, ਸਮਝਣ ਅਤੇ ਬਿਆਨਣ ਦੀ ਕੋਈ ਪਰੰਪਰਾ ਹੀ ਸ਼ਾਇਦ ਨਹੀਂ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਪੰਚਮ ਪਾਤਸ਼ਾਹ ਜੀ ਦੀ ਸਵੈ-ਇੱਛਤ ਸ਼ਹੀਦੀ ਦੀ ਨਿਰੰਤਰਤਾ ਵਿਚ ਸੀ। ਗੁਰੂ ਵਾਸਤੇ ਗੁਰੂ ਜੀ ਦੀ ਹਜ਼ੂਰੀ ਵਿਚ ਕੁਰਬਾਨ ਹੋ ਜਾਣ ਦੀ ਜੋ ਸ਼ਹੀਦੀ ਦੀ ਸਿੱਖ-ਪਰਤ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੇ ਸਾਹਮਣੇ ਲਿਆਂਦੀ ਸੀ, ਉਸ ਦਾ ਮਰਮ ਨੌਵੇਂ ਪਾਤਸ਼ਾਹ ਜੀ ਦੇ ਇਹ ਬਚਨ ਹਨ ਕਿ ਸ਼ਹੀਦ ਅਮਰ ਰਹਿੰਦਾ ਹੈ। ਮਰ ਕੇ ਵੀ ਨ ਮਰਨ ਦੀ ਸਾਖੀ ਦਾ ਸਿੱਖ-ਇਤਿਹਾਸ ਸਭ ਦੇ ਸਾਹਮਣੇ ਹੈ। ਸ਼ਹੀਦ ਹੋਣ ਵਾਲਿਆਂ ਅਤੇ ਸ਼ਹੀਦ ਕਰਨ ਵਾਲਿਆਂ ਵਿਚਕਾਰ ਜੋ ਵੱਢ ਸਿੱਖ-ਸ਼ਹੀਦੀਆਂ ਨਾਲ ਸਾਹਮਣੇ ਆਉਂਦਾ ਹੈ, ਉਸ ਦਾ ਬਿਰਤਾਂਤ ਅਜੇ ਸਿਰਜਿਆ ਜਾਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਹੀਦ ਸ਼ਬਦ ਦੀ ਵਰਤੋਂ ਦੋ ਵਾਰ ਹੋਈ ਹੈ। ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਨੇ ਸ਼ਹੀਦ ਨੂੰ ਉਨ੍ਹਾਂ ਕੋਟੀਆਂ ਵਿਚ ਗਿਣਿਆ ਹੋਇਆ ਹੈ, ਜਿਹੜੀਆਂ ਆਪਣੀ ਕਿਰਤ ਕਮਾਈ ਸਦਕਾ ਅਮਰ ਹੋ ਜਾਂਦੀਆਂ ਹਨ। ਲੀਹਾ ਪਾੜਵਾਂ ਰਾਹ ਵਿਖਾਉਣ ਵਾਲੇ ਰੱਬ ਦੇ ਇਹ ਬੰਦੇ ਰੱਬ ਵਰਗੀਆਂ ਸਿਫਤਾਂ ਦੇ ਮਾਲਕ ਹੋ ਜਾਂਦੇ ਹਨ। "ਜੈਸਾ ਸੇਵੈ ਤੈਸਾ ਹੋਇ" ਦੀ ਗੁਰਮਤਿ ਭਾਵਨਾ ਵਿਚ ਜਿਊਣ ਅਤੇ ਮਰਨ ਵਾਲੇ ਪੀਰਾਂ ਪੈਗੰਬਰਾਂ ਵਰਗੇ ਹੀ ਹੋ ਜਾਂਦੇ ਹਨ। ਆਪਣੇ ਇਸ਼ਟ ਦੀ ਅਰਦਾਸ ਵਿਚ ਝੁਕੇ ਰਹਿਣ ਵਾਲਿਆਂ ਦੇ ਦਰ 'ਤੇ ਧਰਮ ਦੇ ਦਾਹਵੇਦਾਰ ਸਦਾ ਝੁਕੇ ਰਹਿੰਦੇ ਹਨ:

ਸਿਰੀ ਰਾਗੁ ਮਹਲਾ 1 ਘਰੁ 1 ਅਸਟਪਦੀਆ॥(53)
ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ॥
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਿਨਿ ਦਰੂਦ॥

ਏਸੇ ਭਾਵਨਾ ਦੀ ਨਿਰੰਤਰਤਾ ਵਿਚ ਭਗਤ ਰਵਿਦਾਸ ਜੀ ਨੇ ਸ਼ਹੀਦ ਨੂੰ ਸ਼ੇਖਾਂ ਅਤੇ ਪੀਰਾਂ ਵਰਗੀ ਮਾਨਤਾ ਦੇਂਦਿਆਂ ਦੱਸਿਆ ਹੋਇਆ ਹੈ ਕਿ ਇਸ ਰਾਹ 'ਤੇ ਚੱਲਣ ਵਾਲੇ ਨੀਵੀਆਂ ਜਾਤਾਂ ਵਿਚੋਂ ਹੋ ਕੇ ਵੀ ਉੱਚੀਆਂ ਜਾਤਾਂ ਵਾਲਿਆਂ ਤੋਂ ਡੰਡਉਤ ਕਰਵਾਉਣ ਦੇ ਕਾਬਲ ਹੋ ਜਾਂਦੇ ਹਨ:

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ॥(1293)

ਦੋਹਾਂ ਹਵਾਲਿਆਂ ਵਿਚ ਇਸਲਾਮੀ ਮੁਹਾਵਰਾ ਇਸ ਲਈ ਵਰਤਿਆ ਹੈ ਕਿਉਂਕਿ ਸ਼ਬਦ 'ਸ਼ਹੀਦ' ਅਰਬੀ ਮੂਲ ਤੋਂ ਹੈ ਅਤੇ ਇਸ ਨੂੰ ਸੰਕਲਪੀ ਧਰਾਤਲ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤਿਆ ਜਾ ਰਿਹਾ ਹੈ। ਭਾਰਤ ਵਿਚ ਸ਼ਹੀਦੀ ਦੇ ਸੰਕਲਪ ਦਾ ਪ੍ਰਸੰਗਕ ਉਸਾਰ ਸਿੱਖ ਧਰਮ ਰਾਹੀਂ ਪਹਿਲੀ ਵਾਰ ਵਾਂਗ ਸਾਹਮਣੇ ਆਇਆ ਹੈ ਕਿਉਂਕਿ ਭਾਰਤ ਵਿਚ ਬਲੀ/ਕੁਰਬਾਨੀ ਦਾ ਪ੍ਰਾਪਤ ਸੰਕਲਪ ਆਪਣੇ ਪ੍ਰਭਾਵ ਅਤੇ ਪ੍ਰਗਟਾਵੇ ਵਿਚ ਸ਼ਹੀਦੀ ਵਰਗਾ ਬਿਲਕੁਲ ਨਹੀਂ ਹੈ। ਸ਼ਹੀਦੀ ਦੀਆਂ ਪਰਤਾਂ ਦੀ ਵਿਸ਼ੇਸ਼ਣ ਵਜੋਂ ਵਰਤੋਂ ਸਿੱਖ ਇਤਿਹਾਸ ਵਿਚ ਸ਼ਹਾਦਤ ਦੇਣ ਵਾਲਿਆਂ ਵਜੋਂ ਸਾਖੀ/ਗਵਾਹੀ ਭਰਨ ਵਾਲਿਆਂ ਵਾਂਗ ਹੋਈ ਹੈ। ਇਸੇ ਨੂੰ ਸੰਗਯਾ ਰੂਪ ਵਿਚ ਉਨ੍ਹਾਂ ਸ਼ਹੀਦਾਂ ਵਾਸਤੇ ਵਰਤਿਆ ਗਿਆ ਹੈ, ਜਿਨ੍ਹਾਂ ਦੀ ਲੋਕ ਸਾਖੀ/ਗਵਾਹੀ ਭਰਦੇ ਹਨ। ਸਿੱਖ ਪਰਸੰਗ ਵਿਚ ਸ਼ਹੀਦ ਉਸ ਨੂੰ ਮੰਨਿਆ ਗਿਆ ਹੈ, ਜਿਨ੍ਹਾਂ ਨੇ ਸਿੱਖੀ ਸਿਦਕ ਕੇਸਾਂ ਸੰਗ ਨਿਭਾਇਆ*1। ਇਸ ਤੋਂ ਪਿੱਛੋਂ ਆਉਣ ਵਾਲਿਆਂ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਲਿਖਤਾਂ ਗੁਰਮਤ ਮਾਰਤੰਡ (ਭਾਗ ਪਹਿਲਾ ਅਤੇ ਦੂਜਾ), ਗੁਰਮਤ ਸੁਧਾਕਰ ਅਤੇ ਗੁਰਮਤ ਪ੍ਰਭਾਕਰ ਵਿਚੋਂ ਸ਼ਹੀਦ ਦਾ ਸੰਕਲਪੀ ਹਵਾਲਾ ਗੁੰਮ ਹੈ। ਇਸ ਘਾਟ ਨੂੰ ਦੂਰ ਕਰਨ ਲਈ ਹੋਰ ਕਿਸੇ ਲੇਖਕ ਨੇ ਹੱਥ ਨਹੀਂ ਪਾਇਆ। ਚਲਾਵੇਂ ਹਵਾਲਿਆਂ ਵਾਂਗ ਧਰਮ-ਯੁੱਧ ਦੇ ਪ੍ਰਸੰਗਕ ਆਧਾਰ ਦੀ ਧੁਰੋਹਰ ਗੁਰੂ ਨਾਨਕ ਦੇਵ ਜੀ ਨੂੰ ਮੰਨਦਿਆਂ ਧਰਮਸਾਲ ਨੂੰ ਸਵੈ-ਇੱਛਤ ਨੈਤਿਕ ਸੰਘਰਸ਼ ਦਾ ਕੇਂਦਰ ਮੰਨ ਲੈਣ ਦਾ ਹਵਾਲਾ ਮਿਲਦਾ ਹੈ*2। ਇਹੀ ਭਾਵਨਾ ਮਿਸਲ ਕਾਲ (1716-1799), ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ (1799-1839), ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਲਗਾਤਾਰ ਧਰਮ-ਯੁੱਧ ਦੇ ਇਰਦ-ਗਿਰਦ ਸਿੱਖ-ਸ਼ਹੀਦੀਆਂ ਨੂੰ ਘੁੰਮਾਉਂਦੀ ਹੋਈ ਖਾੜਕੂ ਸੰਘਰਸ਼ ਤੱਕ ਪਹੁੰਚਦੀ ਪਹੁੰਚਦੀ, ਧਰਮ ਉਤੇ ਸਿਆਸਤ ਦੀ ਸਰਦਾਰੀ ਕਾਇਮ ਕਰਦੀ ਨਜ਼ਰ ਆ ਜਾਂਦੀ ਹੈ। ਇਸ ਨਾਲ ਢਾਡੀਆਂ ਅਤੇ ਸਟੇਜੀ ਕਵੀਆਂ ਵੱਲੋਂ ਨਿਭਾਈ ਜਾ ਰਹੀ ਊਰਜਿਤ ਹਿੱਸੇਦਾਰੀ ਮੱਧਮ ਹੁੰਦੀ ਜਾਂਦੀ ਰਹੀ ਸੀ ਕਿਉਂਕਿ ਸਭ ਕਾਸੇ ਦੇ ਕੇਂਦਰ ਵਿਚ ਸਿਆਸਤ ਆ ਗਈ ਹੈ। ਸਿੱਖ ਸੰਘਰਸ਼ ਦੇ ਜੋ ਇਤਿਹਾਸਕ ਪ੍ਰਸੰਗ ਸੋਹਣ ਸਿੰਘ ਸੀਤਲ ਨੇ ਉਸਾਰੇ ਸਨ, ਉਹੀ ਸਿੱਖ ਸਿਆਸਤ ਦੇ ਗਿਲਝਨੁਮਾ ਸਿਆਸੀ ਰੰਗ ਵਾਲੇ ਧਰਮ-ਯੁੱਧ 'ਤੇ ਲਾਗੂ ਹੁੰਦੇ ਨਜ਼ਰ ਆ ਰਹੇ ਹਨ:

ਤੁਰੀਆਂ ਸੰਗ ਕਲਜੋਗਣਾ ਲੈ ਖੱਪਰ ਖਾਲੀ
ਹੋਵੇਗਾ ਅਸਮੇਧ ਜੱਗ ਰੱਜ ਖਾਣ ਸਵਾਲੀ

ਇਸ ਹਾਲਤ ਵਿਚ ਜੇ ਸ਼ਹਾਦਤ ਬਾਰੇ ਸੰਖੇਪ ਵਿਚ ਕਹਿਣਾ ਹੋਵੇ ਤਾਂ ਕਹਾਂਗਾ ਕਿ ਇਤਿਹਾਸਕ ਪ੍ਰਸੰਗ ਵਿਚ ਸ਼ਹਾਦਤ, ਲਹੂ ਨਾਲ ਕੰਧ 'ਤੇ ਲਿਖੀ ਹੋਈ ਇਬਾਰਤ ਹੈ। ਸੋ ਸ਼ਹਾਦਤ ਹੁੰਦੀ ਨਹੀਂ ਸਗੋਂ ਵਾਪਰਦੀ ਹੈ। ਇਸ ਵਿਚ ਸ਼ਹੀਦ ਦੀ ਸਵੈ-ਇੱਛਤ ਚੋਣ ਅਤੇ ਗੁਰੂ ਦੇ ਭਾਣੇ ਵਿਚ ਨਿਭਣ ਦੀ ਮਾਨਸਿਕਤਾ ਸ਼ਾਮਲ ਹੁੰਦੀ ਹੈ। ਮਾਨਸਿਕਤਾ ਦੀ ਸਿੱਖ-ਘਾੜਤ, ਸ਼ਬਦ-ਗੁਰੂ ਦੀ ਟਕਸਾਲ ਵਿਚ ਹੁੰਦੀ ਹੈ ਅਤੇ ਹਰ ਸਮਕਾਲ ਦੀ ਲੋੜ ਮੁਤਾਬਿਕ ਇਤਿਹਾਸ ਸਿਰਜਣ ਦੀ ਭੂਮਿਕਾ ਨਿਭਾਉਂਦੀ ਹੈ। ਸਮਕਾਲ/ਵਰਤਮਾਨ ਦੀਆਂ ਸਿਆਸੀ ਪਹਿਲਤਾਵਾਂ ਨੇ ਸਿੱਖ ਭਾਈਚਾਰੇ ਨੂੰ ਆਮ ਕਰਕੇ ਅਤੇ ਪੰਥਕ ਸਿਆਸਤ ਨੂੰ ਖਾਸ ਕਰਕੇ ਪ੍ਰਤੀਰੋਧ ਦੀ ਸਿਆਸਤ ਵੱਲ ਤੋਰ ਦਿੱਤਾ ਹੈ ਅਤੇ ਸਭਿਆਚਾਰਕ-ਨਾਬਰੀ ਨੂੰ ਸਿੱਖ-ਰਾਸ਼ਟਰਵਾਦ ਦੀਆਂ ਸੰਭਾਵਨਾਵਾਂ ਵਿਚ ਉਲਝਾ ਦਿੱਤਾ ਹੈ। ਇਸ ਨਾਲ ਜੁੜੀ ਹੋਈ ਮਰਨ ਮਾਰਨ ਦੀ ਸਿਆਸਤ ਵਾਸਤੇ ਸ਼ਹੀਦੀ ਦੇ ਸਿੱਖ-ਜਜ਼ਬੇ ਨੂੰ ਬੰਦੂਕ ਦੀ ਗੋਲੀ ਨਾਲ ਤਾਕਤ ਲੈਣ ਵਾਲੇ ਰਾਹ ਪਾ ਦਿੱਤਾ ਗਿਆ ਹੈ। ਇਸ ਦੇ ਕੇਂਦਰ ਵਿਚ ਸਿੱਖ-ਮਿਸ਼ਨਰੀ ਤੋਂ ਸਿੱਖ-ਮਸੀਹਾ ਬਣ ਗਏ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਟਿਕਾ ਦਿੱਤਾ ਗਿਆ ਹੈ। ਇਸ ਨਾਲ ਕਿਸੇ ਵੀ ਮਰ ਜਾਣ ਵਾਲੇ ਨੂੰ ਸ਼ਹੀਦ ਗਰਦਾਨਣ ਦੀ ਸਿਆਸਤ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ। ਸ਼ਹੀਦੀ ਊਰਜਾ ਦਾ ਸ੍ਰੋਤ ਸਿੱਧੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ/ਅਨੁਸਾਰ ਸੀ/ਹੈ ਅਤੇ ਅਸਿੱਧੇ ਰੂਪ ਵਿਚ ਗੁਰਦੁਆਰਾ ਸੰਸਥਾ ਦੀ ਅਗਵਾਈ ਊਰਜਿਤ ਹੁੰਦਾ ਹੈ। ਸੰਸਥਈ-ਅਗਵਾਈ ਦੀ ਥਾਂ ਵਿਅਕਤੀਗਤ ਅਗਵਾਈ ਨਾਲ ਪੈਦਾ ਹੋ ਗਈ ਸਿਆਸਤ ਨੇ ਸ਼ਬਦ-ਗੁਰੂ ਵੱਲ ਸੇਧਤ ਹੋਣ ਦੀਆਂ ਸੰਭਾਵਨਾਵਾਂ ਨੂੰ ਕਮਜ਼ੋਰ ਪੈਣ ਵਾਲੇ ਰਾਹ ਪਾ ਦਿੱਤਾ ਹੈ।

ਨਹੀਂ ਸਮਝਾਂਗੇ ਤਾਂ ਸ਼ਹੀਦੀ-ਗੁਰਪੁਰਬਾਂ ਨੂੰ ਮੇਲਿਆਂ ਵਾਂਗ ਮਨਾਉਣ ਦੇ ਰਾਹ ਪੈਂਦੇ ਜਾਵਾਂਗੇ। ਇਸ ਨਾਲ ਪਵਿੱਤਰ ਸਰੋਕਾਰਾਂ ਦੀ ਦੁਕਾਨਦਾਰੀ ਹੋਣ ਲੱਗ ਪਵੇਗੀ। ਕੁਲ ਮਿਲਾ ਕੇ ਨਤੀਜਾ ਇਹੀ ਨਿਕਲਦਾ ਲੱਗਦਾ ਹੈ ਕਿ ਸਿੱਖ-ਸਿਧਾਂਤ ਉਤੇ ਸਿੱਖ-ਇਤਿਹਾਸ ਦੀ ਪਹਿਲ ਸਥਾਪਤ ਹੁੰਦੀ ਜਾ ਰਹੀ ਹੈ ਅਤੇ ਬਾਣੀ ਦੇ ਸਿੱਖਾਂ ਅਤੇ ਇਤਿਹਾਸ ਸਿੱਖਾਂ ਵਰਗੀ ਨਿਸ਼ਾਨਦੇਹੀ ਹੋਣ ਲੱਗ ਪਈ ਹੈ। ਇਹ ਕਹਿਣ ਅਤੇ ਸਮਝਣ ਵਿਚਲੇ ਫਰਕ ਵਾਂਗ ਲਗਾਤਾਰ ਸਾਹਮਣੇ ਆ ਰਿਹਾ ਹੈ ਕਿ ਸਿੱਖ ਭਾਈਚਾਰਾ ਅਮੀਰ ਵਿਰਾਸਤ ਦਾ ਮਾਲਕ ਹੋਣ ਦੀ ਸਿਆਸਤ ਤਾਂ ਕਰ ਰਿਹਾ ਹੈ, ਪਰ ਵਿਰਾਸਤ ਦਾ ਵਾਰਸ ਹੋਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਇਨ੍ਹਾਂ ਪਾੜਿਆਂ ਨਾਲ ਨਜਿੱਠਣ ਵਾਸਤੇ ਸਿਧਾਂਤ ਮੂਲਕ ਸਮਝ ਇਸ ਕਰਕੇ ਕੰਮ ਆ ਸਕਦੀ ਹੈ ਕਿਉਂਕਿ ਇਹ ਸਪਸ਼ਟ ਅਤੇ ਸੰਖੇਪ ਹੁੰਦੀ ਹੈ। ਇਹ ਅਕਾਦਮਿਕਤਾ ਜਿਸ ਤਰ੍ਹਾਂ ਕੰਮ ਆ ਸਕਦੀ ਹੈ, ਉਸ ਤਰ੍ਹਾਂ ਇਤਿਹਾਸ ਵੱਲ ਸੇਧਤ ਕਥਾਕਾਰੀ/ਭਾਸ਼ਣਕਾਰੀ ਕੰਮ ਨਹੀਂ ਹੋ ਸਕਦੀ। ਸ਼ਹਾਦਤ ਦਾ ਸਿੱਖ ਪ੍ਰਸੰਗ ਆਤਮ-ਇੱਛਾ (volunteering) ਨਾਲ ਭਾਣੇ ਵਿਚ ਜਿਊਣ ਦੀ ਸ਼ੈਲੀ ਦੀ ਨਿਰੰਤਰਤਾ ਵਿਚ ਸਾਹਮਣੇ ਕਿਉਂ ਨਹੀਂ ਆ ਰਿਹਾ, ਇਸ ਨੂੰ ਸਮਝਣ ਵੱਲ ਸੇਧਤ ਸੀ 15-17 ਫਰਵਰੀ 2024 ਨੂੰ ਪੰਜਾਬ ਯੂਨੀਵਰਸਿਟੀ ਵਿਚ "ਸ਼ਹੀਦੀ ਦਾ ਸਿੱਖ ਸੰਕਲਪ" ਵਿਸ਼ੇ 'ਤੇ ਕੀਤਾ ਗਿਆ ਸੈਮੀਨਾਰ। ਉਸ ਵੇਲੇ ਪ੍ਰਗਟਾਏ ਗਏ ਵਿਚਾਰਾਂ ਨੂੰ ਇਹ ਕਹਿ ਕੇ ਸੰਕੋਚਣਾ ਚਾਹੁੰਦਾ ਹਾਂ ਕਿ ਸਿਆਸਤ ਦੇ ਰੰਗ ਵਿਚ ਸ਼ਹੀਦੀ ਦਾ ਹੋਣਾ ਤਾਂ ਸਾਹਮਣੇ ਆਈ ਜਾ ਰਿਹਾ ਹੈ; ਪਰ ਸ਼ਹੀਦੀ ਦਾ ਮੌਤ ਤੋਂ ਉਪਰ ਉਠ ਜਾਣ (transcended) ਵਾਂਗ ਵਾਪਰਨਾ, ਸਾਹਮਣੇ ਨਹੀਂ ਆ ਰਿਹਾ ਹੈ। ਹੋਣ ਅਤੇ ਵਾਪਰਨ ਨੂੰ ਭਾਣੇ ਵਿਚ ਲੈਣ ਦੀ ਸਿੱਖ ਪਰੰਪਰਾ ਦਾ ਇਤਿਹਾਸ ਵਿਚ ਲਗਾਤਾਰ ਪ੍ਰਗਟਾਵਾ ਹੁੰਦਾ ਰਿਹਾ ਹੈ। ਏਸੇ ਦੀ ਨਿਰੰਤਰਤਾ ਵਿਚ ਜੋ ਇਸ ਵੇਲੇ ਮੰਨੇ ਜਾਣ ਦੀ ਸਿਆਸਤ ਹੋਈ ਜਾ ਰਹੀ ਹੈ, ਉਸ ਨੂੰ ਲਹੂ ਨਾਲ ਕੰਧ 'ਤੇ ਲਿਖੀਆਂ ਵੀ ਧੁੰਦਲੀਆਂ ਦਿਸਣ ਲੱਗ ਪਈਆਂ ਹਨ। ਸ਼ਹਾਦਤ ਨਾਲ ਸਬੰਧਤ ਯਾਦਗਾਰਾਂ ਨਾਲ ਵੀ ਸਿਧਾਂਤ ਉਤੇ ਇਤਿਹਾਸ ਨੂੰ ਪਹਿਲ ਪ੍ਰਾਪਤ ਹੁੰਦੀ ਜਾ ਰਹੀ ਨਜ਼ਰ ਆ ਰਹੀ ਹੈ। ਏਸੇ ਨਾਲ ਜੁੜੀ ਹੋਈ ਸਿਆਸਤ ਦਾ ਬੋਲਬਾਲਾ ਹਰ ਪਾਸੇ ਹੋਈ ਜਾ ਰਿਹਾ ਹੈ। ਇਸ ਤਰ੍ਹਾਂ ਸ਼ਹਾਦਤ ਦਾ ਸਿਧਾਂਤ, ਸ਼ਹਾਦਤ ਦਾ ਇਤਿਹਾਸ ਅਤੇ ਸ਼ਹਾਦਤ ਦੀ ਸਿਆਸਤ ਇਕ ਦੂਜੇ ਦੀ ਪ੍ਰਕਰਤਾ ਵਿਚੋਂ ਨਿਕਲ ਕੇ ਆਪੋ-ਆਪਣੇ ਇਕਹਿਰੇ ਰਾਹ ਪੈ ਕੇ ਇਕ ਦੂਜੇ ਦੀ ਨਿਸ਼ੰਗ ਵਰਤੋਂ ਕਰੀ ਜਾ ਰਹੀਆਂ ਹਨ। ਇਸ ਨਾਲ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਸਿੱਖਾਂ ਦੀ ਸ਼ਾਨਾਮੱਤੀ ਵਿਰਾਸਤ ਵਿਚੋਂ ਸ਼ਹਾਦਤ ਨਾਲ ਸਬੰਧਤ ਹਵਾਲੇ ਤਾਂ ਸਾਹਮਣੇ ਆ ਰਹੇ ਹਨ, ਪਰ ਬਾਣੀ 'ਤੇ ਆਧਾਰਤ ਬਿਰਤਾਂਤ ਮੇਰੇ ਵੇਖਣ ਵਿਚ ਅਜੇ ਤੱਕ ਸਾਹਮਣੇ ਨਹੀਂ ਆਇਆ। 20ਵੀਂ ਸਦੀ ਦੇ ਪਿਛਲੇ ਤਿੰਨ ਦਹਾਕੇ ਜੇ ਧਿਆਨ ਵਿਚ ਰੱਖ ਲਏ ਜਾਣ ਤਾਂ ਸਿਆਸੀ ਪ੍ਰਗਟਾਵਿਆਂ ਦੇ ਜੰਗਲ ਵਿਚ ਗੁਆਚਿਆਂ ਵਾਂਗ ਲੱਗਣ ਲੱਗ ਪੈਂਦਾ ਹੈ। ਵਾਪਰ ਗਏ ਨੂੰ ਜਿਸ ਤਰ੍ਹਾਂ ਡਾ. ਹਰਿਭਜਨ ਸਿੰਘ ਨੇ ਮਹਿਸੂਸ ਕੀਤਾ ਸੀ ਅਤੇ ਪ੍ਰਗਟਾਇਆ ਸੀ/ਹੈ, ਉਸ ਵੱਲ ਧਿਆਨ ਹੀ ਨਹੀਂ ਗਿਆ ਲੱਗਦਾ ਕਿਉਂਕਿ ਸਿੱਖ ਸੰਕਲਪਾਂ ਦੀ ਅਕਾਦਮਿਕਤਾ ਵੱਲ ਬਿਲਕੁਲ ਹੀ ਧਿਆਨ ਹੀ ਨਹੀਂ ਹੈ:

ਪ੍ਰਭ ਜੀ! ਆਪਨਾ ਬਿਰਦ ਬਿਚਾਰੋ
ਆਪਨਾ ਜਨ ਆਪਣੇ ਹੀ ਘਰ
ਗੈਰਾਂ ਵਾਂਗ ਨ ਮਾਰੋ।

ਪੁਸਤਕ 'ਚੋਲਾ ਟਾਕੀਆਂ ਵਾਲਾ' ਪੜ੍ਹਾਂਗੇ ਤਾਂ ਪਤਾ ਲੱਗੇਗਾ ਕਿ ਪੀੜ੍ਹੀ ਦਰ ਪੀੜ੍ਹੀ ਜੋ ਲਹੂ ਗੁਰੂਕੇ ਵਹਾਉਂਦੇ ਰਹੇ ਹਨ, ਉਹੀ ਜਦੋਂ ਗਵਾਹੀ ਬਣ ਕੇ ਇਤਿਹਾਸ ਵਿਚ ਪ੍ਰਗਟ ਹੁੰਦਾ ਰਿਹਾ ਹੈ ਤਾਂ ਸ਼ਹੀਦੀ ਅਖਵਾਉਂਦਾ ਰਿਹਾ ਹੈ ਅਤੇ ਇਸ ਰਾਹ ਤੁਰਨ ਵਾਲਿਆਂ ਨੂੰ ਊਰਜਿਤ ਕਰਦਾ ਰਿਹਾ ਹੈ। ਜਾਨ 'ਤੇ ਖੇਡਣ ਵਾਲਿਆਂ ਦੀ ਸਿੱਖ ਗਵਾਹੀ, ਨਿਤਾਣਿਆਂ, ਮਾਸੂਮਾਂ ਅਤੇ ਮਜਬੂਰਾਂ ਦੀਆਂ ਜਾਨਾਂ ਬਚਾਉਂਦੀ ਰਹੀ ਹੈ। ਇਸ ਵੇਲੇ ਜੇ ਕਹਿਣਾ ਹੋਵੇ ਤਾਂ ਕਹਾਂਗਾ ਕਿ ਸਿੱਖ ਸੁਰ ਵਿਚ ਸ਼ਹੀਦੀ-ਵਰਤਾਰਾ ਅਤੇ ਸਿਆਸੀ ਸੁਰ ਵਿਚ ਨਾਬਰੀ ਜਜ਼ਬਿਆਂ ਦੇ ਸਿਰ 'ਤੇ ਮੰਡਰਾਉਂਦੀ ਮੌਤ ਇਕ ਪਰਤੀ ਨਹੀਂ ਦੋਹਰੀ ਹੈ। ਇਨ੍ਹਾਂ ਦੋਹਾਂ ਨੂੰ ਰਲਗੱਡ ਕਰਾਂਗੇ ਤਾਂ ਸਿੱਖ-ਸ਼ਹੀਦੀਆਂ ਦਾ ਪਰੰਪਰਕ ਪ੍ਰਸੰਗ ਧੁੰਧਲਾ ਹੁੰਦਾ ਗੁਆਚਣ ਵਾਲੇ ਰਾਹ ਪੈ ਜਾਵੇਗਾ। ਸਿੱਖਾਂ ਦੀਆਂ ਸ਼ਹੀਦੀਆਂ ਦਾ ਪਰੰਪਰਕ ਰੰਗ ਓਹੋ ਜਿਹਾ ਨਹੀਂ ਸੀ, ਜਿਹੋ ਜਿਹਾ ਰੰਗ ਇਸ ਵੇਲੇ ਸਿੱਖਾਂ ਦੇ ਸਿਰ 'ਤੇ ਚੜ੍ਹ ਕੇ ਸਿਆਸਤ ਵਾਂਗ ਬੋਲਣ ਲੱਗ ਪਿਆ ਹੈ। ਇਸ ਨਾਲ ਗੁਰਦੁਆਰਾ ਸੰਸਥਾ, ਸ਼ਹੀਦੀ ਗੈਲਰੀਆਂ ਵਿਚ ਤਬਦੀਲ ਹੁੰਦੀ ਜਾ ਰਹੀ ਹੈ। ਸ਼ਹੀਦੀ ਨੂੰ ਮਨਮਰਜ਼ੀ ਨਾਲ ਮੰਨਣ ਅਤੇ ਪ੍ਰਗਟਾਉਣ ਦੀ ਸਿਆਸਤ ਅਜਬ ਕਿਸਮ ਦੀਆਂ ਬੇਲਗਾਮੀਆਂ ਨੂੰ ਸ਼ਹਿ ਦੇਈ ਜਾ ਰਹੀ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਪਰੰਪਰਕ ਸੁਰ ਵਿਚ ਭੁੰਜੇ ਸੌਂ ਕੇ ਅਤੇ ਘੱਟ ਖਾ ਕੇ ਮਹਿਸੂਸ ਕਰਨ ਵਾਲੇ ਘਟਦੇ ਜਾ ਰਹੇ ਹਨ ਅਤੇ ਡਾਂਗ ਨਾਲ ਲੰਗਰ ਛਕਾਉਣ ਵਾਲਿਆਂ ਦੀ ਰੋੜੀ ਭੋੜੀ ਭੀੜ ਗੁਰਪੁਰਬ ਨੂੰ ਮੇਲਾ ਭਾਵਨਾ ਵਿਚ ਮਨਾਉਂਦੀ ਦਨਦਨਾ ਰਹੀ ਆਮ ਵੇਖੀ ਜਾ ਸਕਦੀ ਹੈ। ਲਿਖਣ-ਪੜ੍ਹਨ ਵਾਲਿਆਂ ਨੂੰ ਸੋਹਣ ਸਿੰਘ ਸੀਤਲ ਵਰਗੇ ਲੇਖਕ ਨਜ਼ਰ ਨਹੀਂ ਆ ਰਹੇ। ਇਸ ਨਾਲ ਗੁਰਬਾਣੀ, ਇਤਿਹਾਸ ਅਤੇ ਪਰੰਪਰਾ ਨੂੰ ਗੁੰਨ੍ਹ ਕੇ ਤੁਰਨ ਵਾਲੀ ਲਿਖਤ-ਪਰੰਪਰਾ ਕਮਜ਼ੋਰ ਪੈਂਦੀ ਜਾ ਰਹੀ ਹੈ। ਇਸ ਪਾਸੇ ਤੁਰਦੇ ਤਾਂ ਇਹ ਦੱਸ ਸਕਦੇ ਸੀ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਨਾਲ-ਨਾਲ ਗੁਰੂ ਘਰ ਦਾ ਸ਼ਰਧਾਵਾਨ ਮੋਤੀ ਰਾਮ ਮਹਿਰਾ, ਸਾਹਿਬਜ਼ਾਦਿਆਂ ਨੂੰ ਦੁੱਧ ਪਿਆਉਣ ਦੇ ਜੁਰਮ ਵਿਚ ਟੱਬਰ ਸਮੇਤ ਕੋਹਲੂ ਵਿਚ ਪੀੜ ਦਿੱਤਾ ਗਿਆ ਸੀ। ਇਸ ਪਾਸੇ ਤੁਰਦੇ ਤਾਂ ਦੱਸ ਸਕਣਾ ਸੀ ਕਿ ਗੁਰੂ ਸਾਹਿਬਾਨ ਦੀ ਸਿੱਖਿਆ ਨੇ ਆਮ ਬੰਦੇ ਨੂੰ ਅਕੀਦੇ ਦੀ ਮੁਹੱਬਤ ਵਾਸਤੇ ਸ਼ਹੀਦ ਹੋ ਸਕਣ ਦੇ ਰਾਹ ਵੀ ਪਾ ਦਿੱਤਾ ਸੀ ਅਤੇ ਬਲ ਵੀ ਬਖਸ਼ ਦਿੱਤਾ ਸੀ। ਮੋਤੀ ਰਾਮ ਮਹਿਰਾ ਗੁਰੂ ਦਾ ਸਿੱਖ ਸੀ ਅਤੇ ਬਾਣੀ ਨਾਲ ਜੁੜ ਕੇ ਭਾਣੇ ਵਿਚ ਜਿਊ ਸਕਣ ਦੇ ਸਮਰੱਥ ਹੋ ਗਿਆ ਸੀ। ਸ਼ਹੀਦੀਆਂ ਏਸੇ ਸੁਰ ਵਿਚ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

**ਹਵਾਲੇ:**

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 134, ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਛੇਵੀਂ ਵਾਰ 1999
2. Nirbhai Singh, The Sikh Vision Of Heroic Life And Death, p. 22, Singh Brothers Amritsar, 2006- "Guru Nanak calls this temporal forld dharmasala, An embodiment of moral struggle (dharma-yudh)"

# *ਯਾਦ ਰੱਖਣ ਯੋਗ ਗੱਲਾਂ*

* ਰੂਹਾਂ ਦੀ ਮੌਤ 'ਤੇ ਜਨਾਜ਼ੇ ਨਹੀਂ ਨਿਕਲਦੇ, ਜੇ ਉਹ ਵੀ ਨਿਕਲਣ ਲੱਗੇ ਤਾਂ ਸੰਸਾਰ ਵਿਚ ਫੁੱਲ ਬਲੈਕ ਵਿਚ ਵਿਕਣਗੇ।

* ਅੱਜ ਦੇ ਜ਼ਮਾਨੇ ਵਿਚ ਹਰ ਕੋਈ ਆਪਣਾ ਲਿਖਿਆ ਦੂਜਿਆਂ ਨੂੰ ਪੜ੍ਹਾਉਣਾ ਚਾਹੁੰਦਾ ਹੈ ਪਰ ਕਿਸੇ ਦਾ ਲਿਖਿਆ ਖੁਦ ਨਹੀਂ ਪੜ੍ਹਨਾ ਚਾਹੁੰਦਾ।

* ਇਹ ਠੀਕ ਹੈ ਕਿ ਅਸੀਂ ਪ੍ਰਿਥਵੀ ਨੂੰ ਗੁਲਜ਼ਾਰ ਨਹੀਂ ਬਣਾ ਸਕਦੇ ਪਰ ਰਾਹਵਾਂ ਵਿਚ ਖਿੱਲਰੇ ਕੰਡੇ ਤਾਂ ਚੁਗ ਸਕਦੇ ਹਾਂ।



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

* ਜਿਨ੍ਹਾਂ ਗੱਲਾਂ ਦਾ ਸਾਨੂੰ ਗਿਆਨ ਹੈ ਉਹ ਪਾਣੀ ਦੀ ਬੂੰਦ ਮਾਤਰ ਹੈ ਅਤੇ ਜਿਨ੍ਹਾਂ ਗੱਲਾਂ ਤੋਂ ਅਣਜਾਣ ਹਾਂ ਉਹ ਸਮੁੰਦਰ ਹੈ।

* ਵਿਗਿਆਨੀ ਭਾਲਦੇ ਹਨ ਮੰਗਲ 'ਤੇ ਜੀਵਨ ਹੈ ਕਿ ਨਹੀਂ? ਧਾਰਮਿਕ ਲੋਕ ਸੋਚਦੇ ਹਨ ਜੀਵਨ ਵਿਚ ਮੰਗਲ ਹੈ ਕਿ ਨਹੀਂ?

* ਸਮੇਂ ਦੀ ਕਦਰ ਕਰੀਏ ਸਮਾਂ ਪੈਸੇ ਨਾਲੋਂ ਜ਼ਿਆਦਾ ਕੀਮਤੀ ਹੈ ਪੈਸਾ ਕਮਾਇਆ ਜਾ ਸਕਦਾ ਹੈ ਪਰ ਸਮੇਂ ਨੂੰ ਵਾਪਸ ਨਹੀਂ ਲਿਆ ਸਕਦੇ।

* ਅਸੀਂ ਦੂਜਿਆਂ 'ਤੇ ਪੀ. ਐਚਡੀ. ਕਰਨ ਦੇ ਨਾਲ-ਨਾਲ ਖੁਦ 'ਤੇ ਗ੍ਰੈਜੂਏਸ਼ਨ ਹੀ ਕਰ ਲਈਏ ਤਾਂ ਦੁਨੀਆਂ ਬਦਲ ਸਕਦੀ ਹੈ।

* ਮੰਜ਼ਿਲ 'ਤੇ ਜਾਂਦੇ ਹੋਏ ਅਣਜਾਣੇ ਰਾਹਾਂ ਨਾਲ ਨੈਣ ਮਿਲਾਓਗੇ ਤਾਂ ਮੰਜ਼ਿਲ ਦਾ ਨਰਾਜ਼ ਹੋਣਾ ਤੈਅ ਹੈ ਕਿਉਂਕਿ ਇਹ ਉਸ ਦਾ ਬੁਨਿਆਦੀ ਹੱਕ ਹੈ।

* ਅਕਸਰ ਕਿਹਾ ਜਾਂਦਾ ਹੈ ਕਿ ਫਲਾਣੀ ਗੱਲ ਕੰਧ 'ਤੇ ਲਿਖੇ ਵਾਂਗ ਹੈ ਭਾਵ ਪੂਰਾ ਸੱਚ ਹੈ, ਪਰ ਜੇ ਕਿਸੇ ਨੂੰ ਕੰਧ ਹੀ ਨਹੀਂ ਦਿਸਦੀ ਤਾਂ ਲਿਖਿਆ ਕੀ ਦਿਸੇਗਾ?

* ਦਿਖਾਵਾ ਓਨਾ ਕੁ ਹੀ ਕਰੋ ਜਿੰਨਾ ਕੁ ਲੋਕ ਬਰਦਾਸ਼ਤ ਕਰਨ ਦੁਪਹਿਰੇ ਦੀਵਾ ਜਗਾ ਕੇ ਬਹਿਣ ਵਾਲੇ ਨੂੰ ਭਗਤ ਨਹੀਂ ਮੂਰਖ ਕਿਹਾ ਜਾਂਦਾ ਹੈ।

* ਜ਼ਰੂਰੀ ਨਹੀਂ ਕਿ ਸਸਤੀ ਚੀਜ਼ ਮਾੜੀ ਹੀ ਹੋਵੇ ਵਿਆਹ-ਸ਼ਾਦੀਆਂ ਵਿਚ ਸ਼ੱਕਰਪਾਰੇ, ਲੱਡੂ ਤੇ ਸ਼ੀਰਨੀ ਸਭ ਤੋਂ ਪਹਿਲਾਂ ਬਣਾਏ ਜਾਂਦੇ ਹਨ ਪਰ ਖਤਮ ਸਭ ਤੋਂ ਬਾਅਦ ਹੁੰਦੇ ਹਨ।

* ਪੁਰਾਣੇ ਸਮਿਆਂ ਵਿਚ ਲੋਕ ਸਮਝਦਾਰ ਹੁੰਦੇ ਸਨ ਘਰ ਦੇ ਬਾਹਰ ਲਾਲ ਰੰਗ ਦੇ ਛਿੱਟੇ ਵੇਖ ਕੇ ਸਮਝ ਜਾਂਦੇ ਸਨ ਕਿ ਇਨ੍ਹਾਂ ਦੇ ਘਰ ਕੋਈ ਮਹਿਮਾਨ ਲਖਨਊ ਜਾਂ ਬਰੇਲੀ ਤੋਂ ਆਇਆ ਹੋਇਆ ਹੈ ਪਾਨ ਖਾਣ ਵਾਲਾ।

* ਕਿਸੇ ਸ਼ਾਇਰ ਨੇ ਆਪਣੀ ਸ਼ਾਇਰੀ ਵਿਚ ਕੁੜੀ ਨੂੰ ਕਵਿਤਾ ਵਰਗੀ ਕਿਹਾ ਅਤੇ ਦੂਜੇ ਨੇ ਅੱਗ ਦੇ ਭਾਂਬੜ ਨਾਲ ਤਸ਼ਬੀਹ ਦਿੱਤੀ ਲਾਈਕ ਦੋਹਾਂ ਨੂੰ ਬਰਾਬਰ ਮਿਲੇ ਸੋਚੋ ਸੋਚ ਗਲਤ ਸ਼ਾਇਰ ਦੀ ਹੈ ਜਾਂ ਪਸੰਦ ਕਰਨ ਵਾਲਿਆਂ ਦੀ।

* ਅੱਜ ਕੱਲ੍ਹ ਰਿਸ਼ਤੇ ਪੱਤਿਆਂ ਵਰਗੇ ਹੋ ਗਏ ਹਨ ਪਹਿਲਾਂ ਹਰੇ ਫਿਰ ਪੀਲੇ ਤੇ ਫਿਰ ਸੁੱਕੇ।*

ਸਿਆਣੇ ਕਹਿੰਦੇ ਹਨ ਕਿ ਏਨਾ ਨਾ ਬੋਲੋ ਕਿ ਲੋਕ ਤੁਹਾਡੇ ਚੁੱਪ ਕਰਨ ਦਾ ਇੰਤਜ਼ਾਰ ਕਰਨ ਸਗੋਂ ਓਨੀ ਕੁ ਗੱਲ ਕਰੋ ਕਿ ਲੋਕ ਤੁਹਾਡੇ ਕੋਲੋਂ ਕੁਝ ਹੋਰ ਸੁਣਨਾ ਚਾਹੁਣ।

# ਗਲੋਬਲ ਸੂਚਕ ਅੰਕਾਂ ਦੇ ਸੰਦਰਭ ਵਿਚ ਭਾਰਤ ਦੀ ਆਰਥਿਕਤਾ

ਭਾਰਤ ਨੂੰ ਇਸ ਵਕਤ ਵਿਸ਼ਵ ਵਿਆਪਕ ਪੱਧਰ ਉਪਰ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਅਰਥਚਾਰਿਆਂ ਦੀ ਸ਼੍ਰੇਣੀ ਵਿਚ ਆਉਣ ਵਾਲਾ ਮੁਲਕ ਦੱਸਿਆ ਜਾ ਰਿਹਾ ਹੈ। ਦੂਜੇ ਪਾਸੇ ਹਰ ਪ੍ਰਕਾਰ ਦੀ ਨਾ-ਬਰਾਬਰੀ ਨਾਲ ਸੰਬੰਧਿਤ ਸੂਚਕ ਅੰਕ ਇਸ ਦੀ ਸਮਾਜਿਕ-ਆਰਥਿਕ ਸਥਿਤੀ ਦੀ ਨਿੱਘਰਦੀ ਸਥਿਤੀ ਬਿਆਨ ਕਰਦੇ ਨਜ਼ਰ ਆਉਂਦੇ ਹਨ। ਭਾਰਤ ਨੂੰ ਪੰਜ ਟ੍ਰਿਲੀਅਨ ਡਾਲਰ ਦੀ ਅਰਥ-ਵਿਵਸਥਾ ਬਣ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਜਿਹੜੀ ਅਸਲ ਵਿਚ, ਅੰਤਰਰਾਸ਼ਟਰੀ ਮੁਦਰਾ ਫੰਡ ਦੀ ਦਸੰਬਰ 2023 ਦੀ ਰਿਪੋਰਟ ਅਨੁਸਾਰ, ਅਜੇ 3.78 ਟ੍ਰਿਲੀਅਨ ਤੱਕ ਹੀ ਪਹੁੰਚੀ ਹੈ। ਗਲੋਬਲ ਸੂਚਕ ਅੰਕਾਂ ਦੇ

ਕੰਵਲਜੀਤ ਕੌਰ ਗਿੱਲ

ਸੰਦਰਭ ਵਿਚ ਭੁੱਖਮਰੀ, ਸਮਾਜਿਕ ਆਰਥਿਕ ਨਾ-ਬਰਾਬਰੀ ਰਾਜਨੀਤਕ ਨੁਮਾਇੰਦਗੀ ਤੋਂ ਇਲਾਵਾ ਮਾੜੀ ਸਿਹਤ, ਸਿੱਖਿਆ ਅਤੇ ਬੇਰੁਜ਼ਗਾਰੀ ਦੇ ਪੱਖ ਤੋਂ ਸਥਿਤੀ ਬਹੁਤ ਹੀ ਚਿੰਤਾਜਨਕ ਹੈ, ਜਿਸ ਨੂੰ ਡੂੰਘਾਈ ਨਾਲ ਪਰਖਣ ਤੇ ਸਮਝਣ ਦੀ ਲੋੜ ਹੈ। ਮੁਲਕ ਦੀ ਕੁੱਲ ਰਾਸ਼ਟਰੀ ਆਮਦਨ ਅਤੇ ਕੁੱਲ ਘਰੇਲੂ ਉਤਪਾਦ ਦੇ ਵਾਧੇ ਦੀ ਦਰ ਨਾਲ ਉਸ ਦੇ ਆਰਥਿਕ ਵਿਕਾਸ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤ ਦੇ ਆਰਥਿਕ ਵਿਕਾਸ ਦੇ ਵਾਧੇ ਦੀ ਦਰ 7% ਹੈ ਜਿਹੜੀ ਅਸਲ ਵਿਚ 5-6% ਤੋਂ ਜ਼ਿਆਦਾ ਨਹੀਂ ਹੈ। ਇਵੇਂ ਹੀ ਮਨੁੱਖੀ ਵਿਕਾਸ ਸੂਚਕ ਅੰਕ ਵਿਚ 2021 ਦੇ ਮੁਕਾਬਲੇ 2022 ਵਿਚ ਪ੍ਰਾਪਤ ਕੁਝ ਨੰਬਰਾਂ ਦੇ ਵਾਧੇ ਨੂੰ ਜ਼ਰੂਰਤ ਤੋਂ ਵੱਧ ਵਧਾ-ਚੜ੍ਹਾਅ ਕੇ ਪੇਸ਼ ਕੀਤਾ ਜਾ ਰਿਹਾ ਹੈ। ਪ੍ਰੰਤੂ ਅਸਲ ਸਥਿਤੀ ਜਾਣਨ ਵਾਸਤੇ ਕਿਸੇ ਖਾਸ ਸਮੇਂ ਦੌਰਾਨ ਹੋਏ ਨਿਰੰਤਰ ਤੇ ਟਿਕਾਊ ਵਿਕਾਸ ਅਤੇ ਵਾਧੇ ਦੀ ਦਰ ਦੇ ਰੁਝਾਨ ਦਾ ਅਧਿਐਨ ਕੀਤਾ ਜਾਂਦਾ ਹੈ।

ਮਹਿਬੂਬ-ਉਲ-ਹੱਕ ਨੇ 1995 ਵਿਚ ਸਭ ਤੋਂ ਪਹਿਲਾਂ ਮਨੁੱਖੀ ਵਿਕਾਸ ਸੂਚਕ ਅੰਕ (ਐਚ.ਡੀ.ਆਈ.) ਦੀ ਰਿਪੋਰਟ ਤਿਆਰ ਕੀਤੀ ਜਿਸ ਵਿਚ ਆਮਦਨ, ਸਿਹਤ ਤੇ ਸਿੱਖਿਆ ਦੇ ਵੱਖੋ-ਵੱਖ ਪੈਮਾਨਿਆਂ ਦੀ ਸਹਾਇਤਾ ਨਾਲ ਆਲਮੀ ਪੱਧਰ 'ਤੇ ਦੇਸ਼ਾਂ ਦੀ ਦਰਜਾਬੰਦੀ ਕੀਤੀ ਜਾਂਦੀ ਹੈ। ਇਹ ਰਿਪੋਰਟ ਸੰਯੁਕਤ ਰਾਜ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਦੁਆਰਾ ਹੁਣ ਹਰ ਸਾਲ ਹੀ ਤਿਆਰ ਕੀਤੀ ਜਾ ਰਹੀ ਹੈ। ਹਰ ਦੇਸ਼ ਦੀ ਆਮਦਨ, ਸਿੱਖਿਆ ਅਤੇ ਸਿਹਤ ਦੇ ਵੱਖ-ਵੱਖ ਮੁੱਦਿਆਂ ਦਾ ਖਾਸ ਨਿਰਧਾਰਤ ਫਾਰਮੂਲਿਆਂ ਦੀ ਸਹਾਇਤਾ ਨਾਲ ਹਿਸਾਬ ਲਗਾਇਆ ਜਾਂਦਾ ਹੈ ਅਤੇ ਪ੍ਰਾਪਤ ਨੰਬਰਾਂ ਅਨੁਸਾਰ ਦੇਸ਼ਾਂ ਦੀ ਦਰਜਾਬੰਦੀ ਕੀਤੀ ਜਾਂਦੀ ਹੈ। 2021 ਦੀ ਰਿਪੋਰਟ ਅਨੁਸਾਰ ਕੁੱਲ 191 ਦੇਸ਼ਾਂ ਵਿਚੋਂ ਭਾਰਤ ਦਾ 0.633 ਨੰਬਰਾਂ ਨਾਲ 132ਵਾਂ ਸਥਾਨ ਸੀ। ਹੁਣ 2022 ਅਨੁਸਾਰ 193 ਦੇਸ਼ਾਂ ਵਿਚੋਂ 0.644 ਨੰਬਰਾਂ ਨਾਲ ਭਾਰਤ ਦਾ 134ਵਾਂ ਸਥਾਨ ਹੈ। ਇਸ ਦਾ ਭਾਵ ਹੈ ਕਿ 133 ਦੇਸ਼ ਸਾਡੇ ਤੋਂ ਵਧੇਰੇ ਖੁਸ਼ਹਾਲੀ ਵਾਲਾ ਜੀਵਨ ਬਤੀਤ ਕਰ ਰਹੇ ਹਨ। ਗੁਆਂਢੀ ਦੇਸ਼ਾਂ ਦੇ ਸੰਦਰਭ ਵਿਚ, ਸ੍ਰੀਲੰਕਾ, ਭੂਟਾਨ ਅਤੇ ਬੰਗਲਾਦੇਸ਼ ਸਾਡੇ ਤੋਂ ਕ੍ਰਮਵਾਰ 78ਵੇਂ, 125ਵੇਂ ਤੇ 129ਵੇਂ ਸਥਾਨ 'ਤੇ ਹੋਣ ਕਾਰਨ ਵਧੀਆ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕਰ ਰਹੇ ਹਨ। ਜਦੋਂਕਿ ਨੇਪਾਲ 146ਵੇਂ ਅਤੇ ਪਾਕਿਸਤਾਨ 164ਵੇਂ ਦਰਜੇ 'ਤੇ ਹੈ। ਗੁਆਂਢੀ ਦੇਸ਼ਾਂ ਵਿਚ ਅਫਗਾਨਿਸਤਾਨ ਦੀ ਸਥਿਤੀ ਹਰ ਪੱਖ ਤੋਂ ਮਾੜੀ ਹੈ। ਦੇਸ਼ ਵਿਚ ਧਨ-ਦੌਲਤ ਅਤੇ ਜਾਇਦਾਦ ਦੀ ਮਾਲਕੀ ਵਿਚ ਨਾ-ਬਰਾਬਰੀ ਦਾ ਬੇਤਹਾਸ਼ਾ ਵਾਧਾ ਦਰਜ ਕੀਤਾ ਗਿਆ ਹੈ। ਥੌਮੱਸ ਪਿਕਟੀ ਅਤੇ ਤਿੰਨ ਹੋਰ ਅਰਥ-ਸ਼ਾਸਤਰੀਆਂ ਦੇ ਸਹਿਯੋਗ ਨਾਲ ਤਿਆਰ ਕੀਤੀ ਵਰਲਡ ਇਨਇਕੁਐਲਿਟੀ ਰਿਪੋਰਟ 2022-23 ਅਨੁਸਾਰ ਭਾਰਤ ਦੀ 40.1% ਦੌਲਤ ਸਿਰਫ ਚੋਟੀ ਦੇ 1% ਅਮੀਰ ਲੋਕਾਂ ਦੇ ਕਬਜ਼ੇ ਵਿਚ ਹੈ ਤੇ ਉਨ੍ਹਾਂ ਦੀ ਕੁੱਲ ਆਮਦਨ ਵਿਚ ਹਿੱਸੇਦਾਰੀ 22% ਹੈ। ਇਹ ਨਾ-ਬਰਾਬਰੀ ਦਾ ਆਲਮ ਅੰਗਰੇਜ਼ਾਂ ਦੇ ਰਾਜ ਨੂੰ ਵੀ ਮਾਤ ਪਾ ਗਿਆ ਹੈ ਜਿਹੜਾ 2014-15 ਤੋਂ 2022-23 ਵਿਚ ਮੁੱਖ ਰੂਪ ਵਿਚ ਨੋਟ ਕੀਤਾ ਗਿਆ ਹੈ। ਇਸੇ ਲਈ 'ਸਭ ਕਾ ਸਾਥ ਸਭ ਕਾ ਵਿਕਾਸ' ਦੇ ਨਾਅਰੇ ਨੂੰ ਕੇਵਲ ਤੇ ਕੇਵਲ ਇੱਕ ਜੁਮਲਾ ਹੀ ਕਰਾਰ ਦਿੱਤਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਸ ਸਮੇਂ ਦੌਰਾਨ ਚੱਲ ਰਹੀਆਂ ਆਰਥਿਕ ਨੀਤੀਆਂ ਅਤੇ ਕਾਰਪੋਰੇਟ ਪੱਖੀ ਵਿਕਾਸ ਦਾ ਮਾਡਲ ਹੈ। ਸਿੱਟੇ ਵਜੋਂ ਇੱਥੇ 40% ਅਤਿ ਦੀ ਗਰੀਬੀ ਹੰਢਾਉਂਦੇ ਲੋਕਾਂ ਕੋਲ ਕੇਵਲ 20.0% ਆਮਦਨ ਹੈ। ਨੇਪਾਲ ਅਤੇ ਬੰਗਲਾਦੇਸ਼ ਕ੍ਰਮਵਾਰ 20.4 %ਅਤੇ 21.2% ਆਮਦਨ ਵਿਚ ਹਿੱਸੇਦਾਰੀ ਨਾਲ ਲਗਭਗ ਸਾਡੇ ਨੇੜੇ-ਤੇੜੇ ਹੀ ਹਨ। ਇਸ ਪੱਖ ਤੋਂ ਸ੍ਰੀਲੰਕਾ ਦੀ ਸਥਿਤੀ ਹੋਰ ਵੀ ਮਾੜੀ ਹੈ ਜਿੱਥੇ ਹੇਠਲੇ 40% ਸਭ ਤੋਂ ਗਰੀਬ ਲੋਕਾਂ ਕੋਲ ਆਮਦਨ ਦਾ ਕੇਵਲ 18.5% ਹਿੱਸਾ ਹੈ (ਆਮਦਨ ਅਸਮਾਨਤਾ ਦੇ ਇਹ ਅੰਕੜੇ 2010-22 ਦੀ ਔਸਤ ਹਨ)। ਭਾਰਤ ਵਿਚ ਲਗਭਗ 22 ਪ੍ਰਤੀਸ਼ਤ ਆਬਾਦੀ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੀ ਹੈ ਜਦੋਂਕਿ ਦਾਅਵਾ ਕੀਤਾ ਜਾਂਦਾ ਹੈ ਕਿ ਭਾਰਤ ਵਿਚ ਅਤਿ ਦੀ ਗਰੀਬੀ ਬਿਲਕੁਲ ਖਤਮ ਕਰ ਦਿੱਤੀ ਗਈ ਹੈ। ਅਫਗਾਨਿਸਤਾਨ ਸਭ ਤੋਂ ਵਧੇਰੇ ਗਰੀਬੀ ਦੀ ਮਾਰ ਝੱਲ ਰਿਹਾ ਹੈ ਜਿੱਥੇ 54.5%ਆਬਾਦੀ ਕੌਮੀ ਗਰੀਬੀ ਰੇਖਾ ਤੋਂ ਥੱਲੇ ਹੈ ਅਤੇ ਬੰਗਲਾਦੇਸ਼ ਵਿਚ 24.3% ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ।

ਮਨੁੱਖੀ ਵਿਕਾਸ ਸੂਚਕ ਅੰਕ ਦਾ ਇੱਕ ਮੁੱਖ ਪਹਿਲੂ ਜਨਮ ਸਮੇਂ ਜਿਊਣ ਦੀ ਸੰਭਾਵਨਾ ਹੁੰਦਾ ਹੈ। ਜਿਸ ਦਾ ਸਿੱਧਾ ਸੰਬੰਧ ਸਿਹਤ ਸੇਵਾਵਾਂ ਦੀ ਹੋਂਦ ਅਤੇ ਉਨ੍ਹਾਂ ਦੀ ਵੱਧ ਤੋਂ ਵੱਧ ਵਸੋਂ ਕੋਲ ਪਹੁੰਚ ਨਾਲ ਹੈ। ਇਥੇ ਵੀ 67.9 ਸਾਲਾਂ ਦੀ ਔਸਤ ਉਮਰ ਨਾਲ ਸਥਿਤੀ ਗੁਆਂਢੀ ਦੇਸ਼ਾਂ ਦੇ ਮੁਕਾਬਲੇ ਬਹੁਤੀ ਤਸੱਲੀਬਖਸ਼ ਨਹੀਂ। ਸ੍ਰੀਲੰਕਾ 76.6 ਸਾਲ, ਬੰਗਲਾ ਦੇਸ਼ 73.7 ਸਾਲ, ਭੂਟਾਨ 72.2 ਸਾਲ ਤੇ ਨੇਪਾਲ 70.5 ਸਾਲਾਂ ਦੀ ਜਿਊਣ ਸੰਭਾਵਨਾ ਨਾਲ ਭਾਰਤ ਤੋਂ ਬਿਹਤਰ ਹਨ। ਇੱਥੇ ਹੀ ਬਸ ਨਹੀਂ ਦੇਸ਼ ਵਿਚ ਮਰਦ ਔਰਤ ਨਾ-ਬਰਾਬਰੀ ਦੇ ਸੂਚਕ ਅੰਕ ਵੀ ਆਰਥਿਕ ਤੇ ਸਮਾਜਿਕ ਵਿਕਾਸ ਦੀ ਤੁਲਨਾਤਮਕ ਤਸਵੀਰ ਪੇਸ਼ ਕਰਦੇ ਹਨ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜਿਸ ਸਮਾਜ ਵਿਚ ਔਰਤ ਦਾ ਮਾਣ-ਸਨਮਾਨ ਕੀਤਾ ਜਾਂਦਾ ਹੈ, ਉਸ ਦੀ ਸਿਹਤ ਤੇ ਸਿੱਖਿਆ ਵੱਲ ਪੂਰੀ ਤਵੱਜੋਂ ਦਿੱਤੀ ਜਾਂਦੀ ਹੈ, ਜੇਕਰ ਉਹ ਆਰਥਿਕ ਤੌਰ 'ਤੇ ਮਜ਼ਬੂਤ ਹੈ ਅਤੇ ਰਾਜਨੀਤਕ ਅਤੇ ਜ਼ਿੰਦਗੀ ਦੇ ਹੋਰ ਫੈਸਲੇ ਲੈਣ ਦੇ ਸਮਰੱਥ ਹੈ ਤਾਂ ਉਸ ਸਮਾਜ ਅਤੇ ਆਰਥਿਕਤਾ ਨੂੰ ਸਰਬਪੱਖੀ ਵਿਕਾਸ ਕਰਨ ਵਿਚ ਕੋਈ ਵੀ ਅੜਚਣ ਰਸਤੇ ਵਿਚ ਨਹੀਂ ਆਉਂਦੀ। ਮਰਦ -ਔਰਤ ਨਾ ਬਰਾਬਰੀ ਦੇ ਸੂਚਕ ਅੰਕ 2022 ਅਨੁਸਾਰ ਭਾਰਤ ਦਾ 193 ਦੇਸ਼ਾਂ ਵਿਚੋਂ 108ਵਾਂ ਸਥਾਨ ਹੈ। ਭੂਟਾਨ 80ਵੇਂ ਸਥਾਨ 'ਤੇ ਅਤੇ ਸ੍ਰੀਲੰਕਾ 90ਵੇਂ ਸਥਾਨ 'ਤੇ ਹੈ। ਪਾਕਿਸਤਾਨ 135 ਅਤੇ ਅਫਗਾਨਿਸਤਾਨ 162ਵੇਂ ਸਥਾਨ 'ਤੇ ਹੋਣ ਨਾਲ ਮਰਦ-ਔਰਤ ਨਾ-ਬਰਾਬਰੀ ਵਿਚ ਗੁਆਂਢੀ ਦੇਸ਼ਾਂ ਵਿਚੋਂ ਸਭ ਤੋਂ ਹੇਠਾਂ ਹਨ। ਇਹ ਜੈਂਡਰ ਨਾ-ਬਰਾਬਰੀ ਜਨਮ ਸਮੇਂ ਮਾਂ ਦੀ ਹੋਣ ਵਾਲੀ ਮੌਤ ਤੋਂ ਵੀ ਸਪਸ਼ਟ ਹੁੰਦੀ ਹੈ। ਭਾਰਤ ਵਿਚ ਭਾਵੇਂ ਇਸ ਮੌਤ ਦਰ ਉੱਪਰ ਕਾਫੀ ਹੱਦ ਤੱਕ ਕਾਬੂ ਪਾ ਲਿਆ ਗਿਆ ਹੈ ਪਰ ਅਜੇ ਵੀ ਪ੍ਰਤੀ ਲੱਖ ਪਿੱਛੇ 103 ਮਾਵਾਂ ਦੀ ਪ੍ਰਸੂਤੀ ਮੌਤ ਹੋ ਜਾਂਦੀ ਹੈ। ਜਦੋਂ ਕਿ ਸ੍ਰੀਲੰਕਾ ਵਿਚ ਇਹ ਗਿਣਤੀ ਸਿਰਫ 29 ਪ੍ਰਤੀ ਲੱਖ ਹੈ ਅਤੇ ਭੂਟਾਨ ਵਿਚ 60 ਪ੍ਰਤੀ ਲੱਖ। ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚ (ਸਪਸ਼ਟ ਕਾਰਨਾਂ ਕਰਕੇ) ਇਹ ਮੌਤ ਦਰ 154 ਤੇ 620 ਪ੍ਰਤੀ ਲੱਖ ਹੈ। ਇਹੀ ਅੰਕੜੇ ਸਾਨੂੰ ਜੈਂਡਰ ਵਿਕਾਸ ਸੂਚਕ ਅੰਕ ਸਮਝਣ ਵਿਚ ਸਹਾਈ ਹੁੰਦੇ ਹਨ ਜਿੱਥੇ ਮਰਦ-ਔਰਤਾਂ ਨੂੰ ਪ੍ਰਾਪਤ ਮੁੱਢਲੀਆਂ ਤੇ ਸਹਾਇਕ ਸਹੂਲਤਾਂ ਦਾ ਵੱਖਰੇਵਾਂ ਪਤਾ ਲੱਗਦਾ ਹੈ। 2023 ਦੀ ਐਚ.ਡੀ.ਆਈ. ਦੀ ਰਿਪੋਰਟ ਵਿਚ ਭਾਰਤ ਦੀਆਂ ਔਰਤਾਂ ਦੇ ਕੁੱਲ ਨੰਬਰ 0.582 ਤੇ ਮਰਦਾਂ ਦੇ 0.684 ਹਨ। ਸਿੱਖਿਆ ਦੇ ਮਾਪਦੰਡ ਅਨੁਸਾਰ ਕੁੜੀਆਂ ਔਸਤਨ 5.5 ਸਾਲ ਤੇ ਮੁੰਡੇ 7.6 ਸਾਲ ਸਕੂਲ ਜਾਂਦੇ ਹਨ। 25 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਵਿਚੋਂ ਸਾਡੀਆਂ 41.0% ਕੁੜੀਆਂ ਤੇ 58.7% ਮੁੰਡਿਆਂ ਨੇ 10 ਤੋਂ 12 ਜਮਾਤਾਂ ਪਾਸ ਕੀਤੀਆਂ ਹਨ। ਸਿੱਖਿਆ ਦੇ ਇਸ ਪੱਧਰ ਨਾਲ ਸ੍ਰੀਲੰਕਾ 80.6% ਕੁੜੀਆਂ ਤੇ 83.3% ਮੁੰਡਿਆਂ ਨਾਲ ਸਭ ਤੋਂ ਅੱਗੇ ਹੈ। ਰਾਜਨੀਤਕ ਅਤੇ ਆਰਥਿਕ ਨਾ-ਬਰਾਬਰੀ ਵਿਚ ਵੀ ਭਾਰਤ ਦੀ ਸਥਿਤੀ ਸਾਰੇ ਗੁਆਂਢੀ ਦੇਸ਼ਾਂ ਨਾਲੋਂ ਮਾੜੀ ਹੈ। ਪਾਰਲੀਮੈਂਟ ਦੀਆਂ ਸੀਟਾਂ ਵਿਚ ਔਰਤਾਂ ਦਾ ਹਿੱਸਾ ਭਾਰਤ ਵਿਚ 14.6% ਹੈ ਜਦਕਿ ਬੰਗਲਾਦੇਸ਼ ਵਿਚ 20.9% ਨੇਪਾਲ ਵਿਚ 33.8% ਅਤੇ ਪਾਕਿਸਤਾਨ ਵਿਚ 20.1% ਹੈ। ਇੱਥੇ ਮਹਿਲਾ ਰਾਖਵਾਂਕਰਨ ਬਿੱਲ ਦਾ ਦੋਵਾਂ ਸਦਨਾਂ ਵਿਚੋਂ ਪਾਸ ਕਰਾਉਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਜਦੋਂ ਤੱਕ ਉਸ ਨੂੰ ਬਾਕੀ ਕਾਨੂੰਨਾਂ ਤੇ ਨੋਟਬੰਦੀ ਆਦਿ ਵਰਗੇ ਪ੍ਰੋਗਰਾਮਾਂ ਵਾਂਗ ਤੁਰੰਤ ਲਾਗੂ ਨਹੀਂ ਕੀਤਾ ਜਾਂਦਾ। ਜਦੋਂ ਤੱਕ ਸਰਕਾਰੀ ਨਿਵੇਸ਼ ਦੁਆਰਾ ਰੁਜ਼ਗਾਰ ਦੇ ਮੌਕੇ ਨਹੀਂ ਵਧਾਏ ਜਾਂਦੇ ਉਦੋਂ ਤੱਕ ਅਸੀਂ ਆਰਥਿਕ ਨਾ-ਬਰਾਬਰੀ ਉੱਪਰ ਕਾਬੂ ਨਹੀਂ ਪਾ ਸਕਦੇ। ਇਸ ਵੇਲੇ ਭਾਰਤ ਵਿਚ ਕੁੱਲ ਔਰਤਾਂ ਵਿਚੋਂ ਕੇਵਲ 28.3% ਹੀ ਰੁਜ਼ਗਾਰ ਵਿਚ ਹਨ ਜਦੋਂ ਕਿ ਮਰਦਾਂ ਦੀ ਗਿਣਤੀ 76.1% ਹੈ। ਇਸਦੇ ਮੁਕਾਬਲੇ ਸ੍ਰੀਲੰਕਾ ਵਿਚ ਲਗਭਗ 30%, ਬੰਗਲਾਦੇਸ਼ ਵਿਚ 39.2% ਅਤੇ ਭੂਟਾਨ ਵਿਚ ਸਭ ਤੋਂ ਜ਼ਿਆਦਾ 53.5% ਔਰਤਾਂ ਰੁਜ਼ਗਾਰ ਵਿਚ ਹਨ। ਰੁਜ਼ਗਾਰ ਦਾ ਆਮਦਨ ਅਤੇ ਆਰਥਿਕ ਆਜ਼ਾਦੀ ਉੱਪਰ ਸਿੱਧਾ ਪ੍ਰਭਾਵ ਪੈਂਦਾ ਹੈ।

ਇਵੇਂ ਹੀ ਭਾਰਤ ਵਿਚ ਮੌਜੂਦ ਭੁੱਖਮਰੀ ਤੇ ਕੁਪੋਸ਼ਣ ਦੀ ਸਥਿਤੀ ਬਹੁਤ ਹੀ ਪੇਚੀਦਾ ਪਰ ਚਿੰਤਾਜਨਕ ਹੈ। ਇਕ ਪਾਸੇ ਬਰੂਕਿੰਗਜ਼ ਇੰਸਟੀਚਿਊਟ ਵਲੋਂ ਮਾਰਚ, 2024 ਨੂੰ ਅਰਥ-ਸ਼ਾਸਤਰੀ ਸੁਰਜੀਤ ਭੱਲਾ ਅਤੇ ਕਰਨ ਭਸੀਨ ਵਲੋਂ ਤਿਆਰ ਕੀਤੀ ਰਿਪੋਰਟ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤ ਵਿਚੋਂ ਅਤਿ ਦਰਜੇ ਦੀ ਗਰੀਬੀ ਖਤਮ ਹੋ ਗਈ ਹੈ। ਦੂਜੇ ਪਾਸੇ ਅਸੀਂ 80 ਕਰੋੜ ਤੋਂ ਵੱਧ ਲੋਕਾਂ ਨੂੰ ਮੁਫਤ ਅਨਾਜ ਮੁਹੱਈਆ ਕਰ ਰਹੇ ਹਾਂ ਅਤੇ ਅਗਲੇ 5 ਸਾਲਾਂ ਲਈ ਇਹ ਯਕੀਨੀ ਕਰਨ ਦਾ ਵਾਅਦਾ ਵੀ ਕਰ ਰਹੇ ਹਾਂ। ਪੰਜਾਬ ਵਿਚ ਤਾਂ ਪ੍ਰਤੀ ਜੀਅ 5 ਕਿਲੋਗ੍ਰਾਮ ਆਟਾ ਅਤੇ 2 ਕਿਲੋਗ੍ਰਾਮ ਦਾਲ ਘਰੋ ਘਰੀਂ ਪਹੁੰਚਾਉਣ ਦੀ ਵਿਵਸਥਾ ਵੀ ਹੈ। ਗਲੋਬਲ ਹੰਗਰ ਇੰਡੈਕਸ 2022 ਅਨੁਸਾਰ ਭਾਰਤ ਦਾ 121 ਦੇਸ਼ਾਂ ਵਿਚੋਂ 107ਵਾਂ ਸਥਾਨ ਹੈ। ਜਦੋਂ ਕਿ ਪਾਕਿਸਤਾਨ 99, ਬੰਗਲਾਦੇਸ਼ 84, ਨੇਪਾਲ 81 ਅਤੇ ਸ੍ਰੀਲੰਕਾ 64ਵੇਂ ਸਥਾਨ 'ਤੇ ਹਨ। ਦੂਜੇ ਲਫਜ਼ਾਂ ਵਿਚ ਵਿਸ਼ਵ ਪੱਧਰ 'ਤੇ ਕੁੱਲ 83 ਕਰੋੜ ਵਿਅਕਤੀਆਂ ਵਿਚੋਂ 22 ਕਰੋੜ ਕੇਵਲ ਭਾਰਤ ਵਿਚ ਹਨ ਜਿਹੜੇ ਭੁੱਖਮਰੀ ਤੇ ਕੁਪੋਸ਼ਣ ਦੇ ਸ਼ਿਕਾਰ ਹਨ। ਉਨ੍ਹਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਭਾਰਤ ਦੇ ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ 52% ਔਰਤਾਂ ਤੇ 47% ਮਰਦ ਖੂਨ ਦੀ ਕਮੀ ਤੋਂ ਪੀੜਤ ਹਨ। ਜਿਉਂਦੇ ਪੈਦਾ ਹੋਣ ਵਾਲੇ 33% ਬੱਚਿਆਂ ਦਾ ਉਮਰ ਅਨੁਸਾਰ ਕੱਦ ਛੋਟਾ ਹੈ ਤੇ 18% ਦਾ ਭਾਰ ਉਨ੍ਹਾਂ ਦੇ ਕੱਦ ਅਨੁਸਾਰ ਘੱਟ ਹੈ। ਇੱਥੇ ਹੀ ਬਸ ਨਹੀਂ। ਵਿਸ਼ਵ ਦੇ 100 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 86 ਭਾਰਤ ਵਿਚ ਹਨ। ਦਿੱਲੀ ਨੂੰ ਸਭ ਤੋਂ ਵਧੇਰੇ ਪ੍ਰਦੂਸ਼ਿਤ ਰਾਜਧਾਨੀ ਦਾ ਦਰਜਾ ਦਿੱਤਾ ਗਿਆ ਹੈ।

ਅੰਕੜਿਆਂ ਦੀ ਜ਼ੁਬਾਨੀ ਭਾਰਤ ਦੀ ਆਰਥਿਕ-ਸਮਾਜਿਕ ਸਥਿਤੀ ਜੱਗ ਜ਼ਾਹਿਰ ਹੈ। ਇਸਨੂੰ ਭਾਵੇਂ ਤੋੜ-ਮਰੋੜ ਕੇ ਆਪਣੇ ਹੱਕ ਵਿਚ ਪੇਸ਼ ਤਾਂ ਕਰ ਸਕਦੇ ਹਾਂ ਪਰ ਝੁਠਲਾ ਨਹੀਂ ਸਕਦੇ। ਰਾਜਨੀਤਕ ਮਾਹੌਲ ਦੇ ਇਸ ਨਾਜ਼ੁਕ ਦੌਰ ਦੌਰਾਨ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਮੀਡੀਆ ਕੰਟਰੋਲ ਕਰਕੇ ਜਾਂ ਆਪਣੇ ਮਨ ਦੀਆਂ ਬਾਤਾਂ ਦੁਆਰਾ ਲੋਕਾਂ ਨੂੰ ਭੁਲੇਖਿਆਂ ਵਿਚ ਰੱਖਣ ਦੀ ਥਾਂ ਕੁਝ ਠੋਸ ਤੇ ਸਾਰਥਕ ਪ੍ਰੋਗਰਾਮ ਉਲੀਕਣ। ਸਿੱਖਿਆ, ਸਿਹਤ ਅਤੇ ਖਾਧ ਪਦਾਰਥਾਂ ਵਿਚ ਸਰਕਾਰੀ ਨਿਵੇਸ਼ ਕੀਤਾ ਜਾਵੇ, ਟਿਕਾਊ ਅਤੇ ਨਿਰੰਤਰ ਵਿਕਾਸ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ, ਪਹਿਲਾਂ ਤੋਂ ਚੱਲ ਰਹੇ ਸਟਾਰਟਅਪ ਪ੍ਰੋਗਰਾਮ ਸਹੀ ਅਰਥਾਂ ਵਿਚ ਲਾਗੂ ਕੀਤੇ ਜਾਣ। ਇਸ ਲਈ ਕਾਰਪੋਰੇਟ ਘਰਾਣਿਆਂ ਨੂੰ ਟੈਕਸ ਰਿਆਇਤਾਂ ਦੇਣ ਦੀ ਥਾਂ ਆਮਦਨ ਟੈਕਸ ਨੀਤੀ ਨੂੰ ਆਮਦਨ ਸਲੈਬ ਅਨੁਸਾਰ ਸੋਧਿਆ ਜਾਵੇ। ਨਾਲ ਹੀ ਸ਼ਹਿਰੀ ਜਾਇਦਾਦ ਟੈਕਸ ਅਤੇ ਵਿਰਾਸਤ ਟੈਕਸ, ਵਿਦੇਸ਼ੀ ਅਰਥਚਾਰਿਆਂ ਵਾਂਗ, ਲਗਾਇਆ ਜਾਵੇ। ਇਸ ਮੰਤਵ ਨੂੰ ਪੂਰਾ ਕਰਨ ਲਈ ਬਜ਼ਾਰ ਵਿਚ ਹੋ ਰਹੇ ਹਰ ਪ੍ਰਕਾਰ ਦੇ ਲੈਣ-ਦੇਣ ਨੂੰ ਡਿਜੀਟਾਈਜ਼ੇਸ਼ਨ ਨਾਲ ਪਾਰਦਰਸ਼ੀ ਕਰਨਾ ਲਾਜ਼ਮੀ ਕੀਤਾ ਜਾਵੇ। ਰਾਜਨੀਤਕ ਮਾਮਲਿਆਂ ਵਿਚ ਚੱਲ ਰਹੇ ਘਪਲਿਆਂ ਨੂੰ ਠੱਲ੍ਹ ਪਾਉਣ ਲਈ ਬਾਂਡ ਜਾਰੀ ਕਰਨ ਸਮੇਂ ਕੀਤੀਆਂ ਗਲਤੀਆਂ ਨੂੰ ਮੁੜ ਦੁਹਰਾਇਆ ਨਾ ਜਾਵੇ। ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਨਿੱਜੀ, ਕਾਰਪੋਰੇਟ ਘਰਾਣਿਆਂ ਕੋਲ ਵੇਚਣ ਦੀ ਥਾਂ ਉਨ੍ਹਾਂ ਦੀ ਕਾਰਗੁਜ਼ਾਰੀ ਵਿਚ ਸੁਧਾਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਚੰਗਾ ਹੋਵੇਗਾ ਕਿ ਵਿਸ਼ਵ ਵਿਆਪਕ ਰਿਪੋਰਟਾਂ ਦੇ ਅੰਕੜਿਆਂ ਦੀ ਹਕੀਕਤ ਨੂੰ ਸਵੀਕਾਰ ਕੀਤਾ ਜਾਵੇ। ਕਾਰਪੋਰੇਟ ਘਰਾਣਿਆਂ ਦੇ ਨੁਮਾਇੰਦਿਆਂ ਦੀ ਬਜਾਏ ਸੰਬੰਧਿਤ ਵਿਸ਼ਾ ਮਾਹਿਰਾਂ ਦੇ ਸਹਿਯੋਗ ਨਾਲ ਦੀਰਘ ਕਾਲੀਨ ਨੀਤੀਆਂ ਤਿਆਰ ਕੀਤੀਆਂ ਜਾਣ।

*-ਸਾਬਕਾ ਪ੍ਰੋਫੈਸਰ ਇਕਨਾਮਿਕਸ ਪੰਜਾਬੀ ਯੂਨੀਵਰਸਿਟੀ ਪਟਿਆਲਾ*

# ਲੇਖੈ ਬੋਲਣੁ ਬੋਲਣਾ

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥
ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥1॥
ਬਾਬਾ ਮਾਇਆ ਰਚਨਾ ਧੋਹੁ॥ ( ਪੰਨਾ 15, ਮ: 1)

ਅੰਤਰਾ ਟੁਰਿਆ ਹੈ ਲੇਖੇ ਤੋਂ। ਪਹਿਲੋਂ ਲੇਖੇ ਦਾ ਲੇਖਾ ਕਰ ਲਈਏ ਫੇਰ ਅੱਗੇ ਵੇਖਣੇ ਹਾਂ। ਲੇਖਾ ਬਣਿਆ ਏ ਲੇਖ ਤੋਂ। ਲੇਖ ਹੈ ਲਿਖਤ, ਤਖਲੀਕ, ਭਾਗ, ਨਸੀਬ। ਲੇਖਾ ਹੈ, ਹਿਸਾਬ, ਲੈਣ-ਦੇਣ, ਬਹੀ ਖਾਤਾ, ਹਾਲਤ, ਦਰਜਾ, ਤਕਦੀਰ, ਆਦਤ, ਸੁਭਾਅ,



ਡਾ. ਆਸਮਾ ਕਾਦਰੀ

ਮਾਮਲਾ, ਵਰਤਾਰਾ, ਤਰੀਕਾ, ਦਸਤੂਰ। ਲੇਖੇ ਦਾ ਲੇਖਾ ਵੇਖੋ ਲਿਖਤ ਤੇ ਭਾਗ ਤੋਂ ਟੁਰਦਾ ਹਿਸਾਬ-ਕਿਤਾਬ ਬਣ ਗਿਆ ਏ। ਦਰਜਾ ਤੇ ਸੁਭਾਅ ਤੋਂ ਹੁੰਦਾ ਦਸਤੂਰ ਤੇ ਤਰੀਕੇ ਤੀਕ ਪੁੱਜ ਗਿਆ ਏ। ਕਿਵੇਂ ਅੱਖਰਾਂ ਦੇ ਅਰਥ ਆਪਣੀ ਵਰਤੋਂ ਪਾਰੋਂ ਵੇਲੇ ਦੇ ਬੰਦਾ ਵੀ ਲਿਖਤ ਈ ਹੋਇਆ ਕੁਦਰਤ ਦੀ। ਜਿਵੇਂ ਬੰਦਾ ਰੱਬ ਦੀ ਲਿਖਤ ਏ ਤਿਵੇਂ ਬੰਦੇ ਦੀ ਕਰਨੀ ਬੰਦੇ ਦੀ ਲਿਖਤ ਹੋਈ। ਬੰਦੇ ਦੀ ਕਰਨੀ ਕੁਦਰਤ ਦੀ ਕਰਨੀ ਨਾਲ ਜੁੜ ਕੇ ਬੰਦੇ ਦੇ ਲੇਖ ਬਣਦੀ ਹੈ। ਫਰੀਦ ਦਾ ਦੋਹੜਾ ਵੇਖੋ ਜੋ ਨਾਨਕ ਦੇ ਏਸ ਲੇਖੇ ਪਿੱਛੇ ਖੁੱਲ੍ਹਾ ਹੈ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥6॥(ਪੰਨਾ 1378, ਸੇਖ ਫਰੀਦ ਜੀ)

ਜੇ ਤੈਨੂੰ ਅਕਲ, ਸਮਝ, ਸੂਝ ਹੈ ਤਾਂ ਕਾਲੇ ਲੇਖ ਨਾ ਲਿਖ। ਕੀ ਹਨ ਕਾਲੇ ਲੇਖ? ਸ਼ਾਹੀ ਫੁਰਮਾਨ ਨਿਮਾਣਿਆਂ ਦੀ ਕਰਨੀ ਖੁਸਣ ਦੇ ਨਿੱਤ ਨਵੇਂ ਢੋਅ। ਮਾੜੇ ਨੂੰ ਦਬੱਲਣ ਤੇ ਵਗਾਰੀ ਜੋ ਪੁੰਨ ਦੇ ਹੁਕਮ ਅਹਿਕਾਮ, ਨਿਤਾਣਿਆਂ ਨੂੰ ਡਰਾਵਣ ਕਾਰਨ ਫੌਜਾਂ ਦੇ ਧਾਵੀਆਂ ਦੇ ਫੁਰਮਾਨ। ਕੀ ਇਹ ਸਭ ਕਾਲੇ ਲੇਖ ਈ ਨਹੀਂ? ਹਾਕਮ ਤਾਂ ਇਕੋ ਕੁਦਰਤ ਆਪ ਏ। ਫੇਰ ਜੀਅ ਉੱਪਰ ਜੀਅ ਦੀ ਹਾਕਮੀ ਕਿਉਂ? ਵਾਧੂ ਹਾਕਮੀ ਤੇ ਵਾਧੂ ਮੱਲ ਦੇ ਹਲਕਾ ਨੇ ਬੰਦਿਓਂ ਕੁਬੰਦਾ ਕੀਤਾ ਜੀਅ ਨੂੰ। ਏਹਾ ਫਰੀਦ ਚੇਤੇ ਕਰਵਾਇਆ ਜੋ ਆਪਣੇ ਅੰਦਰ ਝਾਤੀ ਮਾਰ ਤੇਰੇ ਤੋਂ ਵੱਖ ਕੁੱਝ ਵੀ ਨਹੀਂ ਏ। ਸਿਰ ਨਿਵਾ ਤੇ ਤੂੰ ਮਿੱਟੀ ਵੇਖ ਸੈਂ। ਮਿੱਟੀ ਦੀ ਸਿਆਣ ਈ ਤੈਨੂੰ, ਆਪਣੀ ਤੇ ਆਪਣੇ ਚਲਾਏ ਵਰਤਾਏ ਹੁਕਮਾਂ ਦੀ ਸਿਆਣ ਕਰਵਾਸੀ। ਕਰਨਹਾਰ ਦੀ ਕਰਨੀ, ਕਰਨਹਾਰ ਤੋਂ ਖੁੱਸੀ ਗਈ ਤਾਂ ਕਰਨਹਾਰ ਦੇ ਲੇਖ ਮੱਲ ਵਿਹਾਰ ਦੇ ਲੇਖੇ ਲੱਗੇ। ਨਿਮਾਣਿਆਂ ਦੇ ਭਾਗ ਬੱਲਵਾਨਾਂ ਤੇ ਮੱਲਵਾਨਾਂ ਦੇ ਹੱਥ ਲਿਖਣ ਲੱਗੇ। ਮੱਲ ਬਣੀ ਤਾਂ ਵਹੀ ਖਾਤੇ ਖੁੱਲ ਗਏ। ਈਹਾ ਲੇਖੇ ਤੇ ਵਹੀ ਖਾਤੇ ਈ ਦਸਤੂਰ ਬਣ ਗਏ। ਵਾਧੂ ਜੁੜੇ ਦਾ ਹਿਸਾਬ ਵੀ ਖਾਤਿਆਂ ਵਿਚ ਈ ਜੋੜਿਆ ਜਾਂਦਾ ਏ। ਇਥੇ ਸ਼ਬਦ ਲੇਖਾ ਕਰਦਾ ਹੈ ਬੋਲਣ, ਖਾਵਣ, ਟੁਰਨ, ਸੁਣਨ, ਵੇਖਣ ਤੇ ਸਾਹ ਲੈਣ ਦਾ। ਬੋਲਣ ਗਿਣਿਆ ਮਿਥਿਆ ਵੇਲੇ ਸਿਰ, ਹਿਸਾਬ ਸਿਰ ਕਿਸ ਦਾ ਹੈ? ਉਨ੍ਹਾਂ ਦਾ ਜਿਨ੍ਹਾਂ ਨੇ ਆਪਣੇ ਬੋਲੇ ਬੋਲਾਂ ਦਾ ਮੁੱਲ ਲੈਣਾ ਹੈ ਧਨ ਮਾਲ ਨਾਲ। ਬੋਲ ਤਾਂ ਜੀਵਨ ਸਾਂਝ ਹਨ। ਇਹੀ ਬੋਲ ਜਦੋਂ ਮੰਡੀ ਵਿਚ ਵਿਕਣ ਲੱਗਣ ਤਾਂ ਮਾਇਆ ਲੇਖੇ ਲਗਦੇ ਨੇਂ। ਇਨ੍ਹਾਂ ਬੋਲਾਂ ਕੀ ਰਾਹ ਵਿਖਾਣਾ ਹੈ ਕਿਸੇ ਨੂੰ ਕਿਉਂਕਿ ਇਹ ਬੋਲ ਬੋਲਣਹਾਰ ਤਾਂ ਆਪ ਈ ਕੁਰਾਹੇ ਪਏ ਨੇਂ। ਕੁਦਰਤ ਦੀ ਦਿੱਤੀ ਬੋਲਣ ਸ਼ਕਤੀ ਜੀਵਨ ਸਾਂਝ ਬਣਾਉਣ ਕੀਤੇ ਹੈ। ਮਾਇਆ ਲੇਖੇ ਲੱਗੀ ਬੋਲੀ ਅਸਾਂਝ ਦਾ ਬੀ ਬੀਜਦੀ ਏ। ਜੀਅ ਨੂੰ ਜੀਅ ਕੋਲੋਂ ਵਿਜੋਗਦੀ ਏ। ਬੋਲੀ ਦੀ ਸਾਂਝ ਦੁੱਖ ਸੁੱਖ ਦੀ ਸਾਂਝ ਹੁੰਦੀ ਏ। ਬੋਲੀ ਦੀ ਅਸਾਂਝ ਈ ਜੀਵਨ ਵਿਰਾਨ ਕਰੇਂਦੀ ਏ।

ਖਾਵਣ ਮੁੱਢਲੀ ਲੋੜ ਹੋਈ ਜੀਵ ਜੰਤਰ ਦੀ। ਖਾਵਣ ਬਾਝ ਜੀਵਨ ਹੈ ਈ ਨਹੀਂ। ਖਾਵਣ ਦਾ ਲੇਖਾ ਕਰਦਾ ਏ ਸ਼ਬਦ। ਪੁੱਛ ਤਾਂ ਇਹ ਹੈ ਸ਼ਬਦ ਦੀ ਜੋ ਖਾਵਣ ਲੋੜ ਦਾ ਹੈ ਯਾਂ ਲੋੜੋਂ ਵੱਧ। ਖਾਵਣ ਲੇਖੇ ਲਿਖਣ ਵਾਲਿਆਂ ਦਾ ਹੋਰ ਤੇ ਲੇਖ ਲਖਾਉਣ ਵਾਲਿਆਂ ਦਾ ਹੋਰ ਹੋਇਆ। ਕਰਨਹਾਰ ਤਾਂ ਕਸ਼ਟ ਕੱਟ ਕੇ ਖਾਂਦਾ ਹੈ ਤੇ ਮਾਲਿਕ ਹਾਕਮ ਅਪਣਾ ਵਹੀ ਖਾਤਾ ਭਰ ਕੇ ਖਾਂਦਾ ਏ। ਜੀਅ ਦਾ ਢਿੱਡ ਤਾਂ ਲੋੜੀਂਦਾ ਖਾ ਕੇ ਭਰੀਜ ਜਾਂਦਾ ਹੈ ਪਰ ਵਹੀ ਖਾਤੇ ਦਾ ਢਿੱਡ ਕਦਾਈਂ ਨਹੀਂ ਭਰੀਂਦਾ। ਵਾਟ ਦਾ ਲੇਖਾ ਏ ਸ਼ਬਦ ਵਿਚ। ਵਾਟ ਰਾਹ ਹੈ, ਰਸਤਾ। ਮੱਲ ਵਿਹਾਰ ਦੀ ਮੰਜ਼ਿਲ ਇਕੋ ਹੈ ਲਾਹਾ, ਰਾਹ ਜੋ ਵੀ ਹੋਵੇ ਪੁਜਾਵੇ ਉਥਾਈਂ ਜਿੱਥੇ ਮੱਲ ਵਿਚ ਵਾਧਾ ਹੋਵੇ। ਮੱਲ ਮਾਰੀ ਦੀ ਵਾਟ ਵੱਖਰੀ ਏ। ਜੀਅ ਨੂੰ ਜੀਅ ਕੋਲੋਂ ਤਰੋੜ ਕੇ ਲਾਹਾ ਜੁੜਦਾ ਏ। ਮਨੁੱਖ ਦੀ ਹੋਂਦ ਅੰਦਰ ਬੇਹਿਸੀ ਜੰਮੇ ਤਾਂ ਈ ਉਹ ਆਪਣੇ ਵਰਗੇ ਜੀਆਂ ਕੰਨੋਂਵੱਖ ਰਹਿ ਸਕਦਾ ਹੈ। ਲਾਹਾ ਜੋੜਨ ਕੀਤੇ ਮਾਰਨ ਦਬੱਲਣ ਖੁੱਸਣ ਲਾਜ਼ਿਮ ਹੋਇਆ। ਇਹ ਸਾਰੇ ਕੰਮ ਅਹਿਸਾਸੋਂ ਵਾਂਝਾ ਜੀਅ ਹੀ ਕਰ ਸਕਦਾ ਹੈ। ਵਾਟ ਰਾਹ ਹੈ ਤੇ ਪੰਧ ਵੀ। ਜੀਵਨ ਪਾਂਧੀ ਮੱਲ ਜੋੜਨ ਦੇ ਪੰਧ ਪਿਆ ਹੈ। ਜਿਤਨਾ ਲਾਹਾ ਜੁੜਦਾ ਹੈ ਉਤਨੀ ਟੋਰ ਤਰਿਖੀ ਹੁੰਦੀ ਹੈ ਲੋਭ ਵਾਟ ਉਪਰ। ਜਦੋਂ ਬੋਲਣ, ਖਾਵਣ ਤੇ ਚੱਲਣ ਮਾਇਆ ਲੇਖੇ ਲੱਗ ਗਿਆ ਤਾਂ ਸੁਣਨ ਵੇਖਣ ਵੀ ਇਸੇ ਲੇਖੇ ਸਿਰ ਈ ਹੋਸੀ। ਮੋਹ ਭਰੀਆਂ ਅੱਖੀਆਂ ਨੂੰ ਮਾਇਆ ਤੋਂ ਵੱਖ ਦਿੱਸਦਾ ਈ ਨਹੀਂ ਕੁੱਝ। ਨਾ ਈ ਕੰਨ ਸੁਣ ਸਕਦੇ ਨੇਂ ਕੂਕ ਫਰਿਆਦ ਨਿਮਾਣਿਆਂ ਮਸਕੀਨਾਂ ਦੀ, ਜਿਨ੍ਹਾਂ ਦੀ ਕਰਨੀ ਖੁਸ ਕੇ ਲਾਹਾ ਪਿਆ ਜੁੜਦਾ ਹੈ। ਅੱਖੀਂ ਕਾਮਿਆਂ ਕਸਬਿਆਂ ਦੇ ਦੁੱਖ ਦਰਦ ਦੀ ਹਾਥ ਨਹੀਂ ਲੈਂਦੀਆਂ। ਜਦੋਂ ਹਿੱਕ ਹਿੱਕ ਸਾਹ ਲੇਖੇ ਲੱਗ ਵੰਜੇ ਮੱਲ ਵਾਣੀ ਦੇ ਤਾਂ ਆਪਣੀ ਹੋਂਦ ਮੁੱਕ ਵੇਂਹਦੀ ਏ। ਇਲਮ ਸਿਆਣੇ ਪੜ੍ਹ ਪੁਖਤੇ ਏਸ ਲੇਖੇ ਨੂੰ ਪਰਣਾਂਵਦੇ ਨੇਂ। ਇਲਮ ਵੀ ਹਾਕਮ ਮਾਲਿਕ ਦੀ ਮੱਲ ਜੋ ਹੋਇਆ। ਏਸ ਹਨੇਰ ਵਿਚ ਨਾਨਕ ਨੇ ਸ਼ਬਦ ਦਾ ਦੀਵਾ ਬਾਲ ਅਗੇਰੇ ਕੀਤਾ ਏ, ਸੰਗਤ 'ਚ ਜੁੜਿਆਂ ਨੂੰ ਸਾਵਧਾਨ ਕਰਨ ਕੀਤੇ।

ਨਾਨਕ ਨਿਸ਼ਾਨ ਹੈ ਇਨਕਾਰ ਦਾ। ਮਾਇਆ ਦੇ ਲੇਖੇ ਲੱਗੀ ਕੁਦਰਤ ਸਕਤ ਨੂੰ ਵਿਹਾਰ ਬੱਝੇ ਲੇਖਿਓਂ ਬਾਹਰ ਕਰੇਂਦਾ ਹੈ ਬਾਬੇ ਦਾ ਇਹ ਸ਼ਬਦ ਆਜ਼ਾਦ ਕਰਾਉਂਦਾ ਏ ਸੁਰਤ ਸਾਰ ਨੂੰ। ਮਾਇਆ ਵਿਹਾਰ ਅੰਨਾ, ਗੂੰਗਾ, ਬੋਲਾ ਹੈ ਨਾਮ ਵਿਸਾਰ ਕੇ। ਨਾਮ ਨੂੰ ਚੇਤੇ ਰੱਖਦਾ ਤਾਂ ਏਸ ਦਾ ਬੋਲਣ, ਸੁਣਨ, ਕਰਨ, ਖਾਵਣ, ਚੱਲਣ ਤੇ ਚਲਾਉਣ, ਹਿੱਕ ਹੁੰਦਾ। ਮਾਇਆ ਦੀ ਸਾਰੀ ਰਚਨਾ ਠੱਗੀ ਹੈ, ਠੱਗੀ ਤੇ ਧਰੋਹ ਦੇ ਨਾਲ ਜੁੜਿਆ ਹੈ ਇਹ ਸਭ ਰੰਗ (ਡਰਾਮਾ)।

*-ਪੰਜਾਬ ਯੂਨੀਵਰਸਿਟੀ ਲਾਹੌਰ ਪਾਕਿਸਤਾਨ*



# ਜੂਲੀਆ ਦਾ ਜਲਵਾ

ਸੰਸਾਰ ਪ੍ਰਸਿੱਧ ਅਦਾਕਾਰਾ ਜੂਲੀਆ ਰੌਬਰਟਸ ਉਘੇ ਫਿਲਮਸਾਜ਼ ਲੂਕਾ ਗੁਆਦਾਗਨੀਨੋ ਦੀ ਅਗਲੀ ਫਿਲਮ 'ਆਫਟਰ ਦਿ ਹੰਟ' ਵਿਚ ਲੀਡ ਰੋਲ ਨਿਭਾਅ ਰਹੀ ਹੈ। ਇਸ ਫਿਲਮ ਵਿਚ ਜੂਲੀਆ ਪ੍ਰੋਫੈਸਰ ਦਾ ਕਿਰਦਾਰ ਨਿਭਾਏਗੀ। ਫਿਲਮ ਵਿਚ ਇਹ ਪ੍ਰੋਫੈਸਰ ਖੁਦ ਨੂੰ ਚੁਰਾਹੇ 'ਤੇ ਖੜ੍ਹੀ ਮਹਿਸੂਸ ਕਰਦੀ ਹੈ ਜਦੋਂ ਇਕ ਹੋਣਹਾਰ ਵਿਦਿਆਰਥੀ ਉਸ ਦੀ ਸਾਥੀ ਪ੍ਰੋਫੈਸਰ ਉਤੇ ਇਲਜ਼ਾਮ ਲਾਉਂਦਾ ਹੈ। ਉਹ ਜਦੋਂ ਇਸ ਸਮੱਸਿਆ ਦੇ ਹੱਲ ਲਈ ਅਹੁਲਦੀ ਹੈ ਤਾਂ ਉਸ ਦੀ ਆਪਣੀ ਜ਼ਿੰਦਗੀ ਦਾ ਇਕ ਖਾਸ ਰਾਜ਼ ਉਜਾਗਰ ਹੋਣ ਲਗਦਾ ਹੈ। ਜੂਲੀਆ ਰੌਬਰਟਸ ਅਮਰੀਕੀ ਅਦਾਕਾਰਾ ਹੈ ਅਤੇ ਉਸ ਦੀ ਗਿਣਤੀ ਸੰਸਾਰ ਦੀਆਂ ਮਹਿੰਗੀਆਂ ਅਦਾਕਾਰਾਵਾਂ ਵਿਚ ਹੁੰਦੀ ਹੈ। ਉਸ ਦੀ ਤਕਰੀਬਨ ਹਰ ਫਿਲਮ ਕਮਾਈ ਪੱਖੋਂ ਸਫਲ ਹੁੰਦੀ ਹੈ ਅਤੇ ਉਸ ਦੀ ਅਦਾਕਾਰੀ ਦਾ ਤਾਂ ਕਿਤਾ ਹੀ ਕਹਿਣੇ! ਉਸ ਨੂੰ ਆਸਕਰ ਇਨਾਮ ਮਿਲ ਚੁੱਕਾ ਹੈ। ਇਹ ਇਨਾਮ ਉਸ ਨੂੰ 2000 ਵਿਚ ਆਈ ਫਿਲਮ 'ਐਰਿਨ ਬਰੋਕੋਵਿਚ' ਲਈ ਮਿਲਿਆ ਸੀ। *-ਜਗਜੀਤ ਸੇਖੋਂ*


# ਅਦਾਕਾਰਾ ਰਵੀਨਾ ਟੰਡਨ ਦਾ ਨਵਾਂ ਟਸ਼ਨ

**ਆਮਨਾ ਕੌਰ**

ਅਦਾਕਾਰਾ ਰਵੀਨਾ ਟੰਡਨ ਨੇ ਦੱਸਿਆ ਕਿ ਉਹ ਆਪਣੇ ਬੱਚਿਆਂ ਦੀ ਸਭ ਤੋਂ ਵਧੀਆ ਦੋਸਤ ਹੈ ਅਤੇ ਇਸ ਨਾਲ ਉਸ ਨੂੰ ਫਿਲਮ 'ਪਟਨਾ ਸ਼ੁਕਲਾ' ਵਿਚ ਮਾਂ ਦਾ ਕਿਰਦਾਰ ਨਿਭਾਉਣ ਵਿਚ ਮਦਦ ਮਿਲੀ ਹੈ। ਫਿਲਮ ਵਿਚ ਤਨਵੀ ਸ਼ੁਕਲਾ ਦਾ ਕਿਰਦਾਰ ਨਿਭਾਉਣ ਵਾਲੀ ਰਵੀਨਾ ਟੰਡਨ ਨੇ ਕਿਹਾ ਕਿ ਫਿਲਮ ਵਿਚ ਉਸ ਦਾ ਪੁੱਤਰ ਆਪਣਾ ਰੋਟੀ ਵਾਲਾ ਡੱਬਾ ਭੁੱਲ ਜਾਂਦਾ ਹੈ। ਉਹ ਡੱਬੇ ਨੂੰ ਆਪਣੇ ਪੁੱਤਰ ਤੱਕ ਪਹੁੰਚਾਉਣ ਲਈ ਸਕੂਲ ਬੱਸ ਦਾ ਪਿੱਛਾ ਕਰਦੀ ਹੈ। ਫਿਲਮ 'ਪਟਨਾ ਸ਼ੁਕਲਾ' ਨਿਡਰ ਵਕੀਲ 'ਤੇ ਆਧਾਰਿਤ ਹੈ ਜੋ ਇੱਕ ਵਿਦਿਆਰਥੀ ਨੂੰ ਸਿੱਖਿਆ ਘੁਟਾਲੇ ਵਿਚ ਫਸਦਿਆਂ ਦੇਖ ਕੇ ਕੇਸ ਆਪਣੇ ਹੱਥਾਂ ਵਿਚ ਲੈ ਲੈਂਦੀ ਹੈ। ਜਲਦੀ ਹੀ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਮੁੱਖ ਮੰਤਰੀ ਦੇ ਉਮੀਦਵਾਰ ਵਿਰੁੱਧ ਖੜ੍ਹੀ ਹੈ।

ਰਵੀਨਾ ਟੰਡਨ ਉਘੇ ਫਿਲਮਸਾਜ਼ ਰਵੀ ਟੰਡਨ ਦੀ ਧੀ ਹੈ। 26 ਅਕਤੂਬਰ 1972 ਨੂੰ ਜਨਮੀ ਰਵੀਨਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1991 ਵਿਚ ਫਿਲਮ 'ਪੱਥਰ ਕੇ ਫੂਲ' ਨਾਲ ਕੀਤੀ ਸੀ। ਇਸ ਫਿਲਮ ਵਿਚ ਹੀਰੋ ਸਲਮਾਨ ਖਾਨ ਸੀ ਅਤੇ ਇਹ ਫਿਲਮ ਫਿਲਮਸਾਜ਼ ਅਨੰਤ ਬਲਾਨੀ ਨੇ ਨਿਰਦੇਸ਼ਤ ਕੀਤੀ ਸੀ। ਫਿਲਮ ਦੀ ਕਹਾਣੀ ਸਲੀਮ ਖਾਨ ਨੇ ਲਿਖੀ ਸੀ। ਬਾਕਸ ਆਫਿਸ 'ਤੇ ਇਹ ਫਿਲਮ ਸਫਲ ਰਹੀ ਸੀ ਅਤੇ ਇਸ ਨੇ ਖੂਬ ਕਮਾਈ ਕੀਤੀ ਸੀ। ਇਸ ਫਿਲਮ ਲਈ ਰਵੀਨਾ ਟੰਡਨ ਨੂੰ ਸਰਵੋਤਮ ਨਵੀਂ ਅਦਾਕਾਰਾ ਦਾ ਫਿਲਮਫੇਅਰ ਇਨਾਮ ਵੀ ਮਿਲਿਆ ਸੀ। ਇਸ ਤੋਂ ਬਾਅਦ 'ਦਿਲਵਾਲੇ' (1994), 'ਮੋਹਰਾ' (1994), 'ਖਿਲਾੜੀਓਂ ਕੇ ਖਿਲਾੜੀ' (1996) ਅਤੇ 'ਜ਼ਿੱਦੀ' (1997) ਵਰਗੀਆਂ ਫਿਲਮਾਂ ਨਾਲ ਉਹ ਫਿਲਮ ਸਨਅਤ ਦੀਆਂ ਸਫਲ ਅਦਾਕਾਰਾਵਾਂ ਦੀ ਸੂਚੀ ਵਿਚ ਆ ਗਈ।

ਇਸ ਤੋਂ ਬਾਅਦ ਉਹ ਸਫਲਤਾ ਦੀਆਂ ਪੌੜੀਆਂ ਚੜ੍ਹਦੀ ਰਹੀ। ਉਸ ਦੀ ਖੂਬਸੂਰਤੀ ਦੀ ਹਰ ਪਾਸੇ ਚਰਚਾ ਹੋਣ ਲੱਗੀ। ਉਸ ਨੇ 'ਗੁਲਾਮ-ਏ-ਮੁਸਤਫਾ', 'ਸ਼ੂਲ', 'ਜੰਗ', 'ਖੌਫ', 'ਅਕਸ', 'ਐੱਲ.ਓ.ਸੀ. ਕਾਰਗਿਲ', 'ਆਨ' ਵਰਗੀਆਂ ਫਿਲਮਾਂ ਵਿਚ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ। ਪਿਛਲੇ ਸਾਲ ਉਸ ਦੀ ਫਿਲਮ 'ਵੰਨ ਫਰਾਈਡੇ ਨਾਈਟ' ਰਿਲੀਜ਼ ਹੋਈ ਸੀ। ਅੱਜ ਕੱਲ੍ਹ ਉਹ 'ਵੈੱਲਕਮ ਟੂ ਦਿ ਜੰਗਲ' ਅਤੇ 'ਘੁੜਚੜ੍ਹੀ' ਫਿਲਮਾਂ ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ।




# ਫਿਲਮਸਾਜ਼ ਸੰਜੈ ਲੀਲਾ ਭੰਸਾਲੀ ਦੀ 'ਹੀਰਾ ਮੰਡੀ'

**ਕੁਦਰਤ ਕੌਰ**

ਫਿਲਮ ਨਿਰਮਾਤਾ ਸੰਜੈ ਲੀਲਾ ਭੰਸਾਲੀ ਦੀ ਵੈੱਬ ਸੀਰੀਜ਼ 'ਹੀਰਾ ਮੰਡੀ: ਦਿ ਡਾਇਮੰਡ ਬਾਜ਼ਾਰ' ਦਾ ਪ੍ਰੀਮੀਅਰ ਪਹਿਲੀ ਮਈ ਨੂੰ ਨੈੱਟਫਲਿਕਸ 'ਤੇ ਹੋਵੇਗਾ। ਸੰਜੈ ਲੀਲਾ ਭੰਸਾਲੀ ਇਸ ਵੈੱਬ ਸੀਰੀਜ਼ ਜ਼ਰੀਏ ਡਿਜੀਟਲ ਪਲੇਟਫਾਰਮ 'ਤੇ ਸ਼ੁਰੂਆਤ ਕਰ ਰਹੇ ਹਨ। ਦੱਖਣੀ ਮੁੰਬਈ ਵਿਚਲੇ ਮਹਾਲਕਸ਼ਮੀ ਰੇਸ ਕੋਰਸ ਵਿਚ ਡਰੋਨ ਲਾਈਟ ਸ਼ੋਅ ਦੌਰਾਨ ਉਨ੍ਹਾਂ ਵੈੱਬ ਸੀਰੀਜ਼ ਦੇ ਪ੍ਰੀਮੀਅਰ ਸ਼ੋਅ ਦੀ ਤਰੀਕ ਦਾ ਐਲਾਨ ਕੀਤਾ। ਇਸ ਮੌਕੇ ਵੈੱਬ ਸੀਰੀਜ਼ ਦੀ ਸਟਾਰ ਕਾਸਟ ਸਮੇਤ ਮਨੀਸ਼ਾ ਕੋਇਰਾਲਾ, ਸੋਨਾਕਸ਼ੀ ਸਿਨਹਾ, ਰਿਚਾ ਚੱਢਾ, ਸ਼ਰਮਿਨ ਸੇਗਲ, ਸੰਜੀਦਾ ਸ਼ੇਖ, ਭੰਸਾਲੀ ਪ੍ਰੋਡਕਸ਼ਨ ਦੀ ਸੀਈਓ ਪ੍ਰੇਰਨਾ ਸਿੰਘ ਅਤੇ ਨੈੱਟਫਲਿਕਸ ਇੰਡੀਆ ਦੀ ਸੀਰੀਜ਼ ਡਾਇਰੈਕਟਰ ਤਾਨਿਆ ਬਾਮੀ ਹਾਜ਼ਰ ਸਨ।

ਭੰਸਾਲੀ ਨੇ ਕਿਹਾ, "ਮੈਂ 'ਹੀਰਾ ਮੰਡੀ: ਦਿ ਡਾਇਮੰਡ ਬਾਜ਼ਾਰ' ਦੀ ਦੁਨੀਆ ਨੂੰ ਨੈੱਟਫਲਿਕਸ 'ਤੇ ਲਿਆਉਣ ਲਈ ਟੀਮ ਦਾ ਧੰਨਵਾਦੀ ਹਾਂ ਜਿਨ੍ਹਾਂ ਦੇ ਜਨੂੰਨ ਅਤੇ ਸਮਰਪਣ ਭਾਵਨਾ ਸਦਕਾ ਇਹ ਸੰਭਵ ਹੋਇਆ।" ਅਦਾਕਾਰਾ ਸੋਨਾਕਸ਼ੀ ਸਿਨਹਾ ਨੇ ਕਿਹਾ, "ਸੰਜੈ ਸਰ ਅਤੇ ਮੈਂ ਕਈ ਸਾਲਾਂ ਤੋਂ ਮਿਲ ਕੇ ਕੰਮ ਕਰ ਰਹੇ ਹਾਂ, ਮੈਨੂੰ ਖੁਸ਼ੀ ਹੈ ਕਿ ਇਹ ਹੀਰਾ ਮੰਡੀ ਨਾਲ ਸੰਭਵ ਹੋਇਆ ਹੈ। ਉਹ ਜਿਸ ਤਰੀਕੇ ਨਾਲ ਔਰਤ ਨੂੰ ਪਰਦੇ 'ਤੇ ਪੇਸ਼ ਕਰਦੇ ਹਨ, ਅਜਿਹਾ ਦੂਜਾ ਕੋਈ ਨਹੀਂ ਕਰ ਸਕਦਾ। ਉਨ੍ਹਾਂ ਦਾ ਵੱਖਰਾ ਨਜ਼ਰੀਆ ਹੁੰਦਾ ਹੈ।" ਇਸ ਵੈੱਬ ਸੀਰੀਜ਼ ਵਿਚ ਸੋਨਾਕਸ਼ੀ ਸਿਨਹਾ ਫਰੀਦਾਂ ਦੀ ਭੂਮਿਕਾ ਨਿਭਾਅ ਰਹੀ ਹੈ। ਉਸ ਨੇ ਇੰਸਟਾਗ੍ਰਾਮ 'ਤੇ ਫਰੀਦਾਂ ਦੀ ਝਲਕ ਵੀ ਪੇਸ਼ ਕੀਤੀ।





***ਵੈੱਬ ਸੀਰੀਜ਼ 'ਹੀਰਾ ਮੰਡੀ' ਦਾ ਪੋਸਟਰ ਅਤੇ (ਸੱਜੇ) ਵੈੱਬ ਸੀਰੀਜ਼ ਦਾ ਡਾਇਰੈਕਟਰ ਸੰਜੈ ਲੀਲਾ ਭੰਸਾਲੀ।***

'ਹੀਰਾ ਮੰਡੀ' ਬਣਾਉਣ ਬਾਰੇ ਐਲਾਨ ਅਪਰੈਲ 2021 ਵਿਚ ਕੀਤਾ ਗਿਆ ਸੀ। ਕਿਹਾ ਜਾ ਰਿਹਾ ਹੈ ਕਿ ਸੰਜੈ ਲੀਲਾ ਭੰਸਾਲੀ ਨੇ ਇਸ ਪ੍ਰੋਜੈਕਟ ਬਾਰੇ 14 ਸਾਲ ਪਹਿਲਾਂ ਸੋਚਣਾ ਸ਼ੁਰੂ ਕੀਤਾ ਸੀ। ਇਹ ਸੀਰੀਜ਼ ਹੁਣ 8 ਭਾਗਾਂ ਵਿਚ ਦਿਖਾਈ ਜਾਵੇਗੀ। ਇਸ ਸੀਰੀਜ਼ ਦੀ ਸ਼ੂਟਿੰਗ ਜੂਨ 2022 ਵਿਚ ਆਰੰਭ ਹੋ ਗਈ ਸੀ ਪਰ ਇਸ ਬਾਰੇ ਮੀਡੀਆ ਨੂੰ ਖਬਰ ਪਿਛਲੇ ਸਾਲ ਜੂਨ ਵਿਚ ਹੀ ਦਿੱਤੀ ਗਈ। 'ਬੌਲੀਵੁੱਡ ਹੰਗਾਮਾ' ਨੇ ਰਿਪੋਰਟ ਕੀਤਾ ਹੈ ਕਿ ਇਸ ਸੀਰੀਜ਼ ਦਾ ਪਾਇਲਟ ਐਪੀਸੋਡ ਖੁਦ ਸੰਜੈ ਲੀਲਾ ਭੰਸਾਲੀ ਨੇ ਨਿਰਦੇਸ਼ਤ ਕੀਤਾ ਹੈ; ਬਾਕੀ ਸਾਰੇ ਐਪੀਸੋਡ ਮਿਤਕਸ਼ਾਰਾ ਕੁਮਾਰ ਦੀ ਨਿਰਦੇਸ਼ਨਾ ਹੇਠ ਬਣੇ ਹਨ। ਉਸ ਨੇ ਸੰਜੈ ਲੀਲਾ ਭੰਸਾਲੀ ਨਾਲ 'ਬਾਜੀਰਾਓ ਮਸਤਾਨੀ' ਅਤੇ 'ਪਦਮਾਵਤ' ਫਿਲਮਾਂ ਵਿਚ ਬਤੌਰ ਅਸਿਸਟੈਂਟ ਡਾਇਰੈਕਟਰ ਕੰਮ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਸੰਜੈ ਲੀਲਾ ਭੰਸਾਲੀ ਦਾ ਇਹ ਵਿਸ਼ਾਲ ਪ੍ਰੋਜੈਕਟ 'ਮਦਰ ਇੰਡੀਆ' (1957), 'ਮੁਗਲੇ-ਏ-ਆਜ਼ਮ' (1960) ਅਤੇ 'ਪਾਕੀਜ਼ਾ' (1972) ਫਿਲਮਾਂ ਨੂੰ ਸਮਰਪਤ ਕੀਤਾ ਗਿਆ ਹੈ।

ਇਸ ਸੀਰੀਜ਼ ਦਾ ਟੀਜ਼ਰ ਫਰਵਰੀ ਮਹੀਨੇ ਰਿਲੀਜ਼ ਕੀਤਾ ਗਿਆ ਅਤੇ ਇਹ ਸੀਰੀਜ਼ ਹੁਣ ਪਹਿਲੀ ਮਈ ਨੂੰ ਨੈੱਟਫਲਿਕਸ 'ਤੇ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਸੀਰੀਜ਼ ਦੀ ਕਹਾਣੀ ਦਾ ਸਮਾਂ 1940ਵਿਆਂ ਦਾ ਹੈ ਜਦੋਂ ਹਿੰਦੁਸਤਾਨ ਵਿਚ ਆਜ਼ਾਦੀ ਦੀ ਲਹਿਰ ਪ੍ਰਚੰਡ ਰੂਪ ਵਿਚ ਚੱਲ ਰਹੀ ਸੀ। ਇਹ ਸੀਰੀਜ਼ ਲਾਹੌਰ ਦੀ ਹੀਰਾ ਮੰਡੀ ਨਾਲ ਸਬੰਧਿਤ ਤਵਾਇਫਾਂ ਦੀ ਜ਼ਿੰਦਗੀ 'ਤੇ ਆਧਾਰਿਤ ਹੈ।

ਸੰਜੈ ਲੀਲਾ ਭੰਸਾਲੀ ਵੱਡੀਆਂ ਅਤੇ ਵਿਰਾਟ ਫਿਲਮਾਂ ਬਣਾਉਣ ਲਈ ਮਸ਼ਹੂਰ ਹਨ। ਇਸ ਪੱਖੋਂ ਉਸ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਉਹ 'ਖਾਮੋਸ਼ੀ', 'ਦੇਵਦਾਸ', 'ਬਲੈਕ', 'ਸਾਂਵਰੀਆ', 'ਗੋਲੀਓਂ ਕੀ ਰਾਸਲੀਲਾ: ਰਾਮਲੀਲਾ', 'ਮੇਰੀ ਕੌਮ', 'ਬਾਜੀਰਾਓ ਮਸਤਾਨੀ', 'ਲਾਲ ਇਸ਼ਕ', 'ਪਦਮਾਵਤ', 'ਗੰਗੂਬਾਈ ਕਾਠੀਆਵਾੜੀ' ਵਰਗੀਆਂ ਫਿਲਮਾਂ ਬਣਾ ਚੁੱਕੇ ਹਨ। ਆਪਣੇ ਉਮਦਾ ਕੰਮ ਕਰ ਕੇ ਉਸ ਦੀਆਂ ਫਿਲਮਾਂ 7 ਵਾਰ ਕੌਮੀ ਅਤੇ 12 ਵਾਰ ਫਿਲਮਫੇਅਰ ਇਨਾਮ ਜਿੱਤ ਚੁੱਕੀਆਂ ਹਨ। ਇਨ੍ਹਾਂ ਵਿਚੋਂ 5 ਵਾਰ ਤਾਂ ਉਹ ਸਰਵੋਤਮ ਡਾਇਰੈਕਟਰ ਦਾ ਫਿਲਮਫੇਅਰ ਇਨਾਮ ਜਿੱਤ ਚੁੱਕੇ ਹਨ। ਸਾਲ 2015 ਵਿਚ ਭਾਰਤ ਸਰਕਾਰ ਨੇ ਉਸ ਨੂੰ ਪਦਮ ਸ੍ਰੀ ਖਿਤਾਬ ਨਾਲ ਨਵਾਜ਼ਿਆ।

ਬਤੌਰ ਡਾਇਰੈਕਟਰ 'ਖਾਮੋਸ਼ੀ' ਸੰਜੈ ਲੀਲਾ ਭੰਸਾਲੀ ਦੀ ਪਹਿਲੀ ਫਿਲਮ ਸੀ। ਇਹ ਫਿਲਮ 1996 ਵਿਚ ਆਈ ਸੀ ਅਤੇ ਇਸ ਫਿਲਮ ਵਿਚ ਮਨੀਸ਼ਾ ਕੋਇਰਾਲਾ, ਨਾਨਾ ਪਾਟੇਕਰ, ਸਲਮਾਨ ਖਾਨ, ਸੀਮਾ ਬਿਸਵਾਸ, ਹੈਲਨ, ਰਘੁਬੀਰ ਯਾਦਵ ਆਦਿ ਅਦਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਸਨ ਅਤੇ ਇਸ ਫਿਲਮ ਦੀ ਖੂਬ ਚਰਚਾ ਹੋਈ ਸੀ।

ੴ ਸਤਿਗੁਰ ਪ੍ਰਸਾਦਿ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

# ਸਮੂਹ ਪੰਜਾਬੀ ਭਾਈਚਾਰੇ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਲੱਖ-ਲੱਖ ਵਧਾਈ

1699 ਦੀ ਵਿਸਾਖੀ ਮੌਕੇ ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਜਾਤ-ਪਾਤ ਦਾ ਭਿੰਨ-ਭੇਦ ਹੀ ਨਹੀਂ ਮਿਟਾਇਆ, ਸਗੋਂ ਇਕ-ਇਕ ਸਿੰਘ ਨੂੰ ਸਵਾ-ਸਵਾ ਲੱਖ ਨਾਲ ਲੜਨ ਦਾ ਬੱਲ ਵੀ ਬਖਸ਼ਿਆ।
ਸਿੰਘ ਸਜੋ ਗੁਰੂ ਵਾਲੇ ਬਣੋ।



ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ